# ਪੰਜ ਵਿਕਾਰ ਤੇ ਚਾਰ ਯੁਗ



ਗਿ. ਸੰਤ ਸਿੰਘ ਮਸਕੀਨ

Sri Satguru Jagjit Singh Ji eLibrary NamdhariElibrary@gmail.com

# ਪੰਜ ਵਿਕਾਰ ਤੇ ਚਾਰ ਯੁਗ

Sri Satguru Jagjit Singh Ji eLibrary NamdhariElibrary@gmail.com

ੴ ਸਤਿਗੁਰ ਪ੍ਰਸਾਦਿ॥

# ਪੰਜ ਵਿਕਾਰ ਤੇ ਚਾਰ ਯੁਗ

*ਲੇਖਕ :*

**ਗਿ: ਸੰਤ ਸਿੰਘ 'ਮਸਕੀਨ'**

*ਪ੍ਰਕਾਸ਼ਕ :*

**ਗੁਰ ਜੋਤੀ ਐਂਟਰਪ੍ਰਾਈਜ਼ਜ਼**

Sri Satguru Jagjit Singh Ji eLibrary NamdhariElibrary@gmail.com

PANJ VIKAR TE CHAR YUG

*by*

GIANI SANT SINGH "MASKEEN"

©

ਸਭ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ।
ਬਿਨਾਂ ਆਗਿਆ ਕੋਈ ਨਾ ਛਾਪੇ।

ਪਹਿਲੀ ਵਾਰ : ਫ਼ਰਵਰੀ 2001
ਦੂਜੀ ਵਾਰ : ਨਵੰਬਰ 2004
ਤੀਜੀ ਵਾਰ : ਜੁਲਾਈ 2005
ਚੌਥੀ ਵਾਰ : ਦਸੰਬਰ 2010

**ਮੁੱਲ : 55-00 ਰੁਪਏ**

*ਮਿਲਣ ਦੇ ਪਤੇ :*

**ਗੁਰ ਜੋਤੀ ਐਂਟਰਪ੍ਰਾਈਜ਼ਜ਼**

ਰੋਡ ਨੰ: 2, ਅਲਵਰ - 301 001
ਫ਼ੋਨ : 0144-2344312, 2331313

**ਸਿੰਘ ਬ੍ਰਦਰਜ਼**

•

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006

•

S.C.O. 223-24, ਸਿਟੀ ਸੈਂਟਰ, ਅੰਮ੍ਰਿਤਸਰ - 143 001
E-mail : singhbro@vsnl.com
Website : www.singhbrothers.com

*ਪ੍ਰਕਾਸ਼ਕ :*

ਗੁਰ ਜੋਤੀ ਐਂਟਰਪ੍ਰਾਈਜ਼ਜ਼
ਰੋਡ ਨੰ: 2, ਅਲਵਰ - 301 001
ਫ਼ੋਨ : 0144-2344312, 2331313
E-mail : gurjyoti@sancharnet.in

*ਪ੍ਰਿੰਟਰਜ਼ :*

ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

# ਤਤਕਰਾ


—ਦੋ ਸ਼ਬਦ 7

- ਕਾਮ 9
- ਕ੍ਰੋਧ 24
- ਲੋਭ 39
- ਮੋਹ 55
- ਅਹੰਕਾਰ 70
- ਚਾਰ ਯੁਗ 87


Sri Satguru Jagjit Singh Ji eLibrary NamdhariElibrary@gmail.com

# ਕਾਮ

**ਹੇ ਕਾਮੰ ਨਰਕ ਬਿਸ੍ਰਾਮੰ ਬਹੁ ਜੋਨੀ ਭ੍ਰਮਾਵਣਹ ॥**
**ਚਿਤ ਹਰਣੰ ਤ੍ਰੈ ਲੋਕ ਗੰਮ੍ਯੰ ਜਪ ਤਪ ਸੀਲ ਬਿਦਾਰਣਹ ॥**
**ਅਲਪ ਸੁਖ ਅਵਿਤ ਚੰਚਲ ਊਚ ਨੀਚ ਸਮਾਵਣਹ ॥**
**ਤਵ ਭੈ ਬਿਮੁੰਚਿਤ ਸਾਧ ਸੰਗਮ ਓਟ ਨਾਨਕ ਨਾਰਾਇਣਹ ॥**

*(ਸਲੋਕ ਸਹਸਕ੍ਰਿਤੀ ਮ: ੫, ਪੰਨਾ 1358)*

ਧਾਰਮਿਕ ਦੁਨੀਆ ਵਿਚ ਕਾਮ ਇਕ ਐਸਾ ਵਿਸ਼ਾ ਹੈ, ਇਕ ਐਸਾ ਪ੍ਰਕਰਣ ਹੈ, ਇਕ ਐਸਾ ਅਛੂਤਾ ਮਜ਼ਮੂਨ ਹੈ, ਜਿਸ 'ਤੇ ਬਹੁ-ਪੱਖੀ ਵਿਚਾਰ ਜੇ ਕਿਧਰੇ ਹੋਈ ਵੀ ਹੈ ਤਾਂ ਦੱਬੇ ਹੋਏ ਅਲਫ਼ਾਜ਼ ਵਿਚ, ਖੁੱਲ੍ਹੇ ਸ਼ਬਦਾਂ ਵਿਚ ਨਹੀਂ। ਪਰ ਉਸ ਦਾ ਵੀ ਇਕ ਕਾਰਨ ਦਿਖਾਈ ਦਿੰਦਾ ਹੈ। ਮਨੁੱਖ ਦਾ ਲੋਭ ਬਾਹਰ ਪ੍ਰਗਟ ਹੁੰਦਾ ਹੈ। ਬਾਹਰ ਦਾ ਉਪ-ਲਕਸ਼, ਧਨ ਦੀ ਪਕੜ, ਪਦਾਰਥਾਂ ਦੀ ਪਕੜ ਔਰ ਉਸ ਲਈ ਭੱਜ ਦੌੜ ਦਿਖਾਈ ਦਿੰਦੀ ਹੈ। ਕ੍ਰੋਧਾਤਰ ਮਨੁੱਖ ਦਾ ਕ੍ਰੋਧ ਵੀ ਇਕ ਐਸਾ ਕ੍ਰੋਧ ਹੈ, ਜੋ ਬਾਹਰ ਜਦ ਕਿਸੇ 'ਤੇ ਪ੍ਰਗਟ ਹੁੰਦਾ ਹੈ ਤਾਂ ਦਿਖਾਈ ਦਿੰਦਾ ਹੈ ਕਿ ਇਹ ਇਸ ਵਕਤ ਕ੍ਰੋਧ ਵਿਚ ਜੀਅ ਰਿਹਾ ਹੈ, ਔਰ ਆਦਿ ਕਾਲ ਤੋਂ ਬੋਲਾਂ ਦੇ ਰਾਹੀਂ, ਤਰ੍ਹਾਂ ਤਰ੍ਹਾਂ ਦੀ ਕ੍ਰਿਤ ਰਾਹੀਂ ਪ੍ਰਗਟ ਹੋ ਜਾਂਦਾ ਰਿਹਾ ਹੈ। ਦ੍ਰਿਸ਼ਟਮਾਨ ਕਾਮ ਇਕ ਅੰਦਰੂਨੀ ਵੇਗ ਹੈ, ਇਕ ਅੰਦਰੂਨੀ ਬਿਰਤੀ ਹੈ, ਅੰਦਰ ਦਾ ਇਕ ਉਛਾਲ ਹੈ। ਸ਼ਾਇਦ ਇਹ ਕ੍ਰਿਤ ਵੀ ਅੰਦਰੂਨੀ ਬਣ ਗਈ ਹੈ, ਔਰ ਪਰਦੇ ਵਿਚ ਬਣਦੀ ਹੈ। ਕ੍ਰੋਧ ਕ੍ਰਿਤ ਪ੍ਰਗਟ ਹੈ, ਲੋਭ ਕ੍ਰਿਤ ਪ੍ਰਗਟ ਹੈ, ਅਹੰਕਾਰ ਪ੍ਰਦਰਸ਼ਿਤ ਹੁੰਦਾ ਹੈ, ਲੇਕਿਨ ਕਾਮ ਪਰਦੇ ਵਿਚ ਹੁੰਦਾ ਹੈ, ਛੁਪ ਕੇ। ਇਸ ਕ੍ਰਿਤ ਨੂੰ ਸਭ ਤੋਂ ਛੁਪਾਇਆ ਜਾਂਦਾ ਹੈ, ਹਰ ਇਕ ਤੋਂ ਛੁਪਾਇਆ ਜਾਂਦਾ ਹੈ, ਸ਼ਾਇਦ ਇਸੇ ਵਾਸਤੇ ਕਾਮ ਦੀ ਖੁੱਲ੍ਹ ਕੇ ਕੋਈ ਚਰਚਾ ਨਹੀਂ ਹੁੰਦੀ। ਇਸ ਦੇ ਸੰਬੰਧ ਵਿਚ ਮਹਾਂਪੁਰਸ਼ਾਂ ਨੇ ਖੁੱਲ੍ਹ ਕੇ ਕੋਈ ਲਿਖਿਆ ਵੀ ਨਹੀਂ। ਲਿਖੇ ਹੋਏ ਗ੍ਰੰਥ ਮਿਲਦੇ ਨੇ ਲੋਭ 'ਤੇ, ਕ੍ਰੋਧ 'ਤੇ, ਅਹੰਕਾਰ 'ਤੇ, ਮੋਹ 'ਤੇ, ਲੇਕਿਨ ਇਹ ਵਿਸ਼ਾ ਬੜੇ ਬੜੇ ਸਤਿ ਪੁਰਸ਼ਾਂ ਦੀ ਕਲਮ ਤੋਂ ਵੀ ਅਛੂਤਾ ਰਿਹਾ ਹੈ ਔਰ ਮੂਲ ਕਾਰਨ ਏਹੀ ਦਿਖਾਈ ਦਿੰਦਾ ਹੈ। ਕਾਮ ਕ੍ਰਿਤ ਮਨੁੱਖ ਸ਼ਰੇਆਮ ਨਹੀਂ ਕਰਦਾ। ਇਹ ਗੱਲ ਵੱਖਰੀ ਹੈ ਕਿ ਪਸ਼ੂ ਸ਼ਰੇਆਮ ਕਰਦਾ ਹੈ,



Sri Satguru Jagjit Singh Ji eLibrary NamdhariElibrary@gmail.com

ਪੰਛੀ ਸ਼ਰੇਆਮ ਕਰਦੇ ਹਨ ਔਰ ਇਸ ਕ੍ਰਿਤ ਨੂੰ ਦਿਨ ਦੇ ਵਿਚ ਕਰਦੇ ਨੇ, ਜਦ ਕਿ ਮਨੁੱਖ ਨੇ ਇਸ ਕ੍ਰਿਤ ਨੂੰ ਰਾਤ ਲਈ ਚੁਣਿਆ ਹੈ—ਪਰਦੇ ਵਿਚ, ਰਾਤ ਦੇ ਪਰਦੇ ਵਿਚ, ਛੁਪ ਕੇ, ਰਾਤ ਦੇ ਅੰਧਕਾਰ ਵਿਚ। ਏਹੀ ਕਾਰਨ ਹੈ ਇਸਦੀ ਵਿਚਾਰ ਜੇ ਕਿਧਰੇ ਹੋਈ ਵੀ ਹੋਵੇ ਤਾਂ ਬਹੁਤ ਤਾਰੀਕੀ ਵਿਚ ਔਰ ਪਰਦੇ ਵਿਚ ਛਿਪ ਛਿਪ ਕੇ ਹੋਈ ਹੈ। ਕ੍ਰੋਧ ਦੀ ਚਰਚਾ ਮਨੁੱਖ ਸ਼ਰੇਆਮ ਕਰਦਾ ਹੈ, ਅਹੰਕਾਰ ਦੀ ਗੱਲ ਵੀ ਸ਼ਰੇਆਮ ਕਰਦਾ ਹੈ। ਬਹਿਸ ਮੁਬਾਹਸੇ ਵਿਚ ਮੋਹ ਦਾ ਜ਼ਿਕਰ ਆਮ ਚਲਦਾ ਹੈ, ਲੇਕਿਨ ਕਾਮ, ਇਸ ਦੀ ਵਿਚਾਰਧਾਰਾ, ਇਸ ਦੀ ਚਰਚਾ, ਇਸ ਬਾਰੇ ਬਹਿਸ ਮੁਬਾਹਸਾ ਕਰਨ ਨੂੰ ਵੀ ਮਨੁੱਖ ਕਿਸੇ ਵਿਸ਼ੇਸ਼ ਥਾਂ ਨੂੰ ਚੁਣਦਾ ਹੈ ਔਰ ਵਿਸ਼ੇਸ਼ ਵਿਅਕਤੀ ਨੂੰ ਚੁਣਦਾ ਹੈ ਔਰ ਹਰ ਇਕ ਦੇ ਸਾਹਮਣੇ ਇਸ ਦੀ ਚਰਚਾ ਕਰਨ ਲੱਗਿਆਂ ਸੰਕੋਚ ਕਰਦਾ ਹੈ। ਏਹੀ ਕਾਰਨ ਹੈ ਕਿ ਚਾਹੇ ਰਾਜਨੀਤਿਕ ਦੁਨੀਆ ਹੈ, ਚਾਹੇ ਸਮਾਜਿਕ ਦੁਨੀਆ ਹੈ, ਚਾਹੇ ਧਾਰਮਿਕ ਦੁਨੀਆ ਹੈ, ਹਰ ਵਿਸ਼ੇ 'ਤੇ ਵਿਚਾਰ ਕਰ ਲਈਏ, ਏਹੀ ਇਕ ਵਿਸ਼ਾ ਹੈ, ਜੋ ਅਛੂਤਾ ਰਹਿ ਗਿਆ ਹੈ। ਜੇ ਪੁਰਾਤਨ ਰਿਸ਼ੀਆਂ ਨੇ ਜੈਸੇ ਕਿ ਵਾਤਿਸਾਇਨ ਯਾ ਕੋਕਾ ਪੰਡਿਤ ਇਤਿਆਦਿਕ ਨੇ ਕਾਮ ਸੂਤਰ ਲਿਖੇ ਵੀ ਹਨ ਤਾਂ ਇਹ ਕੋਈ ਬਹੁਤ ਸਾਰੇ ਗ੍ਰੰਥ ਨਹੀਂ, ਥੋੜ੍ਹੇ ਨੇ। ਹੈਰਾਨਗੀ ਦੀ ਗੱਲ ਇਹ ਹੈ ਕਿ ਇਨ੍ਹਾਂ ਮਹਾਂਪੁਰਸ਼ਾਂ ਨੇ ਵੀ ਜੋ ਕੁਛ ਲਿਖਿਆ ਹੈ, ਸਿਰਫ਼ ਕਾਮ ਕ੍ਰਿਤ ਨੂੰ ਕਿਵੇਂ ਪ੍ਰਗਟ ਕਰਨਾ ਹੈ, ਕਿਵੇਂ ਪ੍ਰਯੋਗ ਕਰਨਾ ਹੈ, ਇਹੋ ਕੁਛ ਹੀ ਲਿਖਿਆ ਹੈ। ਕੋਈ ਮਹਾਂਪੁਰਸ਼ ਇਹ ਹੀ ਲਿਖੇ ਕਿ ਭੋਗ ਕਿਵੇਂ ਕਰਨਾ ਹੈ, ਇਸ ਨੂੰ ਕਿਵੇਂ ਪ੍ਰਗਟ ਕਰਨਾ ਹੈ, ਤਾਂ ਇਕ ਗੱਲ ਸਪੱਸ਼ਟ ਹੈ ਕਿ ਇਹ ਕੋਈ ਮਹਾਂਪੁਰਸ਼ ਨਹੀਂ ਹੈ। ਅਗਰ ਕੋਈ ਅਹੰਕਾਰ ਦੀ ਵਿਆਖਿਆ ਇਸ ਢੰਗ ਨਾਲ ਕਰੇ ਕਿ ਕਿਵੇਂ ਅਹੰਕਾਰੀ ਬਣੀਦਾ ਹੈ ਤੇ ਕਿਵੇਂ ਅਹੰਕਾਰ ਨੂੰ ਪ੍ਰਦਰਸ਼ਿਤ ਕਰੀਦਾ ਏ ਔਰ ਹੰਕਾਰ ਪ੍ਰਗਟ ਕਰਨ ਦੇ ਢੰਗ ਦੱਸੇ, ਉਕਸਾਹਟ ਦੇ ਢੰਗ ਦੱਸੇ, ਇਹ ਵਿਚਾਰ, ਇਹ ਲੇਖਣੀ ਕੋਈ ਮਹਾਨ ਲੇਖਣੀ ਨਹੀਂ ਹੈ ਔਰ ਇਸ ਸੰਬੰਧ ਵਿਚ ਕੋਈ ਲਿਖੇ ਕਿ ਲੋਭੀ ਕਿਵੇਂ ਬਣੀਦਾ ਹੈ ਔਰ ਲੋਭ ਨੂੰ ਕਿਵੇਂ ਪ੍ਰਗਟ ਕਰੀਦੈ, ਤਾਂ ਇਹ ਗੱਲ ਸਪੱਸ਼ਟ ਹੋਵੇਗੀ ਕਿ ਇਹ ਕੋਈ ਲੋਭੀ ਹੈ। ਇਸ ਵਾਸਤੇ ਐਸਾ ਜਾਪਦਾ ਹੈ ਕਿ ਵਾਤਿਸਾਇਨ ਯਾ ਕੋਕਾ ਪੰਡਿਤ ਨੇ ਜੋ ਕਾਮ ਸੂਤਰ ਲਿਖੇ ਨੇ, ਕਾਮ ਉਭਾਰਨ ਲਈ, ਕਾਮ ਪ੍ਰਦਰਸ਼ਿਤ ਕਰਨ ਲਈ ਕਿ ਕਾਮੀ ਕਿਵੇਂ ਬਣੀਦੈ ਔਰ ਕਾਮ ਨੂੰ ਕਿਵੇਂ ਪ੍ਰਦਰਸ਼ਿਤ ਕਰੀਦੈ, ਭਾਰਤੀ ਗ੍ਰੰਥਾਂ ਦੀ ਕੋਟੀ ਵਿਚ ਕੋਈ ਵੀ ਦਰਜਾ ਪ੍ਰਾਪਤ ਨਹੀਂ ਕਰ ਸਕੇ। ਉਹ ਕਾਮੀਆਂ ਦੀ ਲੇਖਣੀ ਬਣ ਕੇ ਰਹਿ ਗਏ, ਕਾਮੀਆਂ ਦੇ ਪੜ੍ਹਨ ਯੋਗ ਰਹਿ ਗਏ। ਵਾਸ਼ਨਾ ਵਿਚ ਗ੍ਰਸੇ ਮਨੁੱਖਾਂ ਦੀ ਵਾਸ਼ਨਾ ਉਜਾਗਰ ਕਰਨ ਲਈ ਹੀ ਉਹਨਾਂ ਨੂੰ ਪੜ੍ਹਨਾ ਪੜ੍ਹਾਉਣਾ



Sri Satguru Jagjit Singh Ji eLibrary NamdhariElibrary@gmail.com

ਸ਼ੁਰੂ ਕੀਤਾ ਗਿਆ ਸੀ। ਇਹ ਹੀ ਕਾਰਨ ਹੈ ਕਿ ਧਰਮ ਦੀ ਦੁਨੀਆ ਵਿਚ ਔਰ ਸਮਾਜਿਕ ਦੁਨੀਆ ਵਿਚ ਇਹ ਗ੍ਰੰਥ ਪ੍ਰਤਿਸ਼ਠਾ ਨਹੀਂ ਪਾ ਸਕੇ। ਇਸ ਅਛੂਤੇ ਵਿਸ਼ੇ ਨੂੰ ਧੰਨ ਗੁਰੂ ਨਾਨਕ ਦੇਵ ਜੀ ਔਰ ਗੁਰੂ ਅਰਜਨ ਦੇਵ ਜੀ ਨੇ ਬਾਕਾਇਦਾ ਛੂਹਿਆ ਹੈ, ਆਪਣੇ ਵਿਚਾਰਾਂ ਵਿਚ ਥਾਂ ਦਿੱਤੀ ਹੈ। ਇਹ ਤਾਂ ਠੀਕ ਹੈ ਕਿ ਜਨਮ ਦੀ ਕਿਰਿਆ ਕਾਮ-ਆਸ਼ਰਿਤ ਹੈ, ਜੇਕਰ ਕਾਮ ਬੰਦ ਹੋ ਜਾਏ, ਕਾਮ ਚੱਲੇ ਹੀ ਨਾ ਤਾਂ ਜਨਮ ਬੰਦ ਹੋ ਜਾਏਗਾ। ਜਨਮ ਕਾਮ ਹੈ, ਕਾਮ ਜੀਵਨ ਦਾ ਬੀਮਾ ਹੈ। ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਇਸ ਦੀ ਜੋ ਵਿਆਖਿਆ ਕਰ ਰਹੇ ਨੇ, ਆਪਣੇ ਪਾਵਨ ਸ਼ਬਦਾਂ ਵਿਚ ਜੋ ਥਾਂ ਦਿੱਤੀ ਹੈ, ਮਹਿਜ਼ ਇਸ ਲਈ ਕਿ ਜੈਸੇ ਅਧਿਕ ਮਾਤਰਾ ਵਿਚ ਖਾਧਾ ਹੋਇਆ ਭੋਜਨ ਅੰਮ੍ਰਿਤ ਦੀ ਥਾਂ ਜ਼ਹਿਰ ਬਣ ਜਾਂਦਾ ਹੈ, ਤੰਦਰੁਸਤੀ ਦੀ ਥਾਂ 'ਤੇ ਰੋਗ ਪੈਦਾ ਕਰਦਾ ਹੈ, ਇਸ ਤਰ੍ਹਾਂ ਅਸੀਮ ਕਾਮ, ਜੀਵਨ ਨੂੰ ਵਿਕਸਤ ਨਹੀਂ ਕਰਦਾ, ਬਲਕਿ ਜੀਵਨ ਨੂੰ ਭ੍ਰਿਸ਼ਟ ਕਰਦਾ ਹੈ। ਤਰਾਂਜਲੀ ਵਿਚ ਲੈ ਜਾਂਦਾ ਹੈ ਔਰ ਏਹੀ ਬਾਰ ਬਾਰ ਦੇ ਜਨਮ ਦਾ ਕਾਰਨ ਬਣਦਾ ਹੈ। ਸ਼ਾਇਦ ਇਸੇ ਵਾਸਤੇ ਹੀ ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਫ਼ੁਰਮਾਨ ਕਰ ਰਹੇ ਹਨ ਕਿ ਕਾਮ ਅਨੰਤ ਜੂਨਾਂ ਵਿਚ ਪਾਉਣ ਦਾ ਕਾਰਨ ਹੈ। ਜੀਵਨ ਭਟਕਦਾ ਰਹਿੰਦਾ ਹੈ ਅਨੰਤ ਜਨਮਾਂ ਤਕ। ਸਾਹਿਬ ਫ਼ੁਰਮਾਨ ਕਰਦੇ ਨੇ "ਹੇ ਕਾਮੰ ਨਰਕ ਬਿਸ੍ਰਾਮੰ ਬਹੁ ਜੋਨੀ ਭ੍ਰਮਾਵਣਹ॥" ਇਸ ਦੀ ਮੂਲ ਵਿਆਖਿਆ ਤਾਂ ਇੰਜ ਬਣਦੀ ਹੈ ਕਿ ਜਦ ਜਨਮ ਹੀ ਕਾਮ ਤੋਂ ਹੋਇਐ, ਤੋ ਕਾਮ ਦੀ ਅੰਸ਼ ਜੀਵਨ ਵਿਚ ਲਾਜ਼ਮੀ ਹੋਵੇਗੀ। ਜੈਸੇ ਮਾਂ-ਬਾਪ ਤੋਂ ਸਰੀਰ ਆਇਐ, ਤੋ ਸਰੀਰ ਦੇ ਵਿਚ ਮਾਂ ਬਾਪ ਦੀ ਅੰਸ਼ ਮੌਜੂਦ ਹੈ "ਮਾ ਕੀ ਰਕਤੁ ਪਿਤਾ ਬਿਦੁ ਧਾਰਾ"। ਪਾਤਸ਼ਾਹ ਇੰਜ ਵੀ ਫ਼ੁਰਮਾਨ ਕਰਦੇ ਨੇ :

**ਪਾਨੀ ਮੈਲਾ ਮਾਟੀ ਗੋਰੀ॥**
**ਇਸ ਮਾਟੀ ਕੀ ਪੁਤਰੀ ਜੋਰੀ॥** *(ਗਉੜੀ ਕਬੀਰ ਜੀ, ਪੰਨਾ 336)*

ਪਿਤਾ ਦਾ ਮੈਲਾ ਪਾਣੀ, ਮਾਂ ਦੀ ਲਾਲ ਮਿੱਟੀ, "ਮਾਟੀ ਗੋਰੀ", ਲਾਲ ਮਿੱਟੀ। "ਇਸ ਮਾਟੀ ਕੀ ਪੁਤਰੀ ਜੋਰੀ।" ਇਹ ਗੋਰੀ ਲਾਲ ਮਿੱਟੀ ਤੇ ਮੈਲਾ ਪਾਣੀ, ਇਨ੍ਹਾਂ ਦੇ ਸਹਿਯੋਗ ਨਾਲ ਇਹ ਮਨੁੱਖੀ ਪੁਤਲਾ ਬਣਿਆ। ਮਿੱਟੀ ਤੇ ਪਾਣੀ ਦਾ ਮੰਥਨ ਕੀਤਾ ਇਕ ਵੇਗ ਨੇ। ਇਸ ਦਾ ਨਾਮ ਹੈ ਕਾਮ। ਇਸ ਵੇਗ ਨੇ ਮਿੱਟੀ ਤੇ ਪਾਣੀ ਨੂੰ ਜੋੜਿਆ। ਇਸ ਪੁਤਲੇ ਵਿਚ ਮਿੱਟੀ ਹੈ, ਪਾਣੀ ਹੈ ਔਰ ਵੇਗ ਵੀ ਹੈ, ਮਾਂ ਦਾ ਖ਼ੂਨ ਵੀ ਹੈ, ਪਿਤਾ ਦਾ ਬਿੰਦ ਵੀ ਹੈ ਇਸ ਕਾਇਆ ਵਿਚ। ਲੇਕਿਨ ਕਾਮ ਦਾ ਵੇਗ ਵੀ ਹੈ, ਜਨਮ ਤੋਂ। ਇਸ ਬਿੰਦ ਨੂੰ, ਇਸ ਖ਼ੂਨ ਨੂੰ ਅਸੀਂ ਕਾਇਆ ਵਿੱਚੋਂ ਕੱਢ ਨਹੀਂ ਸਕਦੇ ਤੇ ਜਿਥੇ ਇਸ ਬਿੰਦ ਨੂੰ, ਇਸ



Sri Satguru Jagjit Singh Ji eLibrary NamdhariElibrary@gmail.com

ਖ਼ੂਨ ਨੂੰ, ਇਸ ਕਾਇਆ ਵਿੱਚੋਂ ਕੱਢ ਨਹੀਂ ਸਕਦੇ ਉਥੇ ਕਾਮ ਨੂੰ ਵੀ ਨਹੀਂ ਕੱਢ ਸਕਦੇ। ਤੇ ਤਿੰਨਾਂ ਦੇ ਮਿਸ਼ਰਣ ਦੇ ਨਾਲ ਹੀ ਇਹ ਕਾਇਆ ਦਾ ਢਾਂਚਾ ਬਣਿਆ, ਇਹ ਪੁਤਲਾ ਬਣਿਆ। "ਪਾਨੀ ਮੈਲਾ ਮਾਟੀ ਗੋਰੀ॥ ਇਸ ਮਾਟੀ ਕੀ ਪੁਤਰੀ ਜੋਰੀ॥" ਬੜਾ ਸੁੰਦਰ ਇਹ ਪੁਤਲਾ ਬਣਿਆ। ਕਬੀਰ ਜੀ ਮਹਾਰਾਜ ਕਾਮ ਦੇ ਤਿਆਗ ਦਾ ਉਪਦੇਸ਼ ਨਹੀਂ ਦੇ ਰਹੇ। ਇਸ ਉਪਦੇਸ਼ ਵਿਚ ਕਾਮ ਦੇ ਪ੍ਰਤਿ ਸੰਜਮ ਹੈ। ਜੈਸੇ ਬਾਕਾਇਦਾ ਆਯੁਰਵੇਦ ਗ੍ਰੰਥ ਕਹਿੰਦੇ ਨੇ ਕਿ ਭੁੱਖ ਲੱਗੇ ਖਾਧਾ ਹੋਇਆ ਭੋਜਨ ਦਾਰੂ ਹੈ, ਔਸ਼ਧੀ ਹੈ, ਅੰਮ੍ਰਿਤ ਹੈ, ਪਰ ਭੁੱਖ ਨਹੀਂ, ਇਕ ਇਕ ਬੁਰਕੀ ਪਾਈ ਹੋਈ ਰੋਗ ਪੈਦਾ ਕਰੇਗੀ; ਸਰੀਰ ਦੀ ਲੋੜ ਨਹੀਂ, ਤੂੰ ਦੇ ਰਿਹਾ ਹੈਂ। ਕਾਮ ਦਾ ਵੇਗ ਸਰੀਰ ਦੀ ਅਧਿਕ ਸ਼ਕਤੀ ਹੈ ਜੋ ਸਰੀਰ ਵਿਚ ਨਹੀਂ ਸਮਾਅ ਸਕਦੀ, ਔਰ ਉਹ ਅਧਿਕ ਵੇਗ ਪ੍ਰਬਲ ਵਾਸ਼ਨਾ ਹੁੰਦੀ ਹੈ, ਜੋ ਕਾਮ ਬਣਦੀ ਹੈ। ਇਸ ਦਾ ਨਿਕਾਸ ਸਹੀ ਢੰਗ ਨਾਲ ਹੋ ਸਕੇ, ਸੰਜਮ-ਮਈ ਹੋ ਸਕੇ, ਬਾਕਾਇਦਾ ਸ਼ਿਖਸ਼ਾ ਹੈ, ਦਿਖਸ਼ਾ ਹੈ, ਮਰਯਾਦਾ ਬਣਾਈ ਹੋਈ ਹੈ। ਕਾਮ ਸਰੀਰ ਦਾ ਹਿੱਸਾ ਹੈ, ਸੋਚਣੀ ਦਾ ਨਹੀਂ। ਪਰ ਅੱਜ ਦੇ ਸਮੇਂ ਵਿਚ ਕਾਮ ਚਿੰਤਾ ਦਾ ਹਿੱਸਾ ਬਣ ਗਿਆ ਹੈ, ਕਾਮ ਸੋਚਣੀ ਦਾ ਹਿੱਸਾ ਬਣ ਗਿਆ ਹੈ। ਸਰੀਰ ਦੇ ਵਿਚ ਤਾਂ ਹੈ, ਇਹ ਮਨ ਦੇ ਵਿਚ ਵੀ ਹੈ; ਚਿੰਤਨ ਵਿਚ ਆ ਗਿਐ, ਸੋਚਣੀ ਵਿਚ ਆ ਗਿਐ, ਵਿਕਾਰਾਂ ਵਿਚ ਆ ਗਿਐ, ਤਾਂ ਹੀ ਤਾਂ ਬਾਜ਼ਾਰ ਵਿਚ ਇਤਨਾ ਸਾਹਿਤ ਆ ਗਿਐ, ਲੋਕੀ ਖ਼ਰੀਦ ਕੇ ਪੜ੍ਹਦੇ ਨੇ, ਸਾਹਿਤ ਵਿਚ ਕਾਮ ਹੀ ਕਾਮ ਹੈ। ਸਾਹਿਤਕਾਰਾਂ ਦੀ ਕਲਮ ਕਾਮ ਦੇ ਸੰਬੰਧ ਵਿਚ ਹੀ ਲਿਖ ਰਹੀ ਹੈ। ਲਾਜ਼ਮੀ ਤੌਰ 'ਤੇ ਸਾਹਿਤਕਾਰ ਕਾਮ ਬਾਰੇ ਸੋਚ ਰਹੇ ਨੇ, ਕਾਮ ਦਾ ਚਿੰਤਨ ਕਰ ਰਹੇ ਨੇ, ਕਾਮ ਦੇ ਵਿਚਾਰ ਉਨ੍ਹਾਂ ਦੇ ਅੰਦਰ ਚੱਲ ਰਹੇ ਨੇ, ਸੋਚਣੀ ਬਣ ਗਈ ਹੈ। ਕਿਸੇ ਵਕਤ ਸ਼ਾਇਰੇ ਮਸ਼ਰਕ ਡਾਕਟਰ ਮੁਹੰਮਦ ਇਕਬਾਲ ਨੇ ਆਖਿਆ ਸੀ :

*ਹਿੰਦ ਕਾ ਸ਼ਾਇਰ ਸੂਰਤ-ਗਰ ਵ ਅਫ਼ਸਾਨਾ-ਨਵੀਸ।*
*ਹੈ ਬੇਚਾਰੇ ਪਰ ਆਜ ਤਕ ਔਰਤ ਸਵਾਰ।*

ਭਾਵੇਂ ਉਸਨੇ ਆਪਣੇ ਦੇਸ਼ ਦੀ ਗੱਲ ਕੀਤੀ ਹੈ, ਪਰ ਇਹ ਜੋ ਨਾਵਲਿਸਟ ਨੇ, ਕਹਾਣੀਕਾਰ ਨੇ, ਸੰਗਤਰਾਸ਼ ਨੇ, ਸ਼ਾਇਰ ਨੇ, ਦਾਰਸ਼ਨਿਕ ਨੇ, ਵਿਚਾਰਕ ਨੇ, ਇਨ੍ਹਾਂ ਦੇ ਵਿਚਾਰਾਂ ਵਿਚ, ਇਨ੍ਹਾਂ ਦੀ ਲੇਖਣੀ ਵਿਚ, ਇਨ੍ਹਾਂ ਦੀ ਚਿੱਤਰਕਾਰੀ ਵਿਚ, ਇਨ੍ਹਾਂ ਦੀ ਸੰਗਤਰਾਸ਼ੀ ਵਿਚ, ਕਾਮ ਹੀ ਕਾਮ ਹੈ। ਮਨ ਵਿਚ ਕਾਮ ਤੋਂ ਬਿਨਾਂ ਹੋਰ ਕੁਛ ਨਹੀਂ ਹੈ। ਸਾਰਾ ਸਾਹਿਤ ਕਾਮ-ਆਸ਼ਿਰਤ ਹੋ ਗਿਆ ਹੈ ਔਰ ਇਸੇ ਦੀਆਂ ਕਹਾਣੀਆਂ, ਸ਼ਾਇਰੀ ਦੇ ਆਧਾਰ 'ਤੇ ਬਣਨ ਵਾਲੀਆਂ ਫ਼ਿਲਮਾਂ, ਕਾਮ ਦੀ ਪ੍ਰਦਰਸ਼ਿਤ ਤਸਵੀਰ ਬਣ ਗਈਆਂ ਨੇ। ਚਾਰੋਂ



Sri Satguru Jagjit Singh Ji eLibrary NamdhariElibrary@gmail.com

ਪਾਸੇ ਮਨ ਵਿਚ ਕਾਮ ਹੀ ਕਾਮ ਛਾਇਆ ਹੋਇਆ ਹੈ। ਪੋਸਟਰ, ਇਸ਼ਤਿਹਾਰ, ਫ਼ਿਲਮਾਂ, ਮੈਗਜ਼ੀਨ, ਸ਼ਾਇਰੀ, ਸੰਗਤਰਾਸ਼ੀ, ਸਭ ਕਾਮ ਦੀ ਨੁਮਾਇਸ਼ ਬਣ ਕੇ ਰਹਿ ਗਏ ਹਨ। ਕਾਮ ਚਿੰਤਨ ਬਣ ਗਿਐ, ਕਾਮ ਵਿਚਾਰ ਬਣ ਗਿਐ, ਕਾਮ ਸੋਚਣੀ ਬਣ ਗਿਐ, ਕਾਮ ਯਾਦ ਬਣ ਗਿਐ, ਕਾਮ ਰਾਮ ਬਣ ਗਿਐ, ਕਾਮ ਪਰਮਾਤਮਾ ਬਣ ਗਿਐ। ਚਾਹੀਦਾ ਤਾਂ ਐਸਾ ਸੀ ਕਿ ਕਾਮ ਨੂੰ ਰਾਮ ਬਣਾਂਦੇ, ਲੇਕਿਨ ਕਾਮ ਹੀ ਰਾਮ ਹੋ ਗਿਐ ਔਰ ਚਾਰੋਂ ਪਾਸੇ ਕਾਮ ਹੀ ਮਨੁੱਖ ਦੇ ਦਿਮਾਗ਼ 'ਤੇ ਛਾ ਕੇ ਰਹਿ ਗਿਐ। ਕਾਮ ਇਕ ਐਸਾ ਜਜ਼ਬਾ ਹੈ, ਜਦੋਂ ਵਿਚਾਰਾਂ ਵਿਚ ਆ ਜਾਏ, ਸੋਚਣੀ ਵਿਚ ਆ ਜਾਏ, ਚਿੰਤਨ ਵਿਚ ਆ ਜਾਏ ਤਾਂ ਇਸਦਾ ਗ੍ਰਸਿਆ ਹੋਇਆ ਮਨੁੱਖ ਰਾਮ ਦਾ ਚਿੰਤਨ ਨਹੀਂ ਕਰ ਸਕਦਾ, ਨਾਮ ਦਾ ਸਿਮਰਨ ਨਹੀਂ ਕਰ ਸਕਦਾ। ਭਗਤ ਰਵਿਦਾਸ ਜੀ ਮਹਾਰਾਜ ਫ਼ੁਰਮਾਨ ਕਰਦੇ ਨੇ :

**ਤੁਮ ਕਹੀਅਤ ਹੌ ਜਗਤ ਗੁਰ ਸੁਆਮੀ ॥**
**ਹਮ ਕਹੀਅਤ ਕਲਿਜੁਗ ਕੇ ਕਾਮੀ ॥**

*(ਜੈਤਸਰੀ ਸ੍ਰੀ ਰਵਿਦਾਸ ਜੀ, ਪੰਨਾ 710)*

ਹੇ ਜਗਤ ਗੁਰੂ! ਹੇ ਜਗਤ ਦੇ ਮਾਲਕ ਪਰਮਾਤਮਾ! ਅਸੀਂ ਤਾਂ ਇਸ ਦੌਰ ਦੇ, ਇਸ ਕਲਜੁਗ ਦੇ ਕਾਮੀ ਜੀਵ ਹਾਂ, ਕਾਮ ਨਾਲ ਭਰੇ ਹੋਏ ਹਾਂ। ਪ੍ਰਥਮ ਇਸ ਕਾਮ ਨੂੰ ਅਰਥਾਂ ਦੇ ਰੂਪ ਵਿਚ ਸਮਝਣਾ ਹੈ। ਕਾਮ ਦੇ ਅੱਖਰੀ ਅਰਥ ਨੇ ਕਾਮਨਾ ਔਰ ਕਾਮਨਾਵਾਂ ਦੇ ਵਿਚ ਬਹੁਤ ਵਾਸ਼ਨਾਵਾਂ ਹਨ। ਇਸ ਵਾਸਤੇ ਇਹ ਸ਼ਬਦ ਬਣ ਗਿਆ ਕਾਮਨਾ। ਕਾਮਨਾ ਦੇ ਵਿਚ ਪਦਾਰਥ ਹੋਵਣ ਤੋ ਕਾਮ ਲੋਭ, ਕਾਮਨਾ ਸੱਤਾ ਦੀ ਹੋਵੇ ਤੋ ਕਾਮ ਅਹੰਕਾਰ, ਅਰ ਚੂੰਕਿ ਕਾਮਨਾ ਬਹੁਤੀ ਵਾਸ਼ਨਾ ਦੀ ਹੈ, ਇਸ ਵਾਸਤੇ ਕਾਮ, ਵਾਸ਼ਨਾ 'ਤੇ ਪ੍ਰਚੱਲਤ ਹੋ ਗਿਆ। ਕਾਮ ਲੋਭ, ਕਾਮ ਅਹੰਕਾਰ, ਇਹ ਕਥਨੀ ਵਿਚ ਨਾ ਆ ਸਕਿਆ, ਇਹ ਲੇਖਣੀ ਵਿਚ ਵੀ ਨਾ ਆ ਸਕਿਆ। ਕਾਮ ਦੇ ਅਰਥ ਨੇ ਕਾਮਨਾ, ਕਿਉਂਕਿ ਕਾਮਨਾ ਦੀ ਜ਼ਿਆਦਾ ਵਾਸ਼ਨਾ ਹੈ, ਰੂਪ ਹੈ, ਏਹੀ ਕਾਰਨ ਹੈ ਕਿ ਕਾਮ ਦੇ ਅਰਥ ਹੀ ਬਣ ਗਏ ਵਾਸ਼ਨਾ, ਕਾਮ ਦੇ ਅਰਥ ਹੀ ਬਣ ਗਏ ਰੂਪ :

**ਰੂਪੈ ਕਾਮੈ ਦੋਸਤੀ ਭੁਖੈ ਸਾਦੈ ਗੰਢੁ ॥**

*(ਮਲਾਰ ਵਾਰ ਮ: ੫, ਪੰਨਾ 1288)*

ਜੈਸੇ ਸਵਾਦ ਸਾਰਾ ਭੁੱਖ ਦੇ ਵਿਚ ਹੈ, ਭੋਜਨ ਵਿਚ ਨਹੀਂ, ਇਵੇਂ ਵਾਸ਼ਨਾ ਰੂਪ 'ਤੇ ਆਕਰਸ਼ਿਤ ਹੁੰਦੀ ਹੈ, ਰੂਪ ਦੀ ਤਰਫ਼ ਖਿਚਦੀ ਹੈ, ਤੋ ਕਾਮ ਤੇ ਰੂਪ ਦੀ ਦੋਸਤੀ ਬਣ ਗਈ। ਇਕ ਸ਼ਾਇਰ ਨੇ ਸੁੰਦਰ ਲਿਖਿਆ ਹੈ, ਕਹਿੰਦਾ ਹੈ :



Sri Satguru Jagjit Singh Ji eLibrary NamdhariElibrary@gmail.com

*ਜਬ ਹੁਸਨ ਹੀ ਨਹੀਂ ਤੋ ਇਸ਼ਕ ਭੀ ਪੈਦਾ ਨਹੀਂ ਹੋਤਾ।*
*ਬੁਲਬੁਲ ਗੁਲੇ ਦੀਵਾਰ ਪਰ ਸ਼ੈਦਾ ਨਹੀਂ ਹੋਤਾ।*

ਦੀਵਾਰ 'ਤੇ ਜੋ ਫੁੱਲ ਬਣਿਆ ਹੋਇਆ ਹੈ, ਕੋਈ ਬੁਲਬੁਲ ਉਸ ਉੱਤੇ ਨਗ਼ਮੇ ਨਹੀਂ ਅਲਾਪਦੀ, ਨਹੀਂ ਚਹਿਚਹਾਂਦੀ, ਨਹੀਂ ਗੀਤ ਗਾਉਂਦੀ, ਕਿਉਂਕਿ ਹੁਸਨ ਦੀ ਤਸਵੀਰ ਹੈ, ਹੁਸਨ ਨਹੀਂ ਹੈ; ਰੂਪ ਦੀ ਛਾਇਆ ਹੈ, ਰੂਪ ਨਹੀਂ ਹੈ। ਤੇ ਪੰਛੀ ਸਿਆਣੇ ਨੇ, ਛਾਇਆ 'ਤੇ ਆਸ਼ਕ ਨਹੀਂ ਹੁੰਦੇ, ਛਾਇਆ 'ਤੇ ਫ਼ਿਦਾ ਨਹੀਂ ਹੁੰਦੇ। ਮਨੁੱਖ ਤਾਂ ਕਿਸੇ ਥਾਂ ਪੰਛੀ ਤੋਂ ਵੀ ਗਿਆ ਗੁਜ਼ਰਿਆ ਹੁੰਦਾ ਹੈ। ਇਹ ਤਾਂ ਤਸਵੀਰਾਂ 'ਤੇ ਵੀ ਮੋਹਿਤ ਹੈ, ਚਾਹੇ ਉਹ ਚਲਦੀ ਫਿਰਦੀ ਤਸਵੀਰ ਹੈ ਜੈਸੇ ਕਿ ਫ਼ਿਲਮਾਂ, ਚਾਹੇ ਦੀਵਾਰਾਂ 'ਤੇ ਉਕਰੀਆਂ ਹੋਈਆਂ ਤਸਵੀਰਾਂ ਤੇ ਚਾਹੇ ਤਰ੍ਹਾਂ ਤਰ੍ਹਾਂ ਦੀ ਮਸ਼ਹੂਰੀ ਹੈ, ਚਿੱਤਰਕਾਰੀ ਹੈ, ਮਨੁੱਖ ਤਾਂ ਉਸ ਉੱਤੇ ਵੀ ਫ਼ਿਦਾ ਹੋਇਆ ਹੋਇਆ ਹੈ। ਇਹ ਹੀ ਕਾਰਨ ਹੈ ਮਹਿਜ਼ ਤਸਵੀਰਾਂ ਵਾਲੇ ਮੈਗ਼ਜ਼ੀਨ ਬਹੁਤ ਵਿਕ ਰਹੇ ਨੇ, ਬਹੁਤ ਪੜ੍ਹੇ ਜਾ ਰਹੇ ਨੇ ਔਰ ਤਸਵੀਰਾਂ ਮਨੁੱਖ ਦੇਖਦਾ ਹੈ, ਖ਼ੂਬ ਦੇਖਦਾ ਹੈ। ਦੂਰ ਕਿਉਂ ਜਾਉ, ਮਨੁੱਖ ਦਾ ਵੇਗ ਤਾਂ ਕਿਸੇ ਸਮੇਂ ਇਤਨੀ ਸਿਖਰਤਾ 'ਤੇ ਪਹੁੰਚਿਆ ਸੀ ਕਿ ਜ਼ਮੀਨ 'ਤੇ ਮੰਦਿਰ ਵੀ ਕਾਮ ਦੇ ਬਣੇ, ਰਾਮ ਦੇ ਨਹੀਂ, ਜੈਸੇ ਕਿ ਖਜੂਰਾਹੋ ਦੇ ਮੰਦਿਰ, ਕੋਨਾਰਕ ਦੇ ਮੰਦਿਰ, ਜਗਨਨਾਥ ਪੱਥਰ 'ਤੇ ਉਕਰੀਆਂ ਤਸਵੀਰਾਂ, ਮੂਰਤੀਆਂ। ਹੈਰਾਨਗੀ ਦੀ ਗੱਲ ਤਾਂ ਇਹ ਹੈ ਕਿ ਖਜੂਰਾਹੋ ਨੂੰ ਦੇਖਣ ਲਈ ਦੇਸ਼-ਵਿਦੇਸ਼ ਤੋਂ ਭੀੜ ਪਹੁੰਚ ਰਹੀ ਹੈ ਔਰ ਛੋਟਾ ਜਿਹਾ ਕਸਬਾ ਹੈ, ਫਿਰ ਵੀ ਚਾਰੇ ਪਾਸੇ ਫ਼ਾਈਵ ਸਟਾਰ ਹੋਟਲ ਨੇ, ਏਅਰਪੋਰਟ ਵੀ ਹੈ। ਖ਼ੂਬ ਜਾਂਦੇ ਨੇ ਸੈਲਾਨੀ, ਸੈਂਕੜੇ ਏਕੜਾਂ ਵਿਚ ਫੈਲੇ ਹੋਏ ਇਨ੍ਹਾਂ ਮੰਦਿਰਾਂ ਨੂੰ ਦੇਖਣ ਲਈ। ਕੀ ਹੈ ਇਨ੍ਹਾਂ ਮੰਦਿਰਾਂ ਵਿਚ ? ਕੋਈ ਕਥਾ ਹੋ ਰਹੀ ਹੈ ? ਕੋਈ ਕੀਰਤਨ ਹੋ ਰਿਹਾ ਹੈ ? ਕਿਸੇ ਸੰਤ ਦੀ ਮੂਰਤੀ ਦੇ ਦਰਸ਼ਨ ਕਰਨ ਜਾ ਰਹੇ ਨੇ ? ਕਿਸੇ ਅਵਤਾਰ ਦੇ ਚਿੱਤਰ ਦੇ ਦਰਸ਼ਨ ਕਰਨ ਜਾ ਰਹੇ ਨੇ ? ਕਤਈ ਨਹੀਂ। ਉਥੇ ਜੋ ਮੂਰਤੀਆਂ ਨੇ ਉਹ ਕਾਮ ਦੀਆਂ ਮੂਰਤੀਆਂ ਨੇ, ਵਾਸ਼ਨਾ ਦੀਆਂ ਮੂਰਤੀਆਂ ਨੇ, ਮਨੁੱਖ ਦੇਖਣ ਜਾ ਰਿਹਾ ਹੈ। ਮਨੁੱਖ ਦੇ ਅੰਦਰ ਦੀ ਵਾਸ਼ਨਾ ਮਨੁੱਖ ਨੂੰ ਮਜਬੂਰ ਕਰਦੀ ਹੈ, ਇਹ ਖਜੂਰਾਹੋ ਦੇ ਮੰਦਿਰ ਦੇਖਦੈ, ਪੁਰੀ ਵਿਚ ਜਗਨਨਾਥ ਦੇ ਮੰਦਿਰ ਦੀਆਂ ਤਸਵੀਰਾਂ ਦੇਖਦਾ ਹੈ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਮਨੁੱਖ ਦੇ ਇਸ ਵਾਸ਼ਨਾ ਦੇ ਵੇਗ ਨੇ ਜੋ ਮੰਦਿਰ ਬਣਾਏ, ਵਾਸ਼ਨਾ ਦੇ ਬਣਾਏ, ਕਾਮ ਦੇ ਬਣਾਏ, ਰਾਮ ਦੇ ਨਹੀਂ ਬਣਾਏ। ਹੁਣ ਇਸ ਸਦੀ ਵਿਚ, ਇਸ ਯੁਗ ਵਿਚ, ਦਿਲ ਦਿਮਾਗ਼ 'ਤੇ ਕਾਮ ਹੀ ਛਾ ਗਿਐ। ਹਰ ਪਾਸੇ ਇਸ ਦੀ ਵਿਚਾਰ, ਇਸ ਦੀ ਪ੍ਰਦਰਸ਼ਨੀ, ਅਖ਼ਬਾਰਾਂ ਵਿਚ, ਸ਼ਾਇਰੀ ਵਿਚ, ਫ਼ਿਲਮਾਂ ਵਿਚ, ਸਾਹਿਤ ਵਿਚ ਔਰ ਤਰ੍ਹਾਂ ਤਰ੍ਹਾਂ ਦੀਆਂ ਤਸਵੀਰਾਂ ਵਿਚ। ਚਾਰੇ



Sri Satguru Jagjit Singh Ji eLibrary NamdhariElibrary@gmail.com

ਪਾਸੇ ਕਾਮ ਦਾ ਇਤਨਾ ਪ੍ਰਗਟਾਵਾ ਹੋਵੇ, ਪ੍ਰਚਾਰ ਹੋਵੇ ਤੇ ਕੋਈ ਗਿਆਨੀ, ਕੋਈ ਸਾਧਕ ਰਾਮ ਦਾ ਚਿੰਤਨ ਕਰੇ, ਇਸ ਯੁਗ ਵਿਚ ਕਠਿਨ ਹੈ। ਜੋ ਕਰ ਸਕੇ ਤਾਂ ਉਹ ਮਹਾਨ ਹੈ। ਭਗਤ ਰਵਿਦਾਸ ਜੀ ਮਹਾਰਾਜ ਨੂੰ ਦੁੱਖਿਤ ਹੋ ਕੇ ਕਹਿਣਾ ਪਿਆ :

**ਤੁਮ ਕਹੀਅਤ ਹੌ ਜਗਤ ਗੁਰ ਸੁਆਮੀ॥**
**ਹਮ ਕਹੀਅਤ ਕਲਿਜੁਗ ਕੇ ਕਾਮੀ॥**

ਇਸੇ ਕਾਮ ਦੇ ਹੜ੍ਹ ਵਿਚ ਬਹਿ ਗਿਆ ਸਮੁੱਚਾ ਮਗ਼ਰਿਬ—ਯੌਰਪ, ਅਮਰੀਕਾ, ਕੈਨੇਡਾ। ਬਦਕਿਸਮਤੀ ਹੈ ਕਿ ਭਾਰਤ ਜੋ ਸਦੀਆਂ ਤੋਂ ਧਾਰਮਿਕ ਦੇਸ਼ ਰਿਹੈ, ਅੱਜ ਯੌਰਪ ਦੀ ਨਕਲ ਕਰ, ਮਗ਼ਰਿਬ ਦੀ ਨਕਲ ਕਰ, ਕਾਮ ਦੇ ਵੇਗ ਵਿਚ ਬਹਿ ਗਿਐ, ਕਾਮ ਦੀ ਦਲਦਲ ਵਿਚ ਫਸ ਗਿਐ ਔਰ ਏਹੀ ਕਾਰਨ ਹੈ ਕਿ ਰਾਮ ਦਾ ਚਿੰਤਨ ਘਟਦਾ ਜਾ ਰਿਹੈ। ਮੋਚੀ, ਜੁੱਤੀਆਂ ਗੰਢਣ ਵਾਲੇ ਤਾਂ ਕਦਮ ਕਦਮ 'ਤੇ ਬਹੁਤ ਮਿਲਦੇ ਨੇ, ਪਰ ਕਿਸੇ ਰਵਿਦਾਸ ਦੇ ਦਰਸ਼ਨ ਨਹੀਂ ਹੁੰਦੇ। ਕਪੜੇ ਬੁਣਨ ਵਾਲੇ ਤਾਂ ਬਹੁਤ ਮਿਲਦੇ ਨੇ, ਪਰ ਕਬੀਰ ਦੇ ਦਰਸ਼ਨ ਨਹੀਂ ਹੁੰਦੇ। ਨਾਈ ਤਾਂ ਬਹੁਤ ਨੇ, ਪਰ ਸੈਣ ਜੀ ਕਿਥੇ। ਕਪੜਿਆਂ ਨੂੰ ਰੰਗਣ ਵਾਲੇ ਬਥੇਰੇ ਮਿਲਦੇ ਨੇ, ਪਰ ਨਾਮਦੇਵ ਜੀ ਕਿਥੇ। ਹੇ ਮਹਾਂ ਪ੍ਰਭੂ! ਹੁਣ ਇਹ ਕਿਥੇ। ਹੁਣ ਕੋਈ ਮੀਰਾ ਹੱਥ ਵਿਚ ਦੋ-ਤਾਰਾ ਲੈ ਕੇ ਭਜਨ ਵਿਚ ਡੁੱਬੀ ਹੋਈ ਨਹੀਂ ਦਿਖਾਈ ਦਿੰਦੀ। ਹੁਣ ਕੋਈ ਮਾਤਾ ਭਾਗ ਕੌਰ ਸੂਰਬੀਰਤਾ ਦੀ ਮੂਰਤੀ ਨਹੀਂ ਦਿਖਾਈ ਦਿੰਦੀ। ਸਮੁੱਚਾ ਜਗਤ ਕਾਮ ਦੇ ਵਹਿਣ ਵਿਚ ਬਹਿ ਟੁਰਿਆ ਹੈ, ਇਸੇ ਹੜ੍ਹ ਵਿਚ ਬਹਿ ਟੁਰਿਆ ਹੈ। ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਇਸ ਪਾਵਨ ਪਵਿੱਤਰ ਸਲੋਕ ਵਿਚ ਇਸੇ ਵੇਗ ਦਾ ਜ਼ਿਕਰ ਕਰ ਰਹੇ ਨੇ :

**ਹੇ ਕਾਮੰ ਨਰਕ ਬਿਸ੍ਰਾਮੰ ਬਹੁ ਜੋਨੀ ਭ੍ਰਮਾਵਣਹ॥**
**ਚਿਤ ਹਰਣੰ ਤ੍ਰੈ ਲੋਕ ਗੰਮ੍ਹੰ ਜਪ ਤਪ ਸੀਲ ਬਿਦਾਰਣਹ॥**

ਹੇ ਕਾਮ! ਤੂੰ ਕੀਤੇ ਹੋਏ ਜਪ ਨੂੰ, ਕੀਤੇ ਹੋਏ ਤਪ ਨੂੰ ਭੰਗ ਕਰਦਾ ਏਂ। ਨਾ ਤੂੰ ਸੰਜਮ ਰਹਿਣ ਦਿੰਦਾ ਏਂ, ਨਾ ਜਪ ਰਹਿਣ ਦੇਨਾਂ ਏਂ, ਨਾ ਤਪ ਰਹਿਣ ਦੇਨਾਂ ਏਂ। ਇਤਨਾ ਚੰਚਲ ਕਰ ਦੇਨਾਂ ਏਂ ਕਿ ਮਨੁੱਖ ਲਈ ਰਾਮ ਦਾ ਚਿੰਤਨ ਕਰਨਾ ਕਠਿਨ ਹੋ ਜਾਂਦਾ ਹੈ, ਨਿਹਚਲ ਨਾਲ ਜੁੜਨਾ ਕਠਿਨ ਹੋ ਜਾਂਦਾ ਏ। ਚੰਚਲ ਦਾ ਮਤਲਬ ਹੈ—ਚੱਲ, ਚੱਲ, ਚੱਲ। ਇਤਨਾ ਚਲਾਇਮਾਨ ਕਰ ਦਿੰਦਾ ਹੈ ਮਨ, ਉਹ ਜੋ ਨਿਹਚਲ ਹੈ, ਨਹੀਂ ਚੱਲਦਾ, ਟਿਕਿਆ ਹੋਇਆ ਹੈ, ਉਸ ਨਾਲ ਟਿਕਣਾ, ਉਸ ਨਾਲ ਜੁੜਨਾ ਕਠਿਨ ਹੋ ਜਾਂਦਾ ਹੈ ਔਰ ਜੀਵਨ ਚੰਚਲਤਾ ਦੇ ਵਹਿਣ ਵਿਚ ਬਹਿ ਟੁਰਦਾ ਹੈ। ਅਗੰਮੀ ਮਹਾਨ ਇਹ ਜੀਵਨ ਕਾਮ ਦੀ



Sri Satguru Jagjit Singh Ji eLibrary NamdhariElibrary@gmail.com

ਦਾ ਚਿੰਤਨ ਚਲਦਾ ਰਿਹਾ। ਕਹਾਣੀਆਂ ਨੇ, ਗਾਥਾਵਾਂ ਨੇ। ਇੰਦਰ ਅਪਛਰਾਵਾਂ ਭੇਜਦਾ ਰਿਹਾ; ਕਿਧਰੇ ਮੇਨਕਾ, ਕਿਧਰੇ ਉਰਵਸ਼ੀ। ਕਿਧਰੇ ਤਪ ਭੰਗ ਹੋਏ ਨੇ ਵਿਸ਼ਵਾਮਿੱਤਰ ਦੇ; ਕਿਧਰੇ ਭ੍ਰਿਸ਼ਟ ਹੁੰਦੇ ਨੇ ਸ੍ਰਿੰਗੀ ਰਿਸ਼ੀ; ਕਿਧਰੇ ਵਾਸ਼ਨਾ ਦੇ ਦਲਦਲ ਵਿਚ ਫਸਦੇ ਨੇ ਜੋਗੀ ਰਾਜ ਮਛੰਦਰਨਾਥ। ਵਾਸਤਵ ਵਿਚ ਕੋਈ ਸਵਰਗ ਤੋਂ ਕਿਸੇ ਅਪਛਰਾ ਨੂੰ ਨਹੀਂ ਭੇਜਦਾ, ਬਲਕਿ ਵਾਸ਼ਨਾ ਹੀ ਕਲਪਨਾ ਦਾ ਸਵਰਗ ਖੜ੍ਹਾ ਕਰ ਦਿੰਦੀ ਹੈ। ਕਲਪਨਾਵਾਂ ਦੀਆਂ ਹੂਰਾਂ ਖੜ੍ਹੀਆਂ ਕਰ ਦੇਂਦੀ ਏ। ਕਲਪਨਾਵਾਂ ਦੀਆਂ ਅਪਛਰਾਵਾਂ ਖੜ੍ਹੀਆਂ ਕਰ ਦੇਂਦੀ ਏ। ਬੈਠਾ ਸੀ ਰਾਮ ਦੇ ਚਿੰਤਨ ਵਿਚ, ਚਿੰਤਨ ਚੱਲ ਪਿਆ ਹੂਰਾਂ ਦਾ। ਬੈਠਾ ਸੀ ਪ੍ਰਭੂ-ਸਿਮਰਨ ਵਿਚ, ਸਿਮਰਨ ਚੱਲ ਪਿਆ ਅਪਛਰਾਵਾਂ ਦਾ, ਕਲਪਨਾ ਦਾ ਸਵਰਗ ਔਰ ਜਦ ਕਲਪਨਾ ਦੇ ਸਵਰਗ ਵਿਚ ਅਪਛਰਾਂ ਹੋਵਣ, ਹੂਰਾਂ ਹੋਵਣ, ਤੇ ਵਾਸਤਵ ਵਿਚ ਜੋ ਹਕੀਕਤ ਦਾ ਜਗਤ ਹੋਵੇ, ਕਿਸੇ ਨੂੰ ਵੀ ਭ੍ਰਿਸ਼ਟ ਹੁੰਦਿਆਂ ਦੇਰ ਨਹੀਂ ਹੋਵੇਗੀ। ਜੋ ਕਲਪਨਾ ਸੀ, ਸਾਕਾਰ ਹੋ ਜਾਂਦੀ ਹੈ, ਭ੍ਰਿਸ਼ਟ ਹੋ ਜਾਂਦੀ ਹੈ। ਵਿਸ਼ਵਾਮਿੱਤਰ ਭ੍ਰਿਸ਼ਟ ਹੋ ਗਏ, ਸ੍ਰਿੰਗੀ ਰਿਸ਼ੀ ਭ੍ਰਿਸ਼ਟ ਹੋਏ। ਮਹਾਨ ਜੋਗੀ ਮਛੰਦਰ ਨਾਥ, ਇਹ ਆਮ ਸਾਧਾਰਨ ਮਨੁੱਖ ਨਹੀਂ ਨੇ, ਜਿਨ੍ਹਾਂ ਨੇ ਵਿਚਾਰਾਂ ਦੀ ਸਿਖਰਤਾ ਨੂੰ ਛੋਹਿਆ ਸੀ, ਜਿਨ੍ਹਾਂ ਨੇ ਜੀਵਨ ਦੀਆਂ ਬੁਲੰਦੀਆਂ ਨੂੰ ਵੀ ਵੇਖਿਆ ਸੀ, ਜਿਨ੍ਹਾਂ ਨੇ ਪ੍ਰਭੂ-ਸਿਮਰਨ ਦੀਆਂ ਗਹਿਰਾਈਆਂ ਨੂੰ ਵੀ ਦੇਖਿਆ ਸੀ, ਫਿਰ ਵੀ ਵਾਸ਼ਨਾ, ਫਿਰ ਵੀ ਕਾਮਨਾ ਔਰ ਕਾਮਨਾ ਦੇ ਵਿਚ ਵਾਸ਼ਨਾ ਔਰ ਵਾਸ਼ਨਾ ਹੀ ਕਾਮਨਾ, ਇਸ ਤਰ੍ਹਾਂ ਹੀ ਕਾਮ ਵਾਸ਼ਨਾ। ਇਹ ਰਿਸ਼ੀ, ਇਹ ਜੋਗੀ, ਇਹ ਬੜੇ ਬੜੇ ਜੋਗੀਸ਼ਵਰ, ਇਹ ਬੜੇ ਬੜੇ ਤਪੀਸ਼ਵਰ ਭ੍ਰਿਸ਼ਟ ਹੁੰਦੇ ਰਹੇ, ਇਸੇ ਹੀ ਦਲਦਲ ਵਿਚ ਫਸਦੇ ਰਹੇ। ਜੀਵਨ ਸਫਲ ਕਰਨ ਲਈ ਆਏ ਸਨ, ਜੀਵਨ ਨਿਸਫਲ ਹੋ ਗਿਆ। ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਇਸ ਦੀ ਬੜੀ ਸੁੰਦਰ ਵਿਆਖਿਆ ਕੀਤੀ ਹੈ ਔਰ ਕੁਰਬਾਨ ਜਾਈਏ, ਸਦਕੇ ਜਾਈਏ ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਤੋਂ ਜੋ ਬੜੇ ਬਾਰੀਕ ਵਿਸ਼ਿਆਂ ਨੂੰ, ਬੜੀ ਬਾਰੀਕੀ ਨਾਲ ਛੂੰਹਦੇ ਨੇ ਔਰ ਵਿਸਥਾਰ ਸਹਿਤ ਪ੍ਰਗਟ ਕਰਦੇ ਨੇ। ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਫ਼ੁਰਮਾਨ ਕਰਦੇ ਨੇ :

**ਪੰਕਜ ਫਾਥੇ ਪੰਕ ਮਹਾ ਮਦ ਗੁੰਫਿਆ॥**
**ਅੰਗ ਸੰਗ ਉਰਝਾਇ ਬਿਸਰਤੇ ਸੁੰਫਿਆ॥** *(ਫੁਨਹੇ ਮ: ੫, ਪੰਨਾ 1362)*

ਪੰਕਜ—ਪੰਕ ਕਹਿੰਦੇ ਨੇ ਚਿੱਕੜ ਨੂੰ ਤੇ ਪੰਕਜ—ਚਿੱਕੜ ਤੋਂ ਜੰਮਿਆ, (ਮਾਨੋ ਚਿੱਕੜ ਦੀ ਪੈਦਾਇਸ਼ ਹੈ)। ਕਮਲ ਦੀਆਂ ਜੜ੍ਹਾਂ ਚਿੱਕੜ ਵਿਚ ਨੇ, ਦਲਦਲ ਵਿਚ ਨੇ, ਪਰ ਮਹਿਕ ਖੇੜਾ ਉਪਰ ਹੈ, ਮਾਨੋ ਚਿੱਕੜ ਤੋਂ ਵੀ ਉਪਰ ਹੈ। ਕਈ ਦਫ਼ਾ ਐਸਾ ਹੁੰਦਾ ਹੈ, ਪਾਣੀ ਘਟਦਾ ਹੈ, ਕਮਲ ਦੀ ਬੁਲੰਦੀ ਵੀ



Sri Satguru Jagjit Singh Ji eLibrary NamdhariElibrary@gmail.com

ਘਟਦੀ ਹੈ; ਜੋ ਗਗਨ ਨੂੰ ਚੁੰਮ ਰਿਹਾ ਸੀ, ਧਰਤੀ ਵੱਲ ਡਿੱਗਣ ਲੱਗ ਪੈਂਦਾ ਹੈ। ਪਾਣੀ ਘਟ ਗਿਆ, ਪਾਣੀ ਪਦਾਰਥ, ਪਾਣੀ—ਪਦਾਰਥਾਂ ਦਾ ਸੁੱਖ, ਪਰਿਵਾਰਕ ਸੁੱਖ। ਮਨੁੱਖ ਗਗਨ ਨੂੰ ਚੁੰਮਣ ਦੀ ਸੋਚਦਾ ਹੈ, ਲੇਕਿਨ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਬਹੁਤ ਸੁੰਦਰ ਉਦਾਹਰਣ ਦਿੱਤੀ ਹੈ। ਵਾਕਈ ਧਨ-ਸੰਪਦਾ, ਪਦਾਰਥ ਜਦ ਸਭ ਕੁਛ ਪ੍ਰਾਪਤ ਹੋ ਜਾਏ, ਪਰਿਵਾਰ ਦਾ ਸੁੱਖ, ਪਦਾਰਥਾਂ ਦਾ ਸੁੱਖ, ਧਨ-ਸੰਪਦਾ ਦਾ ਸੁੱਖ, ਸੱਤਾ ਦਾ ਸੁੱਖ, ਔਰ ਜਦ ਸੁੱਖ ਦੀ ਲਾਲਸਾ ਨਾ ਰਹੇ ਯਾ ਇਹ ਪਾਣੀ ਥੋੜ੍ਹਾ ਜਿਹਾ ਘਟ ਜਾਏ, ਥੋੜ੍ਹਾ ਜਿਹਾ ਥੱਲੇ ਚਲਾ ਜਾਏ, ਉਚਾਈਆਂ ਥੋੜ੍ਹੀਆਂ ਥੱਲੇ ਆ ਜਾਣ। ਮਹਾਤਮਾ ਬੁੱਧ ਰਾਜ ਘਰਾਣੇ ਤੋਂ ਹੀ ਰਾਜਕੁਮਾਰ ਸੀ। ਧਨ-ਸੰਪਦਾ ਦੀ ਬੁਲੰਦੀ ਵਿਚ ਸੀ। ਪਾਣੀ ਬਹੁਤ ਸੀ, ਪਦਾਰਥ ਬਹੁਤ ਸੀ, ਉਚਾਈਆਂ ਬਹੁਤ ਸਨ। ਇਸੇ ਤਰੀਕੇ ਨਾਲ ਸਵਾਮੀ ਮਹਾਂਬੀਰ ਰਾਜਕੁਮਾਰ ਸਨ। ਰਾਮ ਰਾਜਾ ਨੇ। ਸ੍ਰੀ ਕ੍ਰਿਸ਼ਨ ਰਾਜਾ ਨੇ, ਬਹੁਤ ਸਾਰੇ ਭਗਤ, ਸੰਤ ਪਦਾਰਥਾਂ ਦਾ ਜਲ ਭਾਵੇਂ ਥੋੜ੍ਹਾ ਸੀ, ਫਿਰ ਵੀ ਅਸਮਾਨਾਂ ਨੂੰ ਛੋਹਿਆ। ਇਨ੍ਹਾਂ ਦੇ ਪੂਰਬਲੇ ਪੁੰਨ ਸਨ, ਪ੍ਰਤਾਪ ਸੀ, ਔਰ ਪਿਛਲੇ ਜਨਮਾਂ ਦੇ ਸੰਸਕਾਰ ਸਨ, ਜਿਨ੍ਹਾਂ ਨੇ ਇਸ ਤਰੀਕੇ ਨਾਲ ਪ੍ਰੇਰਿਤ ਕੀਤਾ ਕਿ ਉਨ੍ਹਾਂ ਨੇ ਬੁਲੰਦੀਆਂ ਨੂੰ ਛੋਹਿਆ। ਹੁਣ ਆਮ ਸਾਧਾਰਨ ਮਨੁੱਖ ਦੀ ਗੱਲ, ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਬੜੇ ਆਲਮਾਨਾ ਢੰਗ ਨਾਲ ਸਮਝਾਉਂਦੇ ਹਨ—ਪਾਣੀ ਘਟਿਆ, ਕਮਲ ਥੱਲੇ ਗਿਆ, ਅਚਾਨਕ ਕਿਧਰੇ ਜ਼ੋਰ ਦੀ ਬਾਰਿਸ਼ ਹੋਈ ਔਰ ਸਰੋਵਰ ਵਿਚ ਹੜ੍ਹ ਦਾ ਪਾਣੀ ਆ ਗਿਆ, ਬਹੁਤ ਵੇਗ ਨਾਲ ਆਇਆ, ਬਹੁਤ ਤੇਜ਼ੀ ਨਾਲ ਸਰੋਵਰ ਉਪਰ ਉਠਿਆ, ਕਮਲ ਸੰਭਾਲ ਨਹੀਂ ਸਕਿਆ ਆਪਣੇ ਆਪ ਨੂੰ। ਖੁਭ ਗਿਆ ਪਾਣੀ ਵਿਚ, ਸਿਰਫ਼ ਪਾਣੀ ਵਿਚ ਹੀ ਨਹੀਂ ਡੁੱਬਿਆ, ਜਿਸ ਚਿੱਕੜ ਵਿਚ ਇਸ ਦੀਆਂ ਜੜ੍ਹਾਂ ਸਨ, ਉਸੇ ਚਿੱਕੜ ਵਿਚ ਹੀ ਖੁਭ ਕੇ ਰਹਿ ਗਿਆ। ਮਨੁੱਖ ਵੀ ਪੈਦਾ ਹੋਇਆ ਚਿੱਕੜ ਤੋਂ। ਜੀਵਨ ਦਾ ਕਮਲ ਚਿੱਕੜ ਤੋਂ ਪੈਦਾ ਹੋਇਆ, ਕਾਮ ਤੋਂ ਪੈਦਾ ਹੋਇਆ :

**ਪੰਕਜ ਫਾਥੇ ਪੰਕ ਮਹਾ ਮਦ ਗੁੰਫਿਆ ॥**

ਇਹ ਜੋ ਇਤਨਾ ਸੋਹਣਾ ਕਮਲ ਦਾ ਫੁੱਲ ਹੈ, ਇਹ ਤਾਂ ਪੰਕ ਦੀ ਦੇਣ ਏ, ਚਿੱਕੜ ਦੀ ਦੇਣ ਏ। ਇਹ ਮਨੁੱਖੀ ਜਨਮ, ਇਹ ਮਨੁੱਖੀ ਕਾਇਆ, ਇਤਨੀ ਸੁੰਦਰ ਕਾਇਆ, ਇਹ ਤਾਂ ਕਾਮ ਵੇਗ ਦੀ ਦੇਣ ਏ, ਇਹ ਤਾਂ ਜੰਮਿਆ ਹੀ ਚਿੱਕੜ ਤੋਂ ਏ। ਪਿਤਾ ਦਾ ਚਿੱਕੜ, ਮਾਂ ਦਾ ਚਿੱਕੜ, ਪਿਤਾ ਦੀ ਵਾਸ਼ਨਾ, ਉਸ ਤੋਂ ਜੰਮਿਐ, ਇਹ ਤਾਂ ਚਿੱਕੜ ਤੋਂ ਪੈਦਾ ਹੋਇਐ। ਪੈਦਾ ਚਿੱਕੜ ਤੋਂ ਹੋਇਐ, ਘਰ ਵਿਚ ਸੁੱਖ ਵਧੇ, ਆਰਾਮ ਵਧੇ, ਪਰ ਪ੍ਰਭੂ ਦਾ ਸਿਮਰਨ ਰੁਕ ਗਿਆ। ਆਸਮਾਨਾਂ ਨੂੰ ਛੋਹਣ ਦੀ ਲਾਲਸਾ, ਗਗਨ ਨੂੰ ਸਿਜਦਾ ਕਰਨ ਦੀ



Sri Satguru Jagjit Singh Ji eLibrary NamdhariElibrary@gmail.com

ਲਾਲਸਾ, ਲੇਕਿਨ ਪਾਣੀ ਘਟਿਆ, ਥੱਲੇ ਆ ਗਿਆ। ਦੁੱਖ ਔਰ ਪਦਾਰਥਾਂ ਦੀਆਂ ਛੱਲਾਂ ਨੇ, ਖੇੜੇ ਨੇ ਫ਼ਰਕ ਪਾ ਦਿੱਤਾ, ਉੱਚ ਇਰਾਦਿਆਂ ਨੇ ਫ਼ਰਕ ਪਾ ਦਿੱਤਾ। ਅਚਾਨਕ ਕਿਧਰੇ ਹੜ੍ਹ ਦਾ ਪਾਣੀ, ਕਿਧਰੇ ਕਿਸੇ ਦਰਿਆ ਵਿੱਚੋਂ ਬਾਹਰ ਆ ਨਿਕਲਿਆ। ਉਸ ਨੇ ਰੁਖ਼ ਸਰੋਵਰ ਦੀ ਤਰਫ਼ ਕਰ ਲਿਆ। ਅਚਾਨਕ, ਅਚਨਚੇਤ ਉਸ ਨੇ ਸਰੋਵਰ ਨੂੰ ਲਬਾਲਬ ਭਰ ਦਿੱਤਾ। ਕਈ ਵਾਰੀ ਧਨ, ਸੰਪਦਾ ਤੇ ਪਦਾਰਥਾਂ ਦੇ ਅੰਬਾਰ ਮਨੁੱਖ ਦੇ ਘਰ ਵਿਚ ਲਗ ਜਾਂਦੇ ਨੇ, ਹੜ੍ਹ ਦੀ ਤਰ੍ਹਾਂ। ਮਾਨੋ ਕਿਸੇ ਦਰਿਆ ਦਾ ਵੇਗ ਸਰੋਵਰ ਦੀ ਤਰਫ਼ ਹੋ ਗਿਆ ਹੈ। ਮਾਨੋ ਵਰਖਾ ਦੇ ਹੜ੍ਹ ਦਾ ਰੁਖ਼ ਸਰੋਵਰ ਦੀ ਤਰਫ਼ ਹੋ ਗਿਆ ਹੈ। ਕਿਸੇ ਕਿਸੇ ਘਰ ਵਿਚ, ਕਿਸੇ ਕਿਸੇ ਮਨੁੱਖੀ ਜ਼ਿੰਦਗੀ ਦੇ ਵਿਚ ਧਨ-ਸੰਪਦਾ ਦੀ ਬਾਰਿਸ਼ ਹੋ ਜਾਂਦੀ ਹੈ, ਕਿਧਰੇ ਸਰੋਵਰ ਵਿਚ ਦਰਿਆ ਪੈ ਗਿਆ, ਪਦਾਰਥ ਆ ਗਏ, ਇਸ ਤਰ੍ਹਾਂ ਧਨ-ਸੰਪਦਾ ਆ ਗਈ। ਇਸ ਧਨ-ਸੰਪਦਾ ਦੇ ਅਚਾਨਕ ਆਏ ਵੇਗ ਨੂੰ ਝੱਲ ਨਹੀਂ ਸਕਿਆ, ਡੁੱਬ ਗਿਆ। ਪਹਿਲੇ ਇਹ ਪਦਾਰਥਾਂ ਦੇ ਵਿਚ ਡੁੱਬਿਆ। ਇਹ ਕਮਲ ਪਾਣੀ ਵਿਚ ਡੁੱਬਿਆ, ਫਿਰ ਜਿਸ ਚਿੱਕੜ ਵਿਚ ਇਸ ਦੀਆਂ ਜੜ੍ਹਾਂ ਸਨ, ਉਸ ਤੋਂ ਪੈਦਾ ਹੋਇਆ, ਫਿਰ ਉਸੇ ਚਿੱਕੜ ਵਿਚ ਫਸ ਗਿਆ। ਫਿਰ ਤਾਂ ਅਤਿਅੰਤ ਕਾਮੀ ਹੋ ਗਿਆ। ਸੁਣਦੇ ਹਾਂ ਕਿ ਕਿਸੇ ਨਵਾਬ ਦੀਆਂ 500 ਬੇਗਮਾਂ ਸਨ, ਕਿਸੇ ਰਾਜੇ ਦੀਆਂ 400 ਰਾਣੀਆਂ ਸਨ, ਕਿਸੇ ਸ਼ੇਖ਼ ਦੀਆਂ 100 ਬੇਗਮਾਂ ਸਨ; ਹੈਰਾਨਗੀ ਹੈ ਕਿ ਕਿਆ ਜ਼ਿੰਦਗੀ ਇਸੇ ਲਈ ਹੀ ਹੈ ? ਚਿੱਕੜ ਤੋਂ ਜੰਮਿਆ, ਚਿੱਕੜ ਵਿਚ ਹੀ ਫਸ ਕੇ ਰਹਿ ਗਿਆ। ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਕਹਿੰਦੇ ਨੇ :

**ਪੰਕਜ ਫਾਥੇ ਪੰਕ ਮਹਾ ਮਦ ਗੁੰਫਿਆ॥**
**ਅੰਗ ਸੰਗ ਉਰਝਾਇ ਬਿਸਰਤੇ ਸੁੰਫਿਆ॥**

ਐ ਕਮਲ ! ਤੂੰ ਆਪਣੀ ਮਹਿਕ ਭੁੱਲ ਗਿਐਂ, ਆਪਣਾ ਸੁਹੱਪਣ ਭੁੱਲ ਗਿਐਂ, ਆਪਣਾ ਖੇੜਾ ਭੁੱਲ ਗਿਐਂ, ਚਿੱਕੜ ਵਿਚ ਫਸ ਕੇ ਰਹਿ ਗਿਐਂ। ਬੜੀਆਂ ਬੜੀਆਂ ਜ਼ਿੰਦਗੀਆਂ ਖਿੜੀਆਂ ਹੋਈਆਂ, ਗਗਨਚੁੰਬੀ ਇਸ ਚਿੱਕੜ ਵਿਚ ਗ਼ਰਕ ਹੋ ਗਈਆਂ, ਅਸੀਂ ਫਸੀਆਂ ਹੋਈਆਂ ਦੇਖੀਆਂ ਨੇ, ਇਤਿਹਾਸ ਭਰਿਆ ਪਿਆ ਹੈ। ਹੈਰਾਨਗੀ ਹੈ, ਕਿਆ ਜੀਵਨ ਸਿਰਫ਼ ਏਸੇ ਲਈ ਹੈ ? ਨਹੀਂ ਸੰਭਲ ਸਕਿਆ ਇਸ ਹਾਲਤ ਤੋਂ। ਜਿਤਨੇ ਪਦਾਰਥ ਵਧੇ, ਜਿਤਨਾ ਧਨ ਵਧਿਆ, ਜਿਤਨੇ ਦੁਨਿਆਵੀ ਸੁੱਖ ਵਧੇ, ਉਤਨਾ ਹੀ ਕਾਮੀ ਹੁੰਦਾ ਗਿਆ। ਇਸਦੀ ਵਾਸ਼ਨਾ, ਇਸ ਦੀ ਕਾਮਨਾ ਬਾਰ ਬਾਰ ਜਾ ਕੇ ਰੁਕੀ ਇਸ ਤਰੀਕੇ ਨਾਲ। ਵੈਸੇ ਤਾਂ ਕਾਮਨਾ ਇਕ ਸਰਕਲ ਵਿਚ ਦੌੜਦੀ ਹੈ, ਇਕ ਘੇਰੇ ਵਿਚ



Sri Satguru Jagjit Singh Ji eLibrary NamdhariElibrary@gmail.com

ਦੌੜਦੀ ਹੈ। ਪੁੱਤਰ ਦੀ ਕਾਮਨਾ ਹੈ, ਮਿਲ ਗਿਆ ਪੁੱਤਰ। ਫਿਰ ਕਾਮਨਾ ਅੱਗੇ ਵਧੀ। ਮਿੱਤਰ ਦੀ ਕਾਮਨਾ, ਮਿਲ ਗਿਆ। ਫਿਰ ਧਨ-ਸੰਪਦਾ ਦੀ ਕਾਮਨਾ ਅੱਗੇ ਆਈ। ਇਹ ਵਕਤੀ ਤੌਰ 'ਤੇ ਆ ਕੇ ਰੁਕਦੀ ਏ ਇਸਤਰੀ 'ਤੇ। ਸਾਹਿਤਕਾਰਾਂ ਨੇ, ਸਾਡੇ ਦੇਸ਼ ਦੇ ਮਹਾਂਪੁਰਖਾਂ ਨੇ ਇਸਤਰੀ ਨੂੰ ਨਾਮ ਦਿੱਤਾ ਹੈ ਕਾਮਨੀ– ਕਾਮਨਾ ਦੀ ਮਣੀ। ਇਥੇ ਮਨੁੱਖ ਦੀ ਕਾਮਨਾ ਆ ਕੇ ਰੁਕ ਜਾਂਦੀ ਹੈ ਵਕਤੀ ਤੌਰ 'ਤੇ। ਘੁੰਮਦੀ ਏ, ਘੁੰਮਦੀ ਏ ਤੇ ਫਿਰ ਇਸਤਰੀ 'ਤੇ ਆ ਕੇ ਰੁਕਦੀ ਏ, ਤੋ ਇਸਤਰੀ ਬਣ ਗਈ ਕਾਮਨੀ। ਇਸਤਰੀ ਦੀ ਕਾਮਨਾ ਘੁੰਮਦੀ ਏ, ਘੁੰਮਦੀ ਏ, ਤੇ ਰੁਕਦੀ ਏ ਆ ਕੇ ਪੁਰਸ਼ 'ਤੇ; ਤੋ ਪੁਰਸ਼ ਬਣ ਗਿਆ ਕਾਮਦੇਵ। ਇਕ ਕਾਮਦੇਵ, ਇਕ ਕਾਮਨੀ। ਇਸਤਰੀ ਤੇ ਪੁਰਸ਼ ਦਾ ਇਹ ਮਿਲਨ, ਕਾਮਨਾ ਦੀ ਮਣੀ ਤੇ ਕਾਮਦੇਵ ਦਾ ਮਿਲਨ ਹੋ ਕੇ ਰਹਿ ਗਿਆ। ਜਦ ਕਿ ਇਹ ਤਾਂ ਹੋਣਾ ਚਾਹੀਦਾ ਸੀ ਗਿਆਨ ਦਾ ਮਿਲਨ, ਭਗਤੀ ਦਾ ਮਿਲਨ। ਇਸਤਰੀ ਨੂੰ ਗਿਆਨ ਮਿਲਦਾ, ਪੁਰਸ਼ ਨੂੰ ਭਗਤੀ ਮਿਲਦੀ; ਪਰ ਪੁਰਸ਼ ਨੂੰ ਮਿਲੀ ਕਾਮਨੀ, ਇਸਤਰੀ ਨੂੰ ਮਿਲਿਆ ਕਾਮਦੇਵ। ਗਿਆਨ ਦੇਵ ਰਹਿ ਗਿਆ, ਭਗਤੀ ਦੇਵੀ ਰਹਿ ਗਈ, ਭਗਤੀ ਦੀ ਮਣੀ ਰਹਿ ਗਈ। ਪੁਰਸ਼ ਦੀ ਚਮਕ-ਦਮਕ, ਮੱਥੇ 'ਤੇ ਕੁਝ ਚਿੰਨ੍ਹ ਪ੍ਰਗਟ ਕਰੇਗੀ, ਲੇਕਿਨ ਸਹੀ ਤਾਂ ਇਹ ਹੈ ਕਿ ਭਗਤੀ ਦੀ ਮਣੀ ਇਸ ਦੇ ਮੱਥੇ 'ਤੇ ਚਮਕੇ। ਇਸਤਰੀ ਦਾ ਮਸਤਕ ਉਸ ਦਿਨ ਚਮਕੇਗਾ, ਜਿਸ ਦਿਨ ਗਿਆਨ ਦਾ ਪ੍ਰਕਾਸ਼, ਗਿਆਨ ਦਾ ਸੂਰਜ ਮਸਤਕ ਉੱਤੇ ਚਮਕੇਗਾ। ਇਸਤਰੀ ਪੁਰਸ਼ ਦਾ ਮੇਲ, ਗਿਆਨ ਤੇ ਭਗਤੀ ਦਾ ਮੇਲ ਨਾ ਹੋ ਕੇ, ਕਾਮਨਾ ਦੀ ਮਣੀ ਤੇ ਕਾਮਦੇਵ ਦਾ ਮੇਲ ਹੋ ਕੇ ਰਹਿ ਗਿਆ। ਪਰਿਵਾਰਕ ਰਿਸ਼ਤੇ ਗਿਆਨ ਤੇ ਭਗਤੀ ਦੇ ਨਾ ਹੋ ਕੇ ਕਾਮਦੇਵ ਤੇ ਕਾਮਨਾ ਦੀ ਮਣੀ ਬਣ ਗਏ। ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਤਾਂ ਐਸਾ ਵੀ ਫ਼ੁਰਮਾਨ ਕਰਦੇ ਨੇ:

**ਛਲੇ ਕਣਕ ਕਾਮਣੀ.....॥**

ਛਲਿਆ ਗਿਆ ਮਨੁੱਖ, ਧੋਖਾ ਖਾ ਗਿਆ, ਮਨੁੱਖ ਕਾਮਨੀ ਤੋਂ, ਕਨਕ ਤੋਂ। ਜ਼ਿੰਦਗੀ ਬਰਬਾਦ ਹੋ ਗਈ। ਜੀਵਨ ਭ੍ਰਿਸ਼ਟ ਹੋ ਕੇ ਰਹਿ ਗਿਆ। ਇਹ ਤਾਂ ਮਣੀ ਚਮਕਣੀ ਚਾਹੀਦੀ ਸੀ, ਕਾਮਨੀ ਬਣ ਕੇ ਰਹਿ ਗਈ, ਸਿਰਫ਼ ਕਾਮਨੀ। ਗਿਆਨ ਦਾ ਪ੍ਰਕਾਸ਼ ਤਾਂ ਮਸਤਕ 'ਤੇ ਹੋਣਾ ਚਾਹੀਦਾ ਸੀ ਪਰ ਕਾਮਦੇਵ ਚਮਕ ਰਿਹਾ ਹੈ। ਇਹ ਮਿਲਨ ਜੋ ਕਾਮਨੀ ਦਾ ਹੋਇਐ, ਜੀਵਨ ਭਰ ਲਈ, ਤੋ ਇਸ ਤੋਂ ਜੋ ਔਲਾਦ ਪੈਦਾ ਹੋਵੇਗੀ, ਉਹ ਕੋਈ ਰਿਸ਼ੀ-ਮੁਨੀ, ਕੋਈ ਭਗਤ, ਕੋਈ ਸੰਤ, ਗਿਆਨੀ ਨਹੀਂ ਹੋਵੇਗੀ। ਉਹ ਔਲਾਦ ਕੈਸੀ



Sri Satguru Jagjit Singh Ji eLibrary NamdhariElibrary@gmail.com

ਹੋਵੇਗੀ ? ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਇੰਜ ਫ਼ੁਰਮਾਨ ਕਰਦੇ ਨੇ:

**ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰੁ ॥**
**ਪੁਤੁ ਜਿਨੂਰਾ ਧੀਅ ਜਿੰਨੂਰੀ ਜੋਰੂ ਜਿੰਨਾ ਦਾ ਸਿਕਦਾਰੁ ॥** *(ਪੰਨਾ 556)*

ਇਸ ਦੌਰ ਵਿਚ, ਇਸ ਕਲਯੁਗ ਵਿਚ:

**ਹਮ ਕਹੀਅਤ ਕਲਿਜੁਗ ਕੇ ਕਾਮੀ ॥**

ਜੋ ਸੰਤਾਨ ਪੈਦਾ ਹੋ ਰਹੀ ਹੈ:

**ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰੁ ॥**

ਜਿੰਨ, ਭੂਤ ਪੈਦਾ ਹੋ ਰਹੇ ਨੇ। "ਪੁਤੁ ਜਿਨੂਰਾ ਧੀਅ ਜਿੰਨੂਰੀ ਜੋਰੂ ਜਿੰਨਾ ਦਾ ਸਿਕਦਾਰੁ॥" ਪੁੱਤ ਤਾਂ ਜਿੰਨ ਭੂਤ ਹੈ, ਧੀ ਵੀ ਜਿੰਨ ਭੂਤ ਹੈ। ਕੋਈ ਮੀਰਾ ਨਹੀਂ ਪੈਦਾ ਹੋ ਰਹੀ, ਕੋਈ ਮਾਤਾ ਭਾਗ ਕੌਰ ਨਹੀਂ ਪੈਦਾ ਹੋ ਰਹੀ, ਲੈਲਾ ਪੈਦਾ ਹੋ ਰਹੀਆਂ ਨੇ। ਕੋਈ ਭਗਤ ਕਬੀਰ, ਕੋਈ ਰਵਿਦਾਸ, ਕੋਈ ਭਾਈ ਗੁਰਦਾਸ, ਭਾਈ ਮਨੀ ਸਿੰਘ ਵਰਗੇ ਨਹੀਂ ਪੈਦਾ ਹੋ ਰਹੇ, ਮਜਨੂੰ ਪੈਦਾ ਹੋ ਰਹੇ ਨੇ, ਕਿਉਂਕਿ ਮਾਂ-ਬਾਪ ਸਰੀਰਕ ਤਲ ਤੋਂ ਉੱਚੇ ਨਹੀਂ ਉਠ ਸਕੇ। ਦੋਹਾਂ ਦਾ ਮਿਲਨ ਪਹਿਲੇ ਸਰੀਰਕ ਹੋਵੇ, ਸਹਿਜੇ ਸਹਿਜੇ ਇਹ ਜਦ ਸਰੀਰਕ ਤਲ ਤੋਂ ਉੱਚੇ ਉਠਣ, ਉਸ ਸਮੇਂ ਇਨ੍ਹਾਂ ਦੇ ਘਰ ਔਲਾਦ ਆਵੇ, ਭਗਤ ਪੈਦਾ ਹੋਵਣਗੇ, ਦਾਰਸ਼ਨਿਕ ਆਵਣਗੇ, ਵਿਗਿਆਨਕ ਆਵਣਗੇ, ਸੰਤ ਆਵਣਗੇ, ਪਰ ਜੇ ਜੀਵਨ ਭਰ ਵਾਸ਼ਨਾ ਤੋਂ ਉਪਰ ਹੀ ਨਾ ਉਠ ਸਕੇ, ਇਸੇ ਦਲਦਲ ਵਿਚ ਫਸੇ ਰਹੇ ਤੋ ਔਲਾਦ ਆਏਗੀ ਜਿੰਨ ਤੇ ਭੂਤ। ਜਿੰਨਾਂ ਤੇ ਭੂਤਾਂ ਨਾਲ ਇਹ ਯੁਗ, ਇਹ ਸੰਸਾਰ ਭਰ ਗਿਐ। ਜਿੰਨ ਭੂਤ ਜੋ ਕਰਮ ਅਦ੍ਰਿਸ਼ ਰੂਪ ਵਿਚ ਕਰਦੇ ਸੀ, ਉਹ ਕਰਮ ਅੱਜ ਇਹ ਦ੍ਰਿਸ਼ਮਾਨ ਰੂਪ ਵਿਚ ਕਰ ਰਹੇ ਨੇ। ਜਿੰਨ ਭੂਤਾਂ ਨੂੰ ਕਾਬੂ ਕਰਨਾ ਔਖਾ ਸੀ, ਅੱਜ ਕੱਲ ਦੀ ਔਲਾਦ ਨੂੰ ਕਾਬੂ ਕਰਨਾ ਵੀ ਔਖਾ ਏ, ਬਹੁਤ ਔਖਾ ਏ, ਬਹੁਤ ਕਠਿਨ ਏ। ਇਹ ਕਾਲਜ ਤੇ ਸਕੂਲਾਂ ਦੀਆਂ ਕੁਰਸੀਆਂ ਤੋੜ ਰਹੇ ਨੇ, ਉਸਤਾਦਾਂ ਨੂੰ ਮਾਰ ਰਹੇ ਨੇ। ਤਰ੍ਹਾਂ ਤਰ੍ਹਾਂ ਦੇ ਕੁਕਰਮ ਕਰ ਰਹੇ ਨੇ ਔਰ ਕਿਧਰੇ ਵੀ ਸੀਲ ਨਹੀਂ, ਸੰਜਮ ਨਹੀਂ। ਉਸਦਾ ਮੂਲ ਕਾਰਨ ਹੈ, ਮਾਂ-ਬਾਪ ਦਾ ਜੀਵਨ ਪ੍ਰਾਰਥਨਾ ਨਹੀਂ ਬਣ ਸਕਿਆ, ਵਾਸ਼ਨਾ ਹੀ ਬਣਿਆ ਰਿਹਾ। ਮਾਂ-ਬਾਪ ਦਾ ਜੀਵਨ ਰਾਮ-ਮਈ ਨਹੀਂ ਹੋ ਸਕਿਆ, ਸਿਰਫ਼ ਕਾਮ-ਮਈ ਹੀ ਬਣ ਕੇ ਰਹਿ ਗਿਆ। ਪਾਤਸ਼ਾਹ ਕਹਿੰਦੇ ਨੇ:

**ਰੰਨਾ ਹੋਈਆ ਬੋਧੀਆ ਪੁਰਸ ਹੋਏ ਸਈਆਦ ॥**
**ਸੀਲੁ ਸੰਜਮੁ ਸੁਚ ਭੰਨੀ ਖਾਣਾ ਖਾਜੁ ਅਹਾਜੁ ॥** *(ਪੰਨਾ 1243)*



Sri Satguru Jagjit Singh Ji eLibrary NamdhariElibrary@gmail.com

ਮਹਾਰਾਜ ਇਸ ਸਲੋਕ ਵਿਚ ਵੀ ਕਹਿੰਦੇ ਹਨ :

**ਅਲਪ ਸੁਖ ਅਵਿਤ ਚੰਚਲ ਊਚ ਨੀਚ ਸਮਾਵਣਹ ॥**

ਬਹੁਤ ਥੋੜ੍ਹਾ ਜਿਹਾ ਸੁੱਖ ਔਰ ਤੂੰ ਐਸਾ ਚੰਚਲ ਕਰ ਦਿੰਦਾ ਏਂ, ਚਾਹੇ ਕੋਈ ਮਹਾਨ ਮਨੁੱਖ ਹੈ, ਚਾਹੇ ਕੋਈ ਤੁੱਛ, ਸਭ ਇਸੇ ਹੀ ਅਲਪ ਸੁੱਖ ਵਿਚ ਫਸ ਕੇ ਰਹਿ ਜਾਂਦੇ ਨੇ। ਬਚਾਉ ਢੰਗ ਧੰਨ ਗੁਰੂ ਅਰਜਨ ਦੇਵ ਜੀ ਦੱਸਦੇ ਨੇ :

**ਤਵ ਭੈ ਬਿਮੁੰਚਿਤ ਸਾਧ ਸੰਗਮ ਓਟ ਨਾਨਕ ਨਾਰਾਇਣਹ ॥**

ਇਸ ਦੇ ਭੈਅ ਤੋਂ ਡਰਦਿਆਂ ਹੋਇਆਂ ਗੁਰੂ ਦੀ ਸੰਗਤ ਪਕੜੀ, ਪ੍ਰਭੂ ਦੀ ਓਟ ਪਕੜੀ, ਨਾਰਾਇਣ ਦਾ ਆਸਰਾ ਲਿਆ, ਬਸ ਨਾਰਾਇਣ ਦਾ ਆਸਰਾ। ਗੁਰੂ ਦੀ ਸੰਗਤ, ਏਹੀ ਓਟ, ਏਹੀ ਆਧਾਰ ਵਾਸ਼ਨਾ ਨੂੰ ਪ੍ਰਾਰਥਨਾ ਬਣਾ ਦਿੰਦਾ ਹੈ। ਪ੍ਰਾਚੀਨ ਧਾਰਮਿਕ ਗ੍ਰੰਥ, ਚਾਹੇ ਇਸ ਦੇਸ਼ ਦੇ ਪੁਰਾਨ ਨੇ, ਚਾਹੇ ਵਿਦੇਸ਼ ਦੀ ਬਾਈਬਲ ਹੈ ਯਾ ਹੋਰ ਗ੍ਰੰਥ ਨੇ, ਬਹੁਤ ਕਹਾਣੀਆਂ ਨੇ ਐਸੀਆਂ ਅਸ਼ਲੀਲ, ਜੋ ਸਾਰਿਆਂ ਵਿਚ ਬੈਠ ਕੇ ਨਾ ਤਾਂ ਪੜ੍ਹੀਆਂ ਜਾ ਸਕਦੀਆਂ ਨੇ, ਨਾ ਸੁਣਾਈਆਂ ਜਾ ਸਕਦੀਆਂ ਨੇ, ਨਾ ਸੁਣੀਆਂ ਜਾ ਸਕਦੀਆਂ ਨੇ। ਐਸੀਆਂ ਅਸ਼ਲੀਲ ਕਹਾਣੀਆਂ ਔਰ ਧਾਰਮਿਕ ਗ੍ਰੰਥਾਂ ਵਿਚ ਲਿਖਣ ਚਲੇ ਸਨ ਇਹ ਲੋਕ। ਪ੍ਰਭੂ ਦੀ ਪ੍ਰਾਰਥਨਾ ਬਾਰੇ ਕਰਮ ਵਿੱਚੋਂ ਕੇਵਲ ਵਾਸ਼ਨਾ ਹੀ ਨਿਕਲਦੀ ਹੈ। ਗਿਆਨ ਦੇਣ ਚਲੇ ਸਨ ਪ੍ਰਾਰਥਨਾ ਦਾ ਤਾਂ ਕਿ ਪਰਮਾਤਮਾ ਪ੍ਰਗਟ ਹੋਵੇ। ਗਿਆਨ ਦੇਣ ਲੱਗੇ ਸਨ ਵਾਸ਼ਨਾ ਦਾ ਤਾਂ ਕਿ ਕਾਮ ਪ੍ਰਗਟ ਹੋਵੇ। ਅਗਰ ਪ੍ਰਾਰਥਨਾ ਵਧਦੀ ਰਹੇ ਜੀਵਨ ਦੇ ਨਾਲ ਨਾਲ ਤਾਂ ਜੀਵਨ ਦੀ ਬਾਜ਼ੀ ਜਿੱਤ ਲਈ ਔਰ ਨਾਮ ਪ੍ਰਗਟ ਹੋਵੇਗਾ; ਵਧਦੀ ਗਈ ਵਾਸ਼ਨਾ ਜੀਵਨ ਦੇ ਨਾਲ ਨਾਲ ਤੇ ਕਾਮ ਪ੍ਰਗਟ ਹੋਵੇਗਾ।

•



Sri Satguru Jagjit Singh Ji eLibrary NamdhariElibrary@gmail.com

# ਕ੍ਰੋਧ

**ਹੇ ਕਲਿ ਮੂਲ ਕ੍ਰੋਧੰ ਕਦੰਚ ਕਰੁਣਾ ਨ ਉਪਰਜਤੇ ॥**
**ਬਿਖਯੰਤ ਜੀਵੰ ਵਸ੍ਯੰ ਕਰੋਤਿ ਨਿਰਤ੍ਯੰ ਕਰੋਤਿ ਜਥਾ ਮਰਕਟਹ ॥**
**ਅਨਿਕ ਸਾਸਨ ਤਾੜੰਤਿ ਜਮਦੂਤਹ ਤਵ ਸੰਗੇ ਅਧਮੰ ਨਰਹ ॥**
**ਦੀਨ ਦੁਖ ਭੰਜਨ ਦਯਾਲ ਪ੍ਰਭੁ ਨਾਨਕ ਸਰਬ ਜੀਅ ਰਖ੍ਯ੍ਯਾ ਕਰੋਤਿ ॥**
*(ਸਲੋਕ ਸਹਸਕ੍ਰਿਤੀ ਮ: ੫, ਪੰਨਾ 1358)*

ਵਿਦਵਾਨਾਂ ਨੇ ਕ੍ਰੋਧ ਨੂੰ ਅਗਨ ਕਿਹਾ ਹੈ, ਬੜੀ ਪ੍ਰਚੰਡ ਅਗਨ, ਜੋ ਤਨ ਵਿੱਚੋਂ ਉਠ ਕੇ ਤਨ ਨੂੰ ਹੀ ਰਾਖ਼ ਕਰ ਦਿੰਦੀ ਹੈ, ਮਹਾਨ ਤੇ ਪ੍ਰਬਲ ਅਗਨੀ! ਕ੍ਰੋਧ ਤਾਂ ਥੋੜ੍ਹਾ ਬਹੁਤ ਪਸ਼ੂ-ਪਕਸ਼ੀਆਂ ਵਿਚ ਵੀ ਵੇਖਣ ਨੂੰ ਮਿਲਦਾ ਹੈ, ਲੇਕਿਨ ਕ੍ਰੋਧ ਦੀ ਅਗਨ ਮਨੁੱਖ ਵਿਚ ਬੜੀ ਪ੍ਰਚੰਡ ਹੈ, ਬੜੀ ਪ੍ਰਬਲ ਹੈ। ਕ੍ਰੋਧ ਦੈਵੀ ਗੁਣਾਂ ਨੂੰ ਸਾੜ ਕੇ ਰਾਖ਼ ਕਰ ਦਿੰਦਾ ਹੈ, ਸਵਾਹ ਕਰ ਦਿੰਦਾ ਹੈ। ਕ੍ਰੋਧ ਮਨੁੱਖ ਦੇ ਅੰਦਰ ਕੋਈ ਗੁਣ ਨਹੀਂ ਰਹਿਣ ਦਿੰਦਾ। ਦਰਅਸਲ ਕ੍ਰੋਧ ਉਤਪਤੀ ਦਾ ਕਾਰਨ ਮਨੁੱਖ, ਇਹ ਤਾਂ ਸਪੱਸ਼ਟ ਹੈ ਕਿ ਕਾਮਨਾਵਾਂ ਦਾ ਵੇਗ ਹੈ, ਕਾਮ ਦਾ ਵੇਗ ਹੈ; ਕਾਮਨਾ, ਵਾਸ਼ਨਾ, ਕਾਮ ਦੀ ਕਾਮਨਾ, ਧਨ ਦੀ ਕਾਮਨਾ, ਸੱਤਾ ਦੀ ਕਾਮਨਾ, ਹੰਕਾਰ ਦੀ ਕਾਮਨਾ, ਧਨ ਦੀ ਕਾਮਨਾ, ਲੋਭ ਦੀ ਕਾਮਨਾ, ਵਾਸ਼ਨਾ ਦੀ ਕਾਮਨਾ, ਇਹ ਕਾਮਨਾ ਕਾਮ ਦੀ ਕਾਮਨਾ ਹੈ। ਜਿਸ ਤੋਂ ਵਾਸ਼ਨਾ ਦੀ ਤ੍ਰਿਪਤੀ ਹੋ ਜਾਏ, ਜੋ ਲੋਭ-ਪੂਰਤੀ ਵਿਚ ਸਹਾਇਕ ਹੋਵੇ, ਮਦਦਗਾਰ ਹੋਵੇ, ਜੋ ਅਹੰਕਾਰ ਨੂੰ ਪੱਠੇ ਪਾਵੇ, ਉਹ ਮੇਰਾ ਪ੍ਰਤੀਤ ਹੁੰਦਾ ਹੈ, ਉਸ 'ਤੇ ਮੋਹ ਆਉਣ ਲੱਗ ਪੈਂਦਾ ਹੈ, ਚੰਗਾ ਲਗਦਾ ਹੈ। ਪਰ ਜੋ ਵਾਸ਼ਨਾ-ਪੂਰਤੀ ਵਿਚ ਰੋਕ ਖੜ੍ਹੀ ਕਰ ਦੇਵੇ, ਲੋਭ-ਪੂਰਤੀ ਵਿਚ ਦੀਵਾਰ ਬਣ ਜਾਏ, ਅਹੰਕਾਰ ਦੀ ਪ੍ਰਾਪਤੀ ਲਈ ਰਸਤੇ ਦਾ ਰੋੜਾ ਬਣ ਜਾਏ ਤਾਂ ਫਿਰ ਕ੍ਰੋਧ ਆ ਜਾਂਦਾ ਹੈ। ਕ੍ਰੋਧ ਉਸ ਵਕਤ ਪੈਦਾ ਹੁੰਦਾ ਹੈ, ਜਦ ਵਾਸ਼ਨਾ ਅਤ੍ਰਿਪਤ ਰਹਿ ਜਾਏ, ਲੋਭ ਅਤ੍ਰਿਪਤ ਰਹਿ ਜਾਏ, ਅਹੰਕਾਰ ਅਤ੍ਰਿਪਤ ਰਹਿ ਜਾਏ। ਔਰ ਜਿਸਦੇ ਰਾਹੀਂ ਮਹਿਸੂਸ ਹੋਵੇ ਕਿ ਵਾਸ਼ਨਾ ਅਤ੍ਰਿਪਤ ਰਹਿ ਗਈ ਹੈ, ਲੋਭ ਅਤ੍ਰਿਪਤ ਰਹਿ ਗਿਆ ਹੈ, ਅਹੰਕਾਰ ਅਤ੍ਰਿਪਤ ਰਹਿ ਗਿਆ ਹੈ, ਬਸ ਉਸੇ ਉੱਤੇ ਹੀ ਕ੍ਰੋਧ ਆਉਂਦਾ ਹੈ, ਉਸੇ ਨੂੰ ਹੀ ਚਬਾ



Sri Satguru Jagjit Singh Ji eLibrary NamdhariElibrary@gmail.com

ਜਾਣ ਨੂੰ ਜੀ ਕਰਦਾ ਹੈ, ਰੇਜ਼ਾ ਰੇਜ਼ਾ ਕਰਨ ਨੂੰ ਜੀ ਕਰਦਾ ਹੈ। ਪਰ ਜੋ ਮਦਦਗਾਰ ਹੋਵੇ, ਸਹਾਇਕ ਹੋਵੇ, ਵਾਸ਼ਨਾ-ਪੂਰਤੀ ਵਿਚ, ਧਨ ਸੰਪਦਾ ਦੀ ਪੂਰਤੀ ਵਿਚ, ਸੱਤਾ ਦੀ ਪੂਰਤੀ ਵਿਚ, ਤਾਂ ਮੋਹ ਆ ਜਾਂਦਾ ਹੈ, ਬਹੁਤ ਪਿਆਰਾ ਲਗਦਾ ਹੈ, ਉਹਨੂੰ ਸੀਨੇ ਨਾਲ ਲਾਉਣ ਨੂੰ ਜੀਅ ਕਰਦਾ ਹੈ। ਤੋ ਕ੍ਰੋਧ ਕੀ ਹੈ ? ਅਤ੍ਰਿਪਤ ਵਾਸ਼ਨਾ। ਕ੍ਰੋਧ ਕੀ ਹੈ ? ਅਤ੍ਰਿਪਤ ਲੋਭ। ਕ੍ਰੋਧ ਕੀ ਹੈ ? ਅਤ੍ਰਿਪਤ ਅਹੰਕਾਰ। ਵਿਦਵਾਨਾਂ ਦਾ ਕਥਨ ਹੈ ਕਿ ਅਗਰ ਕ੍ਰੋਧ ਹੈ ਤੋ ਕਿਸੇ ਦੁਸ਼ਮਨ ਦੀ ਲੋੜ ਨਹੀਂ। ਦੁਸ਼ਮਨੀ ਦੀ ਖਾਣ ਹੈ ਕ੍ਰੋਧ। ਦਇਆ ਹੈ, ਪ੍ਰੇਮ ਹੈ ਤੋ ਹੋਰ ਕਿਸੇ ਮਿੱਤਰ ਦੀ ਲੋੜ ਨਹੀਂ, ਸਾਰੀ ਮਿੱਤਰਤਾ ਦੀ ਖਾਣ ਹੈ ਦਇਆ। ਔਰ ਕ੍ਰੋਧੀ ਤਾਂ ਦੇਵਤਿਆਂ ਤਕ ਨੂੰ ਦੁਸ਼ਮਨ ਬਣਾ ਲੈਂਦਾ ਹੈ। ਪ੍ਰੇਮੀ ਗਲੀਆਂ ਦੇ ਕੱਖ ਨੂੰ ਵੀ ਮਿੱਤਰ ਬਣਾ ਲੈਂਦਾ ਹੈ, ਰਾਕਸ਼ਸ਼ਾਂ ਨੂੰ ਵੀ ਮਿੱਤਰ ਬਣਾ ਲੈਂਦਾ ਹੈ। ਕ੍ਰੋਧੀ ਮਹਾਂ ਮੂੜ੍ਹ ਹੈ, ਪ੍ਰੇਮੀ ਗਿਆਨੀ ਹੈ, ਸਿਆਣਾ ਹੈ, ਸੂਝਵਾਨ ਹੈ, ਸੁਚੇਤ ਹੈ। ਤਦੇ ਤਾਂ ਕਹਿੰਦੇ ਨੇ ਕਿ ਕ੍ਰੋਧ ਪੈਦਾ ਹੀ ਅਚੇਤ ਅਵਸਥਾ ਤੋਂ ਹੁੰਦਾ ਹੈ। ਕ੍ਰੋਧੀ ਦੀ ਕਹਾਵਤ—ਗ਼ੁੱਸਾ ਬੇਵਕੂਫ਼ੀ ਤੋਂ ਸ਼ੁਰੂ ਹੋ ਕੇ ਪਸਚਾਤਾਪ 'ਤੇ ਜਾ ਕੇ ਖੜ੍ਹਾ ਹੋ ਜਾਂਦਾ ਹੈ। ਕ੍ਰੋਧ ਅਗਰ ਇਕ ਮੈਂਬਰ ਵਿਚ, ਇਕ ਸਦੱਸ ਵਿਚ, ਘਰ ਦੇ ਇਕ ਪ੍ਰਾਣੀ ਦੇ ਵਿਚ ਪੈਦਾ ਹੋ ਜਾਏ ਤੋ ਸਾਰਾ ਘਰ ਮਹਾਂਭਾਰਤ ਦਾ ਅਖਾੜਾ ਬਣ ਜਾਂਦਾ ਹੈ, ਘਰੇਲੂ ਯੁੱਧ, ਘਰ ਦੇ ਵਿਚ ਕਲੇਸ਼। ਪਰ ਏਹੀ ਪਰਿਵਾਰ ਜੇ ਪੂਰੇ ਦਾ ਪੂਰਾ ਕ੍ਰੋਧੀ ਹੋ ਜਾਏ ਤੋ ਸਾਰੇ ਮੁਹੱਲੇ ਨੂੰ ਮਹਾਂਭਾਰਤ ਬਣਾ ਦਿੰਦਾ ਹੈ। ਕਿਧਰੇ ਸਾਰਾ ਮਹੱਲਾ ਹੀ ਕ੍ਰੋਧ ਦੀ ਅਗਨ ਵਿਚ, ਪ੍ਰਚੰਡ ਅਗਨ ਵਿਚ ਜਲਣ ਲੱਗ ਪਵੇ ਤੋ ਦੇਖਣ ਵਿਚ ਆਇਆ ਹੈ ਕਿ ਇਹ ਪੂਰਾ ਮੁਹੱਲਾ, ਸਾਰੇ ਸ਼ਹਿਰ ਨੂੰ ਜਲਾ ਕੇ ਰਾਖ਼ ਕਰ ਦਿੰਦਾ ਹੈ, ਸਾਰਾ ਸ਼ਹਿਰ ਮਹਾਂਭਾਰਤ ਬਣ ਜਾਂਦਾ ਹੈ। ਇਸੇ ਤਰੀਕੇ ਨਾਲ ਕਿਸੇ ਇਕ ਮੁਲਕ ਦਾ ਕ੍ਰੋਧ ਕਿਸੇ ਦੂਸਰੇ ਮੁਲਕ ਪ੍ਰਤਿ ਜੰਗ ਦਾ ਕਾਰਨ ਬਣ ਜਾਂਦਾ ਹੈ ਔਰ ਥੋੜ੍ਹਾ ਥੋੜ੍ਹਾ ਕਰਕੇ ਜਦ ਸਾਰੀ ਦੁਨੀਆ ਦਾ ਕ੍ਰੋਧ ਯਕਸਾਂ ਹੁੰਦਾ ਹੈ, ਇਕੱਠਾ ਹੁੰਦਾ ਹੈ, ਉਦੋਂ ਹੀ ਵਿਸ਼ਵ ਯੁੱਧ ਹੁੰਦਾ ਹੈ, ਵਰਲਡ ਵਾਰ (World War) ਹੋ ਜਾਂਦੀ ਹੈ। ਇਕ ਸਥਲ ਮਹਾਂਭਾਰਤ ਨਹੀਂ, ਸਾਰੀ ਦੁਨੀਆ ਹੀ ਮਹਾਂਭਾਰਤ ਬਣ ਜਾਂਦੀ ਹੈ, ਬੜਾ ਭਾਰੀ ਵਿਨਾਸ਼ ਹੁੰਦਾ ਹੈ ਮਨੁੱਖਤਾ ਦਾ। ਹਰ ਪਾਸੇ ਕਬਰਾਂ ਹੀ ਕਬਰਾਂ, ਸ਼ਮਸ਼ਾਨ ਹੀ ਸ਼ਮਸ਼ਾਨ ! ਸਿਰਫ਼ ਸ਼ਹਿਰ ਦਾ ਇਕ ਕੋਨਾ ਹੀ ਸ਼ਮਸ਼ਾਨ-ਘਾਟ ਨਹੀਂ, ਸਾਰੀ ਦੁਨੀਆ ਸ਼ਮਸ਼ਾਨ-ਘਾਟ ਬਣ ਜਾਂਦੀ ਹੈ। ਕ੍ਰੋਧ ਤਾਂ ਇਕ ਐਸੀ ਅਗਨ ਹੈ, ਜੋ ਸਾਰੀ ਮਨੁੱਖਤਾ ਨੂੰ ਜਲਾ ਕੇ ਰਾਖ਼ ਕਰ ਦਿੰਦੀ ਹੈ—ਕ੍ਰੋਧ ਅਗਨ। ਵਿਦਵਾਨ ਐਸਾ ਵੀ ਕਹਿੰਦੇ ਨੇ ਔਰ ਪਰਤੱਖ ਦਿਖਾਈ ਵੀ ਦਿੰਦਾ ਹੈ ਕਿ ਖ਼ੂਬਸੂਰਤ ਫੁੱਲਾਂ ਦਾ ਬੀਜ ਅਤਿਅੰਤ ਕਰੂਪ ਤੇ ਕਠੋਰ ਹੁੰਦਾ ਹੈ, ਪਰ ਇਨ੍ਹਾਂ ਕਠੋਰ ਤੇ ਕਰੂਪ ਬੀਜਾਂ ਨੂੰ ਅਨੁਕੂਲ ਧਰਤੀ ਮਿਲ



Sri Satguru Jagjit Singh Ji eLibrary NamdhariElibrary@gmail.com

ਹੈ, ਧਰਮ ਵਿਚ ਸੰਜਮ ਆ ਜਾਂਦਾ ਹੈ, ਧਰਮ ਵਿਚ ਸੰਤੋਖ ਆ ਜਾਂਦਾ ਹੈ, ਧਰਮ ਵਿਚ ਸਾਰੇ ਦੈਵੀ ਗੁਣ ਆ ਜਾਂਦੇ ਨੇ, ਸੀਲ ਸੰਜਮ ਆ ਜਾਂਦਾ ਹੈ। ਤੇ *ਸਾਰੁਕਤਾਵਲੀ* ਦਾ ਕਰਤਾ ਇੰਜ ਲਿਖਦਾ ਹੈ :

*ਉਪਜੇ ਧਰਮ ਵਾਕਿ ਸਤ ਕਰ ਅਤ,*
*ਦਇਆ ਦਾਨ ਕਰ ਧਰਮ ਵਧੇ ਨਿਤਿ।*

ਰਸਨਾ 'ਤੇ ਪ੍ਰਭੂ ਦਾ ਨਾਮ ਲਿਆਈਏ, ਉਸ ਸੱਤ ਨੂੰ, ਉਸ ਸੱਚ ਨੂੰ ਰਟਨ ਕਰੀਏ, ਉਸ ਵਿਚ ਮਨ ਜੋੜੀਏ, ਧਰਮ ਪੈਦਾ ਹੋ ਜਾਂਦਾ ਹੈ। ਧਰਮ ਦਾ ਬੂਟਾ ਅੰਕੁਰਿਤ ਹੋ ਜਾਂਦਾ ਹੈ ਔਰ ਪਰਉਪਕਾਰ ਕੀਤਿਆਂ, ਦਾਨ-ਪੁੰਨ ਕੀਤਿਆਂ, ਧਰਮ ਦਾ ਇਹ ਬੂਟਾ ਸਹਿਜੇ ਸਹਿਜੇ ਵਧਦਾ ਹੈ, ਉਪਰ ਉਠਦਾ ਹੈ। "ਇਸਤਿਤ ਧਰਮ ਖਿਮਾ ਕੇ ਸੰਗਾ" ਧਰਮ ਦਾ ਬੂਟਾ ਖਿਮਾ ਦੇ ਆਸਰੇ 'ਤੇ ਟਿਕਿਆ ਰਹਿੰਦਾ ਹੈ। ਕੋਮਲ ਬੂਟੇ ਗਿਰ ਨਾ ਜਾਣ, ਢਹਿ ਨਾ ਜਾਣ, ਤੂਫ਼ਾਨੀ ਹਵਾਵਾਂ ਉਨ੍ਹਾਂ ਦੀਆਂ ਜੜ੍ਹਾਂ ਨਾ ਪੁੱਟ ਦੇਣ, ਤੇ ਸਹਾਰਾ ਦੇਣਾ ਪੈਂਦਾ ਹੈ ਉਨ੍ਹਾਂ ਕੋਮਲ ਬੂਟਿਆਂ ਨੂੰ ਸੋਟੀਆਂ ਦਾ, ਕਿਸੇ ਦੀਵਾਰ ਦਾ। ਤੇ ਖਿਮਾ ਦੀ ਸੋਟੀ ਨਾਲ, ਖਿਮਾ ਦੇ ਸਹਾਰੇ, ਇਹ ਧਰਮ ਦਾ ਬੂਟਾ ਰੋਜ਼ ਰੋਜ਼ ਵਧਦਾ ਹੈ, ਉੱਚਾ ਹੁੰਦਾ ਹੈ। "ਧਰਮ ਖਿਮਾ ਕੇ ਸੰਗਾ ਧਰਮ ਕ੍ਰੋਧ ਕਰ ਹੋਤ ਵਿਭੰਗਾ॥" ਖਿਨ ਮਾਤ੍ਰ ਵੀ ਕ੍ਰੋਧ ਕਰਨ ਨਾਲ ਧਰਮ ਦਾ ਬੂਟਾ ਜਲ ਕੇ ਰਾਖ਼ ਹੋ ਜਾਂਦਾ ਹੈ। ਕ੍ਰੋਧ ਐਸੀ ਅਗਨ ਹੈ, ਪਤਾ ਨਹੀਂ ਕਿਤਨੇ ਦਿਨਾਂ ਦੀ ਤਪੱਸਿਆ ਜਲਾ ਕੇ ਰੱਖ ਦਿੰਦਾ ਹੈ, ਕਿਤਨੇ ਦਿਨਾਂ ਦੀ ਸਾਧਨਾ, ਕਿਤਨੇ ਦਿਨਾਂ ਦਾ ਪਰਉਪਕਾਰ ਰਾਖ਼ ਕਰ ਦਿੰਦਾ ਹੈ। ਵਾਕਈ ਇਕ ਬੂਟਾ ਸਿੰਜ ਕੇ ਛੇ ਮਹੀਨੇ ਵਿਚ ਵੱਡਾ ਕੀਤਾ ਹੈ, ਬਸ ਇਕ ਚਿੰਗਾਰੀ ਉਸਨੂੰ ਭਸਮ ਕਰ ਕੇ ਰੱਖ ਦਿੰਦੀ ਹੈ। ਕ੍ਰੋਧ ਦੀ ਅਗਨ, ਛੋਟੀ ਜਿਹੀ ਅਗਨ ਕੀਤੇ ਕਰਾਏ ਧਰਮ ਨੂੰ ਨਸ਼ਟ ਕਰ ਕੇ ਰੱਖ ਦਿੰਦੀ ਹੈ। ਕ੍ਰੋਧ ਵਾਸਤਵ ਵਿਚ ਮੂਰਖਤਾ ਦੀ ਬੁਨਿਆਦ 'ਤੇ ਖੜ੍ਹਾ ਹੈ। ਕ੍ਰੋਧ ਬਾਰੇ ਕਈ ਹੋਰ ਜਾਣਕਾਰੀਆਂ ਇਸ ਤਰ੍ਹਾਂ ਦੀਆਂ ਹਨ : ਜਰਮਨੀ ਦੀ ਗੱਲ ਹੈ—ਇਕ ਮਾਂ ਬੱਚਾ ਲਿਆਈ ਹੈ ਡਾਕਟਰ ਕੋਲ, ਮੁਰਦਾ। ਰੋਂਦੀ ਹੋਈ, ਚੀਖ਼ਦੀ ਹੋਈ। ਡਾਕਟਰ ਹੈਰਾਨ ਹੈ ਕਿ ਜਦ ਇਹ ਮਰ ਹੀ ਚੁੱਕਿਆ ਹੈ ਤਾਂ ਮੇਰੇ ਕੋਲ ਲਿਆਣ ਦਾ ਮਤਲਬ, ਜਦ ਇਹ ਖ਼ਤਮ ਹੀ ਹੋ ਗਿਆ ਹੈ, ਤਦ ਮੇਰੇ ਕੋਲ ਕਾਹਦੇ ਲਈ ਲਿਆਈ ਹੈ। ਡਾਕਟਰ ਕਹਿੰਦਾ ਹੈ ਕਿ ਇਹ ਤਾਂ ਮੁਰਦਾ ਹੈ। ਰੋਂਦੀ ਹੋਈ, ਵਿਲਕਦੀ ਹੋਈ, ਮਮਤਾ ਦੀ ਮਾਰੀ ਮਾਂ ਕਹਿੰਦੀ ਹੈ ਕਿ ਇਹ ਤਾਂ ਠੀਕ ਹੈ, ਪਰ ਮੈਂ ਇਸ ਵਾਸਤੇ ਲਿਆਈ ਹਾਂ ਕਿ ਕਿਉਂ ਮਰਿਐ, ਕਿਵੇਂ ਮਰਿਐ, ਮੈਨੂੰ ਕੁਝ ਕਾਰਨ ਦਿਖਾਈ ਨਹੀਂ ਦਿੰਦਾ। ਹੱਛਾ, ਤੇ ਇਸ ਵਾਸਤੇ ਲਿਆਈ ਹੈਂ। ਡਾਕਟਰ ਉਸ ਬੱਚੇ ਨੂੰ ਦੇਖਦੈ, ਜਾਂਚ-ਪੜਤਾਲ ਕਰਦਾ ਹੈ,



Sri Satguru Jagjit Singh Ji eLibrary NamdhariElibrary@gmail.com

ਮਾਂ ਨੂੰ ਪੁੱਛਦਾ ਹੈ ਕਿ ਇਹ ਕਦੋਂ ਮਰਿਆ, ਕਦੋਂ ਗੁਜ਼ਰਿਆ। ਬਸ ਮੇਰੀ ਗੋਦ ਵਿਚ ਸੀ, ਮੇਰਾ ਦੁੱਧ ਪੀਂਦਿਆਂ ਪੀਂਦਿਆਂ ਇਹ ਸਿਰ ਸੁੱਟ ਬੈਠਾ ਤੇ ਫਿਰ ਖ਼ਤਮ ਹੋ ਗਿਆ। ਤੋ ਮਤਲਬ ਹੋਇਆ ਕਿ ਤੇਰਾ ਦੁੱਧ ਪੀਂਦਿਆਂ ਪੀਂਦਿਆਂ ਮਰ ਗਿਆ। ਕਿਆ ਦੱਸੇਂਗੀ ਕਿ ਜਿਸ ਵਕਤ ਤੂੰ ਇਸ ਬੱਚੇ ਨੂੰ ਦੁੱਧ ਪਿਲਾ ਰਹੀ ਸੀ, ਤੇਰੀ ਮਨੋ-ਦਸ਼ਾ ਕੀ ਸੀ, ਤੇਰੀ ਮਾਨਸਿਕ ਹਾਲਤ ਕੀ ਸੀ? ਤਾਂ ਮਾਂ ਕਹਿੰਦੀ ਏ ਕਿ ਮੇਰਾ ਪਤੀ ਨਾਲ ਝਗੜਾ ਚੱਲ ਰਿਹਾ ਸੀ, ਬਹੁਤ ਉੱਚੀ ਬੋਲ ਚਾਲ ਚੱਲ ਰਹੀ ਸੀ। ਬੱਚਾ ਵਿਚਕਾਰ ਰੋਣ ਲੱਗ ਪਿਆ ਤਾਂ ਮੈਂ ਇਸ ਨੂੰ ਦੁੱਧ ਪਿਲਾਣ ਲੱਗ ਪਈ। ਪਰ ਗਾਲੀ ਗਲੋਚ ਚੱਲ ਰਹੀ ਸੀ, ਮੈਂ ਕ੍ਰੋਧ ਨਾਲ ਉਬਲੀ ਹੋਈ ਸੀ। ਤੋ ਡਾਕਟਰ ਨੇ ਕਿਹਾ ਕਿ ਐ ਬੀਬੀ! ਤੂੰ ਇਸ ਬੱਚੇ ਨੂੰ ਦੁੱਧ ਨਹੀਂ ਪਿਲਾਇਆ, ਜ਼ਹਿਰ ਪਿਲਾਇਐ। ਜਦ ਤੂੰ ਕ੍ਰੋਧ ਨਾਲ ਉਬਲੀ ਹੋਈ ਸੀ, ਕ੍ਰੋਧ ਕਰਕੇ ਤੇਰੇ ਸਰੀਰ ਦੀਆਂ ਗ੍ਰੰਥੀਆਂ ਨੇ ਜ਼ਹਿਰ ਉਗਲਣੀ ਸ਼ੁਰੂ ਕੀਤੀ, ਉਨ੍ਹਾਂ ਗੰਢਾਂ ਵਿੱਚੋਂ ਜ਼ਹਿਰ ਨਿਕਲੀ ਤੇ ਉਹ ਖ਼ੂਨ ਵਿਚ ਵਸ ਗਈ, ਉਹ ਦੁੱਧ ਵਿਚ ਲੀਨ ਹੋ ਗਈ। ਤੂੰ ਬੱਚੇ ਨੂੰ ਜ਼ਹਿਰੀਲਾ ਦੁੱਧ ਪਿਲਾਇਐ, ਤੇਰੇ ਕ੍ਰੋਧ ਕਰਕੇ ਜ਼ਹਿਰੀਲਾ ਹੋ ਗਿਐ ਤੇਰਾ ਦੁੱਧ। ਇਸਦਾ ਮਤਲਬ ਹੈ ਕਿ ਕ੍ਰੋਧ ਜ਼ਹਿਰ ਹੈ ਔਰ ਸਾਰੇ ਸਰੀਰ ਨੂੰ ਜ਼ਹਿਰੀਲਾ ਕਰ ਦਿੰਦਾ ਹੈ। ਇਸ ਤੋਂ ਉਲਟ ਵੀ ਹੋ ਸਕਦਾ ਹੈ, ਅਗਰ ਸਰੀਰ ਜ਼ਹਿਰ ਨਾਲ ਭਰ ਸਕਦਾ ਹੈ, ਖ਼ੂਨ ਜ਼ਹਿਰੀਲਾ ਹੋ ਸਕਦਾ ਹੈ ਤਾਂ ਖ਼ੂਨ ਅੰਮ੍ਰਿਤਮਈ ਵੀ ਹੋ ਸਕਦਾ ਹੈ, ਸਰੀਰ ਅੰਮ੍ਰਿਤਮਈ ਹੋ ਸਕਦਾ ਹੈ, ਤੋ ਪਰਮ ਭਗਤ ਸ੍ਰੀ ਨਾਮਦੇਵ ਜੀ ਦਾ ਫ਼ੁਰਮਾਨ:

**ਦਸ ਬੈਰਾਗਨਿ ਮੋਹਿ ਬਸਿ ਕੀਨ੍ਹੀ ਪੰਚਹੁ ਕਾ ਮਿਟ ਨਾਵਉ ॥**
**ਸਤਰਿ ਦੋਇ ਭਰੇ ਅੰਮ੍ਰਿਤ ਸਰਿ ਬਿਖੁ ਕਉ ਮਾਰਿ ਕਢਾਵਉ ॥**
**ਪਾਛੈ ਬਹੁਰਿ ਨ ਆਵਨੁ ਪਾਵਉ ॥**
**ਅੰਮ੍ਰਿਤ ਬਾਣੀ ਘਟ ਤੇ ਉਚਰਉ ਆਤਮ ਕਉ ਸਮਝਾਵਉ ॥**

*(ਧਨਾਸਰੀ ਨਾਮਦੇਵ ਜੀ ਕੀ, ਪੰਨਾ 693)*

ਇਹ ਦਸ ਇੰਦਰੇ ਮੈਂ ਕਾਬੂ ਕਰ ਲਏ ਹਨ। ਪੰਜ ਵਿਸ਼ਿਆਂ ਦਾ ਤਾਂ ਨਾਮੋ-ਨਿਸ਼ਾਨ ਹੀ ਮਿਟ ਗਿਆ ਹੈ। ਵਾਸ਼ਨਾ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਇਨ੍ਹਾਂ ਦਾ ਨਾਮੋ-ਨਿਸ਼ਾਨ ਹੀ ਮਿਟ ਗਿਆ ਹੈ, ਇਹ ਤਾਂ ਰਹੇ ਹੀ ਨਹੀਂ। "ਸਤਰਿ ਦੋਇ ਭਰੇ ਅੰਮ੍ਰਿਤ ਸਰਿ ਬਿਖੁ ਕਉ ਮਾਰਿ ਕਢਾਵਉ॥" ਸਰੀਰ ਵਿਚ ਆਯੁਰਵੇਦ ਦੇ ਗਿਆਨ ਮੁਤਾਬਕ 72 ਮੋਟੀਆਂ ਨਾੜਾਂ ਨੇ, ਜਿਨ੍ਹਾਂ ਵਿਚ ਖ਼ੂਨ ਵੱਡੇ ਰੂਪ ਵਿਚ ਗਰਦਿਸ਼ ਕਰਦਾ ਹੈ ਔਰ ਉਸ ਤੋਂ ਛੋਟੀਆਂ ਛੋਟੀਆਂ ਤੰਤੂਆਂ ਤੇ ਨਸਾਂ ਨੂੰ ਮਿਲਦਾ ਹੈ। ਲੇਕਿਨ ਮੂਲ ਰੂਪ ਵਿਚ ਨਾੜਾਂ ਬਹੱਤਰ ਨੇ। ਭਗਤ ਜੀ ਕਹਿ ਰਹੇ ਨੇ ਕਿ ਇਹ ਬਹੱਤਰ ਨਾੜਾਂ, ਜਿਨ੍ਹਾਂ ਵਿਚ ਖ਼ੂਨ ਨਹੀਂ ਗਰਦਿਸ਼



Sri Satguru Jagjit Singh Ji eLibrary NamdhariElibrary@gmail.com

ਕਰ ਰਿਹਾ, ਅੰਮ੍ਰਿਤ ਗਰਦਿਸ਼ ਕਰ ਰਿਹਾ ਹੈ; ਮੇਰਾ ਖ਼ੂਨ ਹੁਣ ਖ਼ੂਨ ਨਹੀਂ ਰਿਹਾ, ਅੰਮ੍ਰਿਤ ਹੋ ਗਿਆ ਹੈ। ਔਰ ਜਦ ਖ਼ੂਨ ਅੰਮ੍ਰਿਤ ਹੋ ਗਿਆ ਹੈ ਤੋ ਬੋਲ ਅੰਮ੍ਰਿਤਮਈ ਹੋ ਗਏ ਨੇ। "ਅੰਮ੍ਰਿਤ ਬਾਣੀ ਘਟ ਤੇ ਉਚਰਉ ਆਤਮ ਕਉ ਸਮਝਾਵਉ ॥" ਜੇ ਖ਼ੂਨ ਅੰਮ੍ਰਿਤ ਹੋ ਜਾਏ ਤਾਂ ਦ੍ਰਿਸ਼ਟੀ ਅੰਮ੍ਰਿਤਮਈ ਹੋ ਜਾਂਦੀ ਹੈ, ਬੋਲ ਅੰਮ੍ਰਿਤਮਈ ਹੋ ਜਾਂਦੇ ਨੇ। ਰੋਮ ਰੋਮ ਵਿੱਚੋਂ ਅੰਮ੍ਰਿਤ ਦੀਆਂ ਤਰੰਗਾਂ ਨਿਕਲਦੀਆਂ ਨੇ। ਇਸ ਨੂੰ ਸ਼ਾਇਰੇ ਮਸ਼ਰਕ ਡਾਕਟਰ ਮੁਹੰਮਦ ਇਕਬਾਲ ਨੇ ਬੜੇ ਆਲਿਮਾਨਾ ਢੰਗ ਨਾਲ ਇੰਜ ਬਿਆਨ ਕੀਤਾ ਹੈ :

*ਇਕ ਫੂਲ ਗਰ ਚਾਹੇ ਤੋ ਗੁਲਿਸਤਾਨ ਬਨ ਜਾਏ।*
*ਇਕ ਬੂੰਦ ਗਰ ਚਾਹੇ ਤੋ ਤੂਫ਼ਾਨ ਬਨ ਜਾਏ।*
*ਇਕ ਖ਼ੂਨ ਕੇ ਕਤਰੇ ਮੇਂ ਤਾਸੀਰ ਵੋਹ ਹੈ,*
*ਇਕ ਕੌਮ ਕੀ ਤਾਰੀਖ਼ ਕਾ ਅਨਵਾਨ ਬਨ ਜਾਏ।*

ਇਕ ਬੂੰਦ ਖ਼ੂਨ ਦੀ, ਇਕ ਕਤਰਾ ਖ਼ੂਨ ਦਾ, ਜੇ ਕਿਧਰੇ ਉਸ ਦੇ ਵਿਚ ਸਹੀ ਢੰਗ ਦਾ ਉਛਾਲ ਆ ਗਿਆ ਹੈ, ਸਮੁੱਚੀ ਕੌਮ ਦੀ ਤਾਰੀਖ਼ ਦਾ ਇਕ ਸਿਰਲੇਖ ਬਣ ਜਾਂਦਾ ਹੈ, ਸਿਰਮੌਰ ਬਣ ਜਾਂਦਾ ਹੈ। ਖੇਡ ਤਾਂ ਖ਼ੂਨ ਦੀ ਹੈ। ਪ੍ਰਭੂ-ਚਿੰਤਨ ਦੇ ਨਾਲ ਜੋ ਪਵਿੱਤਰ ਤਰੰਗਾਂ ਮਨ ਨੂੰ ਆਨੰਦਿਤ ਕਰਦੀਆਂ ਨੇ ਅਰ ਮਨ ਦਾ ਏਹੀ ਵੇਗ ਸਰੀਰ ਨੂੰ ਪ੍ਰਭਾਵਿਤ ਕਰਦਾ ਏ, ਤੋ ਖ਼ੂਨ ਪ੍ਰਭਾਵਿਤ ਹੁੰਦਾ ਹੈ, ਪਾਵਨ ਹੋ ਜਾਂਦਾ ਹੈ ਖ਼ੂਨ, ਪਵਿੱਤਰ ਹੋ ਜਾਂਦਾ ਹੈ ਖ਼ੂਨ। ਕਹਾਵਤਾਂ ਤਾਂ ਖ਼ੂਨ ਦੇ ਸੰਬੰਧ ਵਿਚ ਕਈ ਨੇ—ਇਸਦਾ ਤਾਂ ਖ਼ੂਨ ਖ਼ੂਨ ਨਹੀਂ, ਪਾਣੀ ਹੋ ਗਿਐ। ਇਸਦਾ ਤਾਂ ਖ਼ੂਨ ਠੰਡਾ ਹੋ ਗਿਐ। ਇਸ ਦੇ ਖ਼ੂਨ ਵਿਚ ਕੋਈ ਗਰਮਾਇਸ਼ ਨਹੀਂ, ਇਸਦੇ ਖ਼ੂਨ ਵਿਚ ਕੋਈ ਲਾਲੀ ਨਹੀਂ, ਇਸਦਾ ਖ਼ੂਨ ਸਫ਼ੈਦ ਹੋ ਗਿਐ। ਇਹ ਕਹਾਵਤਾਂ ਬਿਲਕੁਲ ਸਹੀ ਹਨ। ਉਮਰ ਦੇ ਵਧਦਿਆਂ ਅਗਰ ਪ੍ਰੇਮ ਵਧੇ, ਦਇਆ ਵਧੇ ਤੋ ਸਮਝਣਾ ਚਾਹੀਦਾ ਹੈ ਕਿ ਲਾਭ ਦੀ ਤਰਫ਼ ਜਾ ਰਿਹਾ ਹੈ, ਨਫ਼ਾ ਹੋ ਰਿਹਾ ਹੈ। ਪਰ ਉਮਰ ਦੇ ਵਧਦਿਆਂ ਅਗਰ ਕ੍ਰੋਧ ਵਧਦਾ ਜਾ ਰਿਹਾ ਹੈ, ਤੋ ਜੀਵਨ ਘਾਟੇ ਵਿਚ ਜਾ ਰਿਹਾ ਹੈ, ਜ਼ਿੰਦਗੀ ਅਜਾਈਂ ਜਾ ਰਹੀ ਹੈ। ਅਕਸਰ ਐਸਾ ਦੇਖਣ ਵਿਚ ਆਇਐ ਕਿ ਉਮਰ ਦੇ ਵਧਦਿਆਂ ਕ੍ਰੋਧ ਵੀ ਵਧਦਾ ਹੈ। ਕਿਉਂਕਿ ਰੋਜ਼ ਰੋਜ਼ ਨਵੀਆਂ ਨਵੀਆਂ ਖ਼ਾਹਸ਼ਾਂ ਵਧਦੀਆਂ ਜਾ ਰਹੀਆਂ ਨੇ। ਨਵੀਆਂ ਇੱਛਾਵਾਂ, ਹਰ ਨਵਾਂ ਦਿਨ ਕਿਸੇ ਨਵੀਂ ਇੱਛਾ ਨੂੰ ਪੈਦਾ ਕਰਦਾ ਹੈ। ਪੁਰਾਣੀਆਂ ਖ਼ਾਹਸ਼ਾਂ ਪੂਰੀਆਂ ਨਹੀਂ ਹੁੰਦੀਆਂ, ਨਵੀਆਂ ਪੈਦਾ ਹੋ ਰਹੀਆਂ ਨੇ। ਖ਼ਾਹਸ਼ਾਂ ਦਾ ਇਹ ਜਮਾਉ, ਇੱਛਾਵਾਂ ਦਾ ਇਹ ਇਕੱਠ, ਸ਼ਿਕਵਿਆਂ ਨਾਲ ਭਰ ਦਿੰਦਾ ਹੈ। ਖ਼ਾਹਿਸ਼ ਪੂਰੀ ਨਹੀਂ ਹੋਈ, ਸ਼ਾਇਦ ਇਸਦਾ ਕਾਰਨ ਫ਼ਲਾਂ ਹੈ,



Sri Satguru Jagjit Singh Ji eLibrary NamdhariElibrary@gmail.com

ਫ਼ਲਾਂ ਹੈ। ਇਸ ਤਰ੍ਹਾਂ ਅਧੂਰੀਆਂ ਕਾਮਨਾਵਾਂ, ਅਧੂਰੀਆਂ ਇੱਛਾਵਾਂ, ਕ੍ਰੋਧ ਨੂੰ ਵਧਾਉਂਦੀਆਂ ਨੇ, ਸੁਭਾਉ ਚਿੜਚਿੜਾ ਹੋ ਜਾਂਦੈ। ਉਠਦਿਆਂ ਬੈਠਦਿਆਂ ਚਲਦਿਆਂ ਮਨੁੱਖ ਚਿੜਚਿੜਾ ਰਹਿੰਦਾ ਹੈ। ਔਰ ਇਹੀ ਚਿੜਚਿੜਾਪਨ, ਇਹੀ ਕ੍ਰੋਧ ਸਾਰੇ ਪਰਿਵਾਰ ਦਾ ਦੁਸ਼ਮਨ ਬਣ ਬੈਠਦਾ ਹੈ ਔਰ ਸਾਰਾ ਪਰਿਵਾਰ ਦੁਸ਼ਮਨ ਬਣ ਜਾਂਦਾ ਹੈ। ਕੋਈ ਕੋਲ ਬੈਠ ਕੇ ਰਾਜ਼ੀ ਨਹੀਂ, ਕੋਈ ਗੱਲ ਕਰ ਕੇ ਰਾਜ਼ੀ ਨਹੀਂ। ਅਧੂਰੀਆਂ ਕਾਮਨਾਵਾਂ ਕਰਕੇ ਕ੍ਰੋਧਿਤ ਹੈ। ਕਾਸ਼! ਪ੍ਰਭੂ ਦਾ ਸਿਮਰਨ ਹੁੰਦਾ। ਪ੍ਰਭੂ ਦਾ ਸਿਮਰਨ ਇਕ ਮਹਾਨ ਗੁਣ ਰੱਖਦਾ ਹੈ, ਗ਼ਲਤ ਖ਼ਾਹਿਸ਼ਾਂ ਸਾਰੀਆਂ ਖ਼ਤਮ ਕਰ ਦਿੰਦਾ ਹੈ ਔਰ ਚੰਗੀਆਂ ਪੂਰੀਆਂ ਕਰ ਦਿੰਦਾ ਹੈ ਯਾ ਰਜ਼ਾ ਵਿਚ ਰਾਜ਼ੀ ਰਹਿਣ ਦੀ ਬਿਰਤੀ ਬਣਾ ਦਿੰਦਾ ਹੈ, ਹਰ ਵਕਤ ਮਨੁੱਖ ਸ਼ੁਕਰਾਨੇ ਨਾਲ ਭਰਿਆ ਰਹਿੰਦਾ ਹੈ, ਧੰਨਵਾਦ ਨਾਲ ਭਰਿਆ ਰਹਿੰਦਾ ਹੈ। ਅਗਰ ਗਿਲੇ ਤੇ ਸ਼ਿਕਵੇ ਵਧਦੇ ਜਾਣ ਤਾਂ ਫਿਰ ਕ੍ਰੋਧ ਵਧਦਾ ਰਹਿੰਦਾ ਹੈ। ਧੰਨਵਾਦ ਤੇ ਪ੍ਰਾਰਥਨਾ, ਬਾਰ ਬਾਰ ਸ਼ੁਕਰਾਨਾ, ਕ੍ਰੋਧ ਨੂੰ ਸ਼ਾਂਤ ਕਰ ਦਿੰਦਾ ਹੈ, ਸਿਰਫ਼ ਸ਼ਾਂਤ ਹੀ ਨਹੀਂ ਕਰਦਾ, ਖ਼ਤਮ ਕਰ ਦਿੰਦਾ ਹੈ। ਇਸ ਵਾਸਤੇ ਸਨਿਮਰ ਮਨੁੱਖ ਹਰ ਵੇਲੇ ਧੰਨਵਾਦ ਨਾਲ ਭਰਿਆ ਰਹਿੰਦਾ ਹੈ ਔਰ ਹਰ ਇਕ ਪ੍ਰਤਿ ਧੰਨਵਾਦ ਨਾਲ ਭਰਿਆ ਹੋਇਆ ਉਹ ਪਰਮਾਤਮਾ ਦਾ ਧੰਨਵਾਦ ਕਰਦਾ ਹੈ। ਪਰਮਾਤਮਾ ਦੀ ਕ੍ਰਿਤ ਦਾ ਧੰਨਵਾਦ ਕਰਦਾ ਹੈ ਕਿ ਹੇ ਪ੍ਰਭੂ! ਸੂਰਜ ਬਣ ਕੇ ਤੂੰ ਮੈਨੂੰ ਚਾਨਣਾ ਦੇ ਰਿਹਾ ਹੈਂ, ਹਵਾ ਬਣ ਕੇ ਤੂੰ ਮੈਨੂੰ ਪ੍ਰਾਣ ਦੇ ਰਿਹਾ ਹੈਂ, ਧਰਤੀ ਬਣ ਕੇ ਤੂੰ ਮੈਨੂੰ ਟਿਕਾਣਾ ਦੇ ਰਿਹਾ ਹੈਂ। ਬੜਾ ਸ਼ਾਂਤਮਈ, ਹਰ ਵਕਤ, ਹਰੇਕ ਦੇ ਪ੍ਰਤਿ ਧੰਨਵਾਦ ਨਾਲ ਭਰਿਆ ਰਹਿੰਦਾ ਹੈ। ਲੇਕਿਨ ਕ੍ਰੋਧੀ ਹਰ ਵਕਤ ਤੇ ਹਰੇਕ ਪ੍ਰਤਿ ਕ੍ਰੋਧ ਨਾਲ ਭਰਿਆ ਰਹਿੰਦਾ ਹੈ, ਗਿਲਿਆਂ ਨਾਲ ਭਰਿਆ ਰਹਿੰਦਾ ਹੈ। ਹਰ ਵਕਤ ਧੰਨਵਾਦ ਨਾਲ ਭਰੇ ਰਹਿਣਾ, ਪ੍ਰਾਰਥਨਾ ਨਾਲ ਭਰੇ ਰਹਿਣਾ, ਸ਼ੁਕਰਾਨੇ ਨਾਲ ਹਰ ਵਕਤ ਭਰੇ ਰਹਿਣਾ, ਐਸੀ ਅਵਸਥਾ ਮਨੁੱਖ ਨੂੰ ਪਰਮਾਤਮਾ ਦਾ ਰੂਪ ਬਣਾ ਦੇਂਦੀ ਹੈ। ਔਰ ਹਰ ਵਕਤ ਗਿਲਿਆਂ ਨਾਲ ਭਰੇ ਰਹਿਣਾ, ਸ਼ਿਕਵਿਆਂ ਨਾਲ ਭਰੇ ਰਹਿਣਾ, ਕ੍ਰੋਧ ਨਾਲ ਭਰੇ ਰਹਿਣਾ, ਐਸੀ ਅਵਸਥਾ ਮਨੁੱਖ ਨੂੰ ਸ਼ੈਤਾਨ ਦਾ ਰੂਪ ਬਣਾ ਕੇ ਰੱਖ ਦੇਂਦੀ ਹੈ। ਇਸ ਵਾਸਤੇ ਕ੍ਰੋਧੀ ਨੂੰ ਸ਼ੈਤਾਨ ਕਹਿੰਦੇ ਨੇ ਤੇ ਸ਼ਾਂਤਮਈ ਨੂੰ ਭਗਵਾਨ ਕਹਿੰਦੇ ਨੇ। ਆਇਆ ਤਾਂ ਮਨੁੱਖ ਭਗਵਾਨ ਹੋਣ ਲਈ ਹੈ, ਪਰ ਕ੍ਰੋਧ ਕਰਕੇ ਸ਼ੈਤਾਨ ਬਣ ਜਾਂਦਾ ਹੈ। ਹਰ ਵਕਤ ਧੰਨਵਾਦ ਕਰਨ ਲਈ ਵੀ ਬੜੀ ਸਿਆਣਪ ਚਾਹੀਦੀ ਹੈ। ਥੋੜ੍ਹਾ ਸੋਚ, ਤੂੰ ਛੋਟਾ ਸੀ, ਮਾਸੂਮ ਬਾਲਕ ਸੀ, ਪਰਮਾਤਮਾ ਮਾਂ ਬਣ ਕੇ ਤੇਰਾ ਮਦਦਗਾਰ ਬਣਿਆ, ਪਿਤਾ ਬਣ ਕੇ ਤੇਰਾ ਸਹਾਇਕ ਬਣਿਆ। ਇਹ ਮਾਂ, ਗੋਦ ਵਿਚ ਚੁੱਕ ਕੇ ਤੈਨੂੰ ਖਿਡਾਂਦੀ ਰਹੀ, ਪਿਤਾ ਕੰਧੇ ਦੇ ਉੱਤੇ ਚੁੱਕ ਕੇ ਤੈਨੂੰ



Sri Satguru Jagjit Singh Ji eLibrary NamdhariElibrary@gmail.com

ਲਾਡ ਲਡਾਉਂਦਾ ਰਿਹਾ। ਦੇਖ ਤਾਂ ਸਹੀ, ਇਹ ਮਾਂ ਤੇ ਇਹ ਪਿਤਾ, ਇਹ ਭਗਵਾਨ ਤਾਂ ਨਹੀਂ:

**ਮਾਤ ਪਿਤਾ ਸੁਤ ਬੰਧਪ ਭਾਈ॥**
**ਨਾਨਕ ਹੋਆ ਪਾਰਬ੍ਰਹਮੁ ਸਹਾਈ॥** *(ਬਿਲਾਵਲੁ ਮ: ੫, ਪੰਨਾ 805)*

ਹੇ ਪ੍ਰਭੂ! ਹੇ ਪਰਮਾਤਮਾ! ਤੂੰ ਮਾਂ ਬਣ ਕੇ ਮਦਦਗਾਰ ਬਣਿਆ, ਤੂੰ ਪਿਤਾ ਬਣ ਕੇ ਸਹਾਇਕ ਬਣਿਆ, ਸ਼ੁਕਰ ਹੈ ਤੇਰਾ, ਸ਼ੁਕਰ ਹੈ ਤੇਰਾ। ਪਿਤਾ ਬਿਰਧ ਹੋ ਗਿਐ, ਬੁੱਢਾ ਹੋ ਗਿਐ, ਪੁੱਤਰ ਪਾਣੀ ਦਾ ਗਿਲਾਸ ਲਿਆਇਐ, ਪੋਤਰਾ ਥਾਲੀ ਵਿਚ ਰੋਟੀ ਰੱਖ ਕੇ ਲਿਆਇਐ:

**ਬਿਰਧਿ ਭਇਆ ਊਪਰਿ ਸਾਕ ਸੈਨ॥**
**ਮੁਖਿ ਅਪਿਆਉ ਬੈਠ ਕਉ ਦੈਨ॥** *(ਸੁਖਮਨੀ ਮ: ੫, ਪੰਨਾ 266)*

ਬਿਰਧ ਹੋ ਗਿਐਂ, ਸਾਕ ਸੰਬੰਧੀ ਤੇਰੇ ਮੂੰਹ ਵਿਚ ਗਰਾਹੀਆਂ ਦੇ ਰਹੇ ਨੇ, ਤੇਰੇ ਹੱਥ ਵਿਚ ਦੇ ਰਹੇ ਨੇ। ਹੇ ਪ੍ਰਭੂ! ਇਹ ਤੂੰ ਹੈਂ, "ਮਾਤ ਪਿਤਾ ਸੁਤ ਬੰਧਪ ਭਾਈ॥ ਨਾਨਕ ਹੋਆ ਪਾਰਬ੍ਰਹਮੁ ਸਹਾਈ॥" ਹੁਣ ਸੁਤ ਬਣ ਕੇ, ਪੁੱਤ ਬਣ ਕੇ, ਪੋਤਰਾ ਬਣ ਕੇ ਤੂੰ ਮੇਰਾ ਮਦਦਗਾਰ ਬਣਿਆ ਹੋਇਆ ਹੈਂ। ਜਦ ਮੈਂ ਛੋਟਾ ਸੀ, ਤੂੰ ਮਾਂ ਬਾਪ ਬਣ ਕੇ ਮੇਰਾ ਮਦਦਗਾਰ ਬਣਿਆ। ਜਦ ਮੈਂ ਬੁੱਢਾ ਹੋ ਗਿਆ, ਕਮਜ਼ੋਰ ਹੋ ਗਿਆ ਤਾਂ ਪੁੱਤਰ ਬਣ ਕੇ, ਜਵਾਨ ਪੋਤਰਾ ਬਣ ਕੇ ਤੂੰ ਮੇਰਾ ਮਦਦਗਾਰ ਹੋਇਐਂ। ਜ਼ਰਾ ਸੋਚ ਤਾਂ ਸਹੀ। ਇਹ ਸੋਚਣੀ ਨਿਰਮਾਣ ਬਣਾ ਦੇਂਦੀ ਹੈ। ਇਹ ਸੋਚਣੀ ਧੰਨਵਾਦ ਨਾਲ ਭਰ ਦੇਵੇਗੀ, ਇਹ ਸੋਚਣੀ ਪ੍ਰਾਰਥਨਾ ਨਾਲ ਭਰ ਦੇਵੇਗੀ। ਐਸੀ ਹਾਲਤ ਵਿਚ ਮਨੁੱਖ ਭਗਵਾਨ ਦਾ ਰੂਪ ਹੋ ਜਾਂਦਾ ਹੈ। ਕਿਧਰੇ ਸ਼ਿਕਵੇ, ਮਾਂ 'ਤੇ ਗਿਲੇ, ਪਿਉ 'ਤੇ ਗਿਲੇ, ਪੁੱਤਰ 'ਤੇ ਗਿਲੇ, ਪੋਤਰਿਆਂ 'ਤੇ ਗਿਲੇ, ਪੜੋਸੀਆਂ 'ਤੇ ਗਿਲੇ, ਸ਼ਹਿਰ ਵਾਸੀਆਂ 'ਤੇ ਗਿਲੇ, ਸਾਰੇ ਸੰਸਾਰ 'ਤੇ ਗਿਲੇ, ਫਿਰ ਰੱਬ 'ਤੇ ਗਿਲੇ, ਕਿਤਨਾ ਪ੍ਰਬਲ ਕ੍ਰੋਧ! ਸ਼ਾਇਦ ਕਾਮ ਦਾ ਰੂਪ ਹੋ ਗਿਐ। ਕ੍ਰੋਧੀ ਭੁੱਲ ਕੇ ਵੀ ਨਹੀਂ ਸੋਚਦਾ ਕਿ ਸ਼ਾਇਦ ਮੇਰਾ ਹੀ ਕਸੂਰ ਹੈ। ਔਰ ਸ਼ਾਂਤਮਈ ਮਨੁੱਖ ਕਦੀ ਆਪਣੇ ਸੰਤਾਪ ਲਈ ਦੂਜੇ ਨੂੰ ਦੋਸ਼ੀ ਠਹਿਰਾਂਦਾ ਹੀ ਨਹੀਂ, ਇਹ ਤਾਂ ਸਾਫ਼ ਕਹਿ ਦਿੰਦਾ ਹੈ:

**ਮੁਝ ਅਵਗਨ ਸਹ ਨਾਹੀ ਦੋਸੁ॥** *(ਸੂਹੀ ਫਰੀਦ ਜੀ, ਪੰਨਾ 794)*

'ਮੇਰਾ ਹੀ ਦੋਸ਼ ਹੈ, ਮੇਰਾ ਹੀ ਕਸੂਰ ਹੈ,' ਐਸੀ ਸੋਚਣੀ ਨਿਰਮਾਣ ਬਣਾ ਦੇਂਦੀ ਹੈ। ਦੂਜਿਆਂ ਦਾ ਕਸੂਰ ਹੈ, ਦੂਜਿਆਂ ਦੀ ਜ਼ਿਆਦਤੀ ਹੈ, ਐਸੀ ਸੋਚਣੀ ਕ੍ਰੋਧ ਨਾਲ ਭਰ ਦੇਂਦੀ ਹੈ ਅਰ ਕ੍ਰੋਧ ਦੀ ਅਗਨ ਜਿਥੇ ਬਲ ਰਹੀ ਹੈ, ਉਥੇ ਹਰੀ ਬਨਸਪਤੀ ਕਿਥੇ, ਉਥੇ ਫੁੱਲ ਕਿਥੇ, ਉਥੇ ਫਲ ਕਿਥੇ? ਅਸੀਂ ਵੇਖਦੇ ਹਾਂ ਕਿ



Sri Satguru Jagjit Singh Ji eLibrary NamdhariElibrary@gmail.com

ਬਹੁਤ ਲੂ ਚੱਲ ਰਹੀ ਹੈ, ਧੁੱਪ ਪੈ ਰਹੀ ਹੈ, ਭਿਅੰਕਰ ਗਰਮੀ ਹੈ, ਫੁੱਲ ਮੁਰਝਾ ਜਾਂਦੇ ਨੇ, ਨਹੀਂ ਖਿੜਦੇ, ਪੈਦਾ ਵੀ ਨਹੀਂ ਹੁੰਦੇ। ਦੂਸਰੇ ਪਾਸੇ, ਬਰਫ਼ ਪੈ ਰਹੀ ਹੈ, ਕੱਕਰ ਪੈ ਰਿਹਾ ਹੈ, ਬਰਫ਼ ਜੰਮ ਰਹੀ ਹੈ, ਸੀਤ ਲਹਿਰ ਚੱਲ ਰਹੀ ਹੈ, ਇਥੇ ਵੀ ਕੋਮਲ ਫੁੱਲਾਂ ਦੇ ਪੌਦੇ ਪੈਦਾ ਨਹੀਂ ਹੁੰਦੇ, ਫੁੱਲ ਨਹੀਂ ਖਿੜਦੇ। ਫੁੱਲ ਉਦੋਂ ਖਿੜਦੇ ਨੇ, ਜਦ ਨਾ ਬਹੁਤੀ ਗਰਮੀ ਹੋਵੇ ਨਾ ਬਹੁਤੀ ਸਰਦੀ। ਇਸ ਮੌਸਮ ਨੂੰ ਕਹਿੰਦੇ ਨੇ ਮੌਸਮੇ ਬਹਾਰ, ਬਸੰਤ ਬਹਾਰ। ਫੁੱਲ ਖਿੜਦੇ ਨੇ ਮੌਸਮੇ ਬਹਾਰ ਵਿਚ। ਇਤਨੀ ਗਰਮੀ ਹੈ ਕਿ ਖਿੜਨ ਲਈ ਮਦਦਗਾਰ ਹੋ ਰਹੀ ਹੈ। ਐਸੀ ਠੰਡ ਹੈ ਕਿ ਖੇੜੇ ਲਈ ਸਹਾਇਕ ਹੋ ਰਹੀ ਹੈ। ਕੱਕਰ ਤੇ ਬਰਫ਼ ਦੀ ਤਰ੍ਹਾਂ ਜੰਮਿਆ ਹੋਇਆ ਇਹ ਮਨੁੱਖ ਠੰਡਾ ਕਾਇਰ ਹੁੰਦਾ ਹੈ, ਬੁਜ਼ਦਿਲ ਹੁੰਦਾ ਹੈ। ਉਹ ਸੱਚ ਦੇ ਪੱਖ ਵਿਚ ਖੜਾ ਨਹੀਂ ਹੋ ਸਕਦਾ, ਸੱਚ ਬੋਲ ਨਹੀਂ ਸਕਦਾ, ਸੱਚ ਪਿੱਛੇ ਸ਼ਹਾਦਤ ਨਹੀਂ ਦੇ ਸਕਦਾ। ਪਰ ਬਹੁਤਾ ਗਰਮ ਮਨੁੱਖ ਵੀ ਜ਼ਾਲਮ ਹੁੰਦਾ ਹੈ, ਦੁਸ਼ਟ ਹੁੰਦਾ ਹੈ, ਹਰ ਇਕ ਨੂੰ ਪੈਰਾਂ ਦੇ ਥੱਲੇ ਲਿਤਾੜਦਾ ਹੈ, ਕੁਚਲਦਾ ਹੈ। ਤੋ ਜਿਥੇ ਖ਼ੂਨ ਦੇ ਵਿਚ ਬਹੁਤ ਗਰਮੀ ਹੈ, ਜੀਵਨ ਵਿਚ ਖੇੜਾ ਨਹੀਂ ਆਉਂਦਾ ਔਰ ਜਿਥੇ ਬਹੁਤ ਠੰਡਕ ਹੈ, ਉਥੇ ਵੀ ਇਹ ਖੇੜਾ ਨਹੀਂ ਆਉਂਦਾ। ਜੈਸੇ ਕਿ ਅਸੀਂ ਬਾਹਰ ਬੈਠੇ ਹਾਂ, ਬਾਹਰ ਜ਼ਮੀਨ 'ਤੇ ਲੂ ਚੱਲ ਰਹੀ ਹੈ, ਧੁੱਪ ਅੱਗ ਵਰਸਾ ਰਹੀ ਹੈ, ਫੁੱਲ ਨਹੀਂ ਖਿੜਦੇ; ਇਵੇਂ ਹੀ ਬਾਹਰ ਸੀਤ ਲਹਿਰ ਚੱਲ ਰਹੀ ਹੈ, ਬਰਫ਼ ਪੈ ਰਹੀ ਹੈ, ਤਾਂ ਵੀ ਫੁੱਲ ਨਹੀਂ ਖਿੜਦੇ। ਮਹਾਨ ਸੰਤ ਕਵੀ ਔਰ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਅਨਿੰਨ ਸੇਵਕ ਭਾਈ ਸਾਹਿਬ ਨੰਦ ਲਾਲ ਜੀ ਇਸ ਦ੍ਰਿਸ਼ ਨੂੰ ਆਪਣੇ ਸ਼ਬਦਾਂ ਵਿਚ ਬੜੇ ਸੋਹਣੇ ਢੰਗ ਨਾਲ ਬਿਆਨ ਕਰਦੇ ਨੇ। ਅਸੀਂ ਬਹੁਤ ਗਰਮ ਜੂਨਾਂ ਵਿੱਚੋਂ ਲੰਘੇ ਹਾਂ। ਸ਼ੇਰ ਹੈ, ਚੀਤਾ ਹੈ, ਬਘਿਆੜ ਹੈ, ਬਾਜ਼ ਹੈ, ਇੱਲ ਹੈ, ਕਊਆ ਹੈ, ਇਸ ਤਰ੍ਹਾਂ ਦੀਆਂ ਬਹੁਤ ਗਰਮ ਜੂਨੀਆਂ ਵਿੱਚੋਂ ਲੰਘੇ ਹਾਂ, ਗਰਮ ਬਨਸਪਤੀ ਦੇ ਵਿੱਚੋਂ, ਗਰਮ ਸੁਭਾਅ ਦੇ ਪੰਛੀ, ਗਰਮ ਸੁਭਾਅ ਦੇ ਚਉਪਾਇ। ਫਿਰ ਐਸਿਆਂ ਵਿੱਚੋਂ ਵੀ ਲੰਘੇ ਹਾਂ—ਬਹੁਤ ਠੰਡੇ, ਲੂਮੜੀ ਹੈ, ਗਿੱਦੜ ਹੈ, ਰੇਸ਼ਮ ਦੇ ਕੀੜੇ ਨੇ ਔਰ ਮਾਸੂਮ ਪੰਛੀ ਨੇ, ਬਹੁਤ ਠੰਡੇ, ਕੋਈ ਵੀ ਚਾਹੇ ਹਮਲਾ ਕਰ ਦੇਵੇ। ਬਹੁਤ ਗਰਮ ਯਾਨਿ ਹਰ ਇਕ 'ਤੇ ਹਮਲਾ ਕਰਨਾ। ਇਸ ਤਰ੍ਹਾਂ ਦੀਆਂ ਜੂਨੀਆਂ ਵਿੱਚੋਂ ਲੰਘ ਚੁੱਕੇ ਹਾਂ। ਭਾਈ ਸਾਹਿਬ ਕਹਿੰਦੇ ਨੇ ਕਿ ਹੁਣ ਤਾਂ ਮਨੁੱਖਾ ਜਨਮ ਦੀ ਬਹਾਰ ਆਈ ਹੈ। ਇਹ ਮਾਨਸ ਤਨ, ਇਹ ਮਨੁੱਖੀ ਜ਼ਿੰਦਗੀ, ਇਹ ਤਾਂ ਬਹਾਰ ਹੈ ਤੇ ਜਦ ਬਹਾਰ ਹੈ ਤੇ ਜਿਵੇਂ ਬਹਾਰ ਵਿਚ ਫੁੱਲ ਖਿੜਦੇ ਨੇ, ਤੂੰ ਵੀ ਖਿੜ ਜਾ, ਤੂੰ ਮੁਰਝਾ ਨਾ, ਤੂੰ ਕੁਮਲਾ ਨਾ, ਤੂੰ ਖਿੜ। ਤੋ ਬੜੇ ਸੁੰਦਰ ਬੋਲ ਨੇ :



Sri Satguru Jagjit Singh Ji eLibrary NamdhariElibrary@gmail.com

*ਬਾਹੋਸ਼ ਬਾਸ਼ ਕਿ ਹੰਗਾਮੇ ਨੌਂ ਬਹਾਰ ਆਮਦ।*
*ਬਹਾਰ ਆਮਦੋ ਯਾਰ ਆਮਦੋ ਕਰਾਰ ਆਮਦ।*

ਸਿਆਣਾ ਮਨੁੱਖ ਕਹਿ ਸਕਦਾ ਹੈ ਕਿ ਬਹਾਰ ਤੇ ਹੈ, ਪਰ ਯਾਰ ਤੋਂ ਬਿਨਾਂ ਕੀ ਬਹਾਰ। ਬਹਾਰਾਂ ਤਾਂ ਯਾਰਾਂ ਨਾਲ ਹਨ। ਖੇੜੇ ਤਾਂ ਖ਼ੁਸ਼ੀ ਆਪਣਿਆਂ ਨਾਲ, ਮਿੱਤਰਾਂ ਨਾਲ, ਦੋਸਤਾਂ ਨਾਲ ਹਨ। ਕੋਈ ਯਾਰ ਹੀ ਨਹੀਂ ਤੇ ਬਹਾਰ ਨੂੰ ਕੀ ਕਰੀਏ। ਮਨੁੱਖਾ ਜਨਮ ਦੀ ਬਹਾਰ ਤਾਂ ਆਈ ਹੈ, ਪਰ ਯਾਰ ਨਹੀਂ ਹੈ। ਤੇ ਭਾਈ ਸਾਹਿਬ ਬੜਾ ਸੁੰਦਰ ਫ਼ੁਰਮਾਨ ਕਰਦੇ ਨੇ:

*ਬਹਾਰ ਆਮਦੋ ਯਾਰ ਆਮਦੋ ਕਰਾਰ ਆਮਦ।*

ਦੇਖ ਤਾਂ ਸਹੀ, ਜਿਥੇ ਮਨੁੱਖਾ ਤਨ ਦੀ ਬਹਾਰ ਆਈ ਹੈ, ਉਥੇ ਕਲਗ਼ੀਧਰ ਜੈਸਾ ਯਾਰ ਵੀ ਆਇਐ। ਉਥੇ ਧੰਨ ਗੁਰੂ ਗੋਬਿੰਦ ਸਿੰਘ ਜੈਸਾ ਯਾਰ ਵੀ ਆਇਐ। ਸਿਆਣੇ ਕਹਿੰਦੇ ਨੇ ਕਿ ਫੁੱਲਾਂ ਉੱਤੇ ਜਦ ਬੁਲਬੁਲਾਂ ਚਹਿਚਹਾਂਦੀਆਂ ਨੇ, ਨਗ਼ਮੇ ਗਾਉਂਦੀਆਂ ਨੇ, ਖਿੜ ਉਠਦੇ ਨੇ ਫੁੱਲ, ਚਟਕ ਉਠਦੇ ਨੇ ਗੁੰਚੇ। ਆਦਿ ਕਾਲ ਤੋਂ ਇਹ ਮਨੌਤ ਚਲੀ ਆਈ ਹੈ ਕਿ ਸੰਗੀਤ ਦਾ ਫੁੱਲਾਂ ਉੱਤੇ ਬਹੁਤ ਪ੍ਰਭਾਉ ਹੈ ਔਰ ਸੰਗੀਤ ਵਧੀਆ ਹੈ ਤਾਂ ਫੁੱਲ ਖਿੜਦੇ ਨੇ, ਬਹੁਤ ਖਿੜਦੇ ਨੇ। ਤੇ ਭਾਈ ਸਾਹਿਬ ਕਹਿੰਦੇ ਨੇ:

*ਖ਼ਬਰ ਦਿਹਿੰਦ ਬਿ ਗੁਲਹਾ ਕਿ ਸ਼ਗੁਫਤੰਦ ਹਮਹ।*

ਸਾਰੇ ਫੁੱਲਾਂ ਨੂੰ ਖ਼ਬਰ ਕਰ ਦਿਉ, ਦੱਸ ਦਿਉ, ਕੋਈ ਵਾਂਝਾ ਨਾ ਰਹਿ ਜਾਏ, ਸਭ ਦੇ ਕੰਨੀਂ ਖ਼ਬਰ ਪਹੁੰਚਾ ਦਿਉ, ਹਰ ਇਕ ਫੁੱਲ ਨੂੰ ਦੱਸ ਦਿਉ— 'ਖ਼ਬਰ ਦਿਹਿੰਦ ਬਿ ਗੁਲਹਾ ਕਿ ਸ਼ਗੁਫਤੰਦ ਹਮਹ। ਅਜ਼ੀਂ ਨਵੇਦ ਕਿ ਆਂ ਬੁਲਬੁਲੇ ਹਜ਼ਾਰ ਆਮਦ।' ਹਜ਼ਾਰਾਂ ਤਰ੍ਹਾਂ ਦੇ ਨਗ਼ਮੇ ਲੈ ਕੇ, ਹਜ਼ਾਰਾਂ ਤਰ੍ਹਾਂ ਦੇ ਗੀਤ ਲੈ ਕੇ, ਦੇਖ ਤਾਂ ਸਹੀ, ਗੁਰੂ ਗੋਬਿੰਦ ਸਿੰਘ ਜੈਸੀ ਬੁਲਬੁਲ ਆਈ ਹੈ। ਇਕ ਨਗ਼ਮਾ ਲੈ ਕੇ, ਇਕ ਸ਼ਬਦ ਲੈ ਕੇ, ਪਤਾ ਨਹੀਂ ਕਿਤਨੇ ਸ਼ਬਦ ਲੈ ਕੇ, ਰੱਬੀ ਰਸ ਨਾਲ ਭਰੇ ਹੋਏ, ਆਨੰਦ ਨਾਲ ਭਰੇ ਹੋਏ, ਤੂੰ ਸੁਣ ਤਾਂ ਸਹੀ। ਆ ਜਾ ਖੇੜੇ ਦੇ ਵਿਚ। ਬਹਾਰ ਨੂੰ ਅਜਾਈਂ ਨਾ ਜਾਣ ਦੇਹ। ਯਾਰ ਵੀ ਆਇਆ ਹੈ, ਯਾਰ ਨਗ਼ਮੇ ਵੀ ਲੈ ਕੇ ਆਇਆ ਹੈ, ਗੀਤ ਲੈ ਕੇ ਆਇਆ ਹੈ। ਕਮਾਲ ਹੈ, ਭਾਈ ਸਾਹਿਬ ਜੀ ਦੀ ਇਸ ਤਰਜ਼ੇ-ਬਿਆਨੀ ਦੇ! ਬਦਕਿਸਮਤ ਹੈ ਮਨੁੱਖ, ਯਾਰ ਤੇ ਸੰਗੀਤ ਹੈ, ਫਿਰ ਵੀ ਕੁਮਲਾਇਆ ਹੋਇਆ ਹੈ। ਸ਼ੁਕਰਾਨੇ ਨਾਲ ਨਹੀਂ ਭਰਿਆ, ਗਿਲਿਆਂ ਨਾਲ ਹੀ ਭਰਿਆ ਹੈ। ਪ੍ਰਾਰਥਨਾ ਨਾਲ ਨਹੀਂ ਭਰਿਆ, ਵਾਸ਼ਨਾ ਨਾਲ ਭਰਿਆ ਹੈ, ਸ਼ਿਕਵਿਆਂ ਨਾਲ ਭਰਿਆ ਹੈ। ਕ੍ਰੋਧ ਹੈ ਤੇ ਕ੍ਰੋਧੀ ਮਨੁੱਖ ਧੰਨਵਾਦੀ ਨਹੀਂ ਹੋ ਸਕਦਾ। ਕ੍ਰੋਧੀ ਮਨੁੱਖ ਝੁਕ ਨਹੀਂ ਸਕਦਾ, ਕ੍ਰੋਧੀ



Sri Satguru Jagjit Singh Ji eLibrary NamdhariElibrary@gmail.com

ਮਨੁੱਖ ਪ੍ਰਾਰਥਨਾਮਈ ਨਹੀਂ ਹੋ ਸਕਦਾ। ਤੇ ਜਿਥੇ ਪ੍ਰਾਰਥਨਾ ਨਹੀਂ, ਉਥੇ ਪਰਮਾਤਮਾ ਕਿਥੇ। ਪੰਡਿਤ ਗੁਲਾਬ ਸਿੰਘ ਜੀ ਮਹਾਰਾਜ *ਪ੍ਰਬੋਧ ਚੰਦ੍ਰ* ਨਾਟਕ ਦੇ ਕਰਤਾ ਦਾ ਬਹੁਤ ਸੁੰਦਰ ਇਕ ਗ੍ਰੰਥ ਹੈ। ਉਸ ਵਿਚ ਮੋਹ ਤੇ ਵਿਵੇਕ ਦੀ ਆਪ ਨੇ ਜੰਗ ਲਿਖੀ ਹੈ। ਇਕ ਪਾਸੇ ਰਾਜਾ ਮੋਹ ਹੈ। ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਇਨ੍ਹਾਂ ਪੰਜਾਂ ਵਿਸ਼ਿਆਂ ਨੂੰ ਜਿਹੜੀ ਤਰਤੀਬ ਦਿੱਤੀ ਹੈ, ਸਭ ਤੋਂ ਪ੍ਰਿਥਮ ਮੋਹ, ਫਿਰ ਕਾਮ, ਫਿਰ ਕ੍ਰੋਧ, ਫਿਰ ਲੋਭ, ਫਿਰ ਅਹੰਕਾਰ। ਪਹਿਲੇ ਮੋਹ ਨੂੰ ਲਈਏ। *ਪ੍ਰਬੋਧ ਚੰਦ੍ਰ* ਨਾਟਕ ਦਾ ਕਰਤਾ ਮਹਾਨ ਪੰਡਿਤ ਔਰ ਮਹਾਨ ਦਾਰਸ਼ਨਿਕ ਪੰਡਿਤ ਗੁਲਾਬ ਸਿੰਘ ਜੀ ਮਹਾਰਾਜ ਨਿਰਮਲੇ, ਉਹ ਵੀ ਮੋਹ ਨੂੰ ਰਾਜਾ ਮੰਨਦੇ ਨੇ, ਬਾਕੀ ਸਭ ਸੈਨਾ ਹੈ। ਇਕ ਪਾਸੇ ਮੋਹ ਰਾਜਾ, ਇਕ ਪਾਸੇ ਵਿਵੇਕ। ਮੋਹ ਦੇ ਸੈਨਾਪਤੀ ਨੇ ਕ੍ਰੋਧ, ਲੋਭ, ਅਹੰਕਾਰ। ਵਿਵੇਕ ਦੀ ਵੀ ਸੈਨਾ ਹੈ—ਸ਼ਾਂਤੀ, ਪ੍ਰਾਰਥਨਾ, ਗਿਆਨ, ਦਇਆ, ਸੀਲ-ਸੰਜਮ, ਇਤਿਆਦਿਕ। ਦੋਵੇਂ ਆਹਮਣੇ-ਸਾਹਮਣੇ ਨੇ ਔਰ ਗ੍ਰੰਥਕਾਰ ਬੜੀ ਸੁੰਦਰ ਵਿਆਖਿਆ ਕਰਦਾ ਹੈ। ਬੈਠਾ ਹੈ ਮੋਹ ਰਾਜਾ, ਉਦਾਸ ਤੇ ਨਿਰਾਸ਼। ਕ੍ਰੋਧ ਆ ਕੇ ਪੁੱਛਦਾ ਹੈ ਕਿ ਰਾਜਨ, ਇਤਨੇ ਦੁਖੀ ਕਿਉਂ ? ਇਤਨੇ ਬੇਜ਼ਾਰ, ਇਤਨੇ ਨਿਰਾਸ਼ ਕਿਉਂ ? ਦੇਖਦਾ ਨਹੀਂ, ਸੀਲ ਤੇ ਸੰਜਮ ਨੇ ਕਾਮ ਨੂੰ ਮਾਰ ਦਿੱਤਾ ਹੈ, ਵਾਸ਼ਨਾ ਨੂੰ ਮਾਰ ਦਿੱਤਾ ਹੈ। ਔਰ ਜੋ ਸਾਹਮਣੇ ਖੜ੍ਹਾ ਹੈ ਗਿਆਨ, ਉਹ ਜੋ ਆਪਣੇ ਨਾਲ ਲਈ ਖੜ੍ਹਾ ਹੈ ਸ਼ਾਂਤੀ, ਦੂਰ-ਦ੍ਰਿਸ਼ਟਾ, ਇਸ ਨੇ ਖ਼ਤਮ ਕਰ ਦਿੱਤਾ ਹੈ ਅਹੰਕਾਰ। ਉਹ ਦੇਖ, ਜੋ ਸਾਹਮਣੇ ਖੜ੍ਹਾ ਹੈ ਸੰਤੋਖ, ਉਸਨੇ ਲੋਭ ਦੇ ਵੀ ਟੁਕੜੇ ਟੁਕੜੇ ਕਰ ਦਿੱਤੇ ਨੇ। ਐਸੇ ਸ਼ਕਤੀਸ਼ਾਲੀ ਸੈਨਾਪਤੀ ਜਿਸ ਰਾਜੇ ਦੇ ਮਾਰੇ ਜਾਣ, ਉਸ ਦੀਆਂ ਤਾਂ ਬਾਹਵਾਂ ਟੁੱਟ ਜਾਂਦੀਆਂ ਨੇ। ਹੇ ਕ੍ਰੋਧ! ਮੈਂ ਇਸ ਵਾਸਤੇ ਉਦਾਸ ਬੈਠਾ ਹਾਂ, ਨਿਰਾਸ਼ ਬੈਠਾ ਹਾਂ ਕਿ ਹੁਣ ਤਾਂ ਹਾਰ ਯਕੀਨੀ ਹੈ, ਮਾਰੇ ਜਾਵਾਂਗੇ, ਖ਼ਤਮ ਹੋ ਜਾਵਾਂਗੇ। ਤੋ ਪੰਡਿਤ ਗੁਲਾਬ ਸਿੰਘ ਜੀ ਮਹਾਰਾਜ ਲਿਖਦੇ ਨੇ "ਕ੍ਰੋਧੋ ਵਾਕਿ"—ਉਸ ਵਕਤ ਕ੍ਰੋਧ ਬੋਲਦਾ ਹੈ—ਨਹੀਂ, ਮੋਹ ਰਾਜਨ, ਉਦਾਸ ਹੋਣ ਦੀ ਲੋੜ ਨਹੀਂ, ਨਿਰਾਸ਼ ਹੋਣ ਦੀ ਲੋੜ ਨਹੀਂ। ਮੈਂ ਜੁ ਮੌਜੂਦ ਹਾਂ, ਮੈਨੂੰ ਭੇਜੋ, ਮੈਂ ਲੜਾਂਗਾ, ਮੈਂ ਯੁੱਧ ਕਰਾਂਗਾ। ਮੋਹ ਕਹਿੰਦੈ—ਜਿਥੇ ਕਾਮ ਮਰ ਗਿਆ, ਲੋਭ ਖ਼ਤਮ ਹੋ ਗਿਆ, ਅਹੰਕਾਰ ਦੇ ਟੁਕੜੇ ਟੁਕੜੇ ਹੋ ਗਏ, ਤੂੰ ਕੀ ਕਰੇਂਗਾ। ਦੇਖਦਾ ਨਹੀਂ ਸਾਹਮਣੇ ਗਿਆਨ ਖੜ੍ਹਾ ਹੈ, ਸੰਤੋਖ ਨੂੰ ਨਾਲ ਲੈ ਕੇ। ਵਿਵੇਕ ਰਾਜਾ ਆਪਣੇ ਨਾਲ ਸ਼ਾਂਤੀ ਲਈ ਖੜ੍ਹਾ ਹੈ, ਸ਼ੀਲ ਖੜ੍ਹਾ ਹੈ, ਸੰਜਮ ਖੜ੍ਹਾ ਹੈ, ਦੂਰ-ਦ੍ਰਿਸ਼ਟਾ ਖੜ੍ਹੀ ਹੈ, ਲੰਬੀਆਂ ਨਿਗਾਹਾਂ ਖੜ੍ਹੀਆਂ ਨੇ, ਲੰਬੀ ਸੋਚਣੀ ਖੜ੍ਹੀ ਹੈ। ਕੀ ਕਰੇਂਗਾ ਤੂੰ, ਉਥੇ ਤੇਰੀ ਨਹੀਂ ਚੱਲਣੀ। ਤੋ ਕ੍ਰੋਧ ਬੋਲਦਾ ਹੈ, ਪੰਡਿਤ ਜੀ *ਪ੍ਰਬੋਧ ਚੰਦ੍ਰ* ਨਾਟਕ ਵਿਚ ਇਸ ਤਰ੍ਹਾਂ ਲਿਖਦੇ ਨੇ :



Sri Satguru Jagjit Singh Ji eLibrary NamdhariElibrary@gmail.com

*ਅੰਧ ਕਰਉਂ ਦ੍ਰਿਗਵੰਤਨ ਕੋ ਸੁਤਵੰਤਨ ਕੋ ਬਦਰੋ ਕਰ ਡਾਰਉਂ।*
*ਧ੍ਰਿਤਵੰਤਨ ਕੋ ਸੁ ਅਧੀਰ ਕਰਉਂ ਔਰ ਚਾਤੁਰ ਕੀ ਮਤ ਦੂਰ ਨਿਵਾਰਉਂ।*

ਅੰਧਾ ਕਰ ਦਿਆਂਗਾ, ਜਿਨ੍ਹਾਂ ਦੀਆਂ ਨਿਗਾਹਾਂ ਬੜੀਆਂ ਲੰਬੀਆਂ ਨੇ, ਜੋ ਦੂਰ ਤਕ ਵੇਖਦੇ ਨੇ, ਆਪਣੇ ਪੈਰਾਂ ਨੂੰ ਵੀ ਦੇਖ ਨਹੀਂ ਸਕਣਗੇ ਕਿ ਕਿਥੇ ਖੜ੍ਹੇ ਹਾਂ, ਮੈਨੂੰ ਭੇਜ ਕੇ ਤਾਂ ਦੇਖੋ। ਅੰਧਾ ਕਰ ਦਿਆਂਗਾ ਜੋ ਪਾਰਦਰਸ਼ੀ ਨੇ, ਪਾਰ ਤਕ ਦੇਖਦੇ ਨੇ, ਉਰਾਰ ਵੀ ਨਹੀਂ ਦਿਖਾਈ ਦੇਵੇਗਾ। ਜੋ ਲੰਬੀਆਂ ਨਿਗਾਹਾਂ ਰੱਖਦੇ ਨੇ, ਲੰਬੀ ਨਜ਼ਰ ਰੱਖਦੇ ਨੇ, ਦੂਰ-ਦ੍ਰਿਸ਼ਟਾ ਰੱਖਦੇ ਨੇ, ਇਹ ਵੀ ਨਹੀਂ ਦੇਖ ਸਕਣਗੇ ਕਿ ਕਿਥੇ ਖੜ੍ਹੇ ਨੇ, ਮੈਨੂੰ ਭੇਜ ਕੇ ਦੇਖੋ। 'ਅੰਧ ਕਰਉਂ ਦ੍ਰਿਗਵੰਤਨ ਕੋ ਸੁਤਵੰਤਨ ਕੋ ਬਦਰੋ ਕਰ ਡਾਰਉਂ।' ਜਿਹੜੇ ਵਿਚਾਰਕ ਨੇ, ਸੂਝਵਾਨ ਨੇ, ਪਾਗਲ ਕਰ ਕੇ ਰੱਖ ਦਿਆਂਗਾ, ਹਿਲਾ ਦਿਆਂਗਾ ਉਨ੍ਹਾਂ ਦੀ ਸੋਚਣੀ ਨੂੰ, ਹਿਲਾ ਦਿਆਂਗਾ ਉਨ੍ਹਾਂ ਦੀ ਵਿਚਾਰ ਸ਼ਕਤੀ ਨੂੰ। 'ਧ੍ਰਿਤਵੰਤਨ ਕੋ ਸੁ ਅਧੀਰ ਕਰਉਂ ਔਰ ਚਾਤੁਰ ਕੀ ਮਤ ਦੂਰ ਨਿਵਾਰਉਂ।' ਧੀਰਜਵਾਨ ਨੂੰ, ਸਬਰਵਾਨ ਨੂੰ, ਮੈਂ ਬੇਸਬਰਾ ਕਰ ਕੇ ਰੱਖ ਦਿਆਂਗਾ, ਜਲਦਬਾਜ਼ ਬਣਾ ਦਿਆਂਗਾ। ਕ੍ਰੋਧੀ ਬਹੁਤ ਜਲਦਬਾਜ਼ ਹੁੰਦਾ ਹੈ। ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਮਹਾਂ ਸੁੰਦਰ ਵਾਕ 'ਜ਼ਫ਼ਰਨਾਮੇ' ਵਿਚ ਔਰੰਗਜ਼ੇਬ ਨੂੰ ਇੰਜ ਲਿਖਿਆ ਹੈ :

**ਚਿਹ ਖ਼ੂਬ ਗੁਫ਼ਤ ਫ਼ਿਰਦੌਸੀਏ ਖ਼ੁਸ਼-ਜ਼ਬਾਂ।**
**ਸ਼ਿਤਾਬੀ ਬਵਦ ਕਾਰੇ ਅਹਿਰਮਨਾਂ।**

ਆਪ ਫ਼ੁਰਮਾਉਂਦੇ ਨੇ ਕਿ ਐ ਔਰੰਗਜ਼ੇਬ! ਕਿਤਨਾ ਸੁੰਦਰ ਲਿਖਿਆ ਹੈ, ਤੇਰੇ ਹਮਦੀਨ ਜਨਾਬ ਫ਼ਿਰਦੌਸੀ ਨੇ। ਇਰਾਨ ਦਾ ਮਾਇਆਨਾਜ਼ ਸ਼ਾਇਰ, ਮਹਾਨ ਸੂਝਵਾਨ, ਦੂਰਦ੍ਰਿਸ਼ਟ। ਐ ਔਰੰਗਜ਼ੇਬ! ਤੂੰ ਮੇਰੇ ਬੋਲਾਂ ਤੋਂ ਕੁਛ ਨਹੀਂ ਸਿੱਖਿਆ, ਨਾ ਹੀ ਸਿੱਖਣਾ ਚਾਹੁਨਾ ਏਂ। ਕਮ-ਅਜ਼-ਕਮ ਫ਼ਿਰਦੌਸੀ ਨੂੰ ਪੜ੍ਹ ਲੈਂਦਾ, ਫ਼ਿਰਦੌਸੀ ਦੇ ਬੋਲ ਸੁਣ ਲੈਂਦਾ, 'ਚਿਹ ਖ਼ੂਬ ਗੁਫ਼ਤ ਫ਼ਿਰਦੌਸੀਏ ਖ਼ੁਸ਼-ਜ਼ਬਾਂ। ਸ਼ਿਤਾਬੀ ਬਵਦ ਕਾਰੇ ਅਹਿਰਮਨਾਂ।' ਕਿਤਨਾ ਸੋਹਣਾ ਉਸਨੇ ਲਿਖਿਆ ਹੈ ਕਿ ਜਲਦਬਾਜ਼ੀ ਕਰਨਾ ਸ਼ੈਤਾਨ ਦਾ ਕੰਮ ਹੈ। ਤੂੰ ਬਹੁਤ ਜਲਦੀ ਕੀਤੀ, ਕ੍ਰੋਧੀ ਬਹੁਤ ਜਲਦਬਾਜ਼ ਹੁੰਦਾ ਹੈ। ਤੂੰ ਜਲਦਬਾਜ਼ੀ ਵਿਚ ਪਿਉ ਨੂੰ ਕੈਦ ਕੀਤਾ, ਭਰਾਵਾਂ ਨੂੰ ਕਤਲ ਕੀਤਾ, ਭੈਣ ਜ਼ਹਾਂਆਰਾ ਨੂੰ ਵੀ ਜੇਲ੍ਹ ਵਿਚ ਪਾਇਆ। ਐ ਔਰੰਗਜ਼ੇਬ! ਤੇਰੀ ਜਲਦਬਾਜ਼ੀ ਤੇ ਕ੍ਰੋਧ ਨੇ ਪਤਾ ਨਹੀਂ ਕਿਤਨੇ ਮਾਸੂਮਾਂ ਦੀ ਜਾਨ ਲਈ। ਸਰਮਦ ਜੈਸੇ ਸੂਫ਼ੀ ਫ਼ਕੀਰ, ਫਿਰ ਮੇਰੇ ਮਾਸੂਮ ਲਾਡਲੇ, ਤਿਆਗ ਤੇ ਵੈਰਾਗ ਦੀ ਮੂਰਤੀ ਧੰਨ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ, ਸਭ ਤੇਰੇ ਕ੍ਰੋਧ ਦਾ ਕਾਰਨਾਮੈ। ਸਭ ਤੇਰੀ ਜਲਦਬਾਜ਼ੀ ਦਾ ਕਾਰਨਾਮੈ। ਤੂੰ ਰੰਚਕ



Sri Satguru Jagjit Singh Ji eLibrary NamdhariElibrary@gmail.com

ਮਾਤਰ ਵੀ ਸੋਚਿਆ ਨਹੀਂ। ਪੰਡਿਤ ਗੁਲਾਬ ਸਿੰਘ ਜੀ ਠੀਕ ਲਿਖਦੇ ਨੇ— ਕ੍ਰੋਧ ਕਹਿ ਰਿਹਾ ਹੈ ਕਿ ਸੋਚੇਗਾ ਹੀ ਨਹੀਂ ਮਨੁੱਖ, ਉਹਦੇ ਵਿਚ ਧੀਰਜ ਹੀ ਨਹੀਂ ਰਹੇਗਾ, ਦੂਰ-ਦ੍ਰਿਸ਼ਟਾ ਹੀ ਨਹੀਂ ਰਹੇਗੀ। ਜਿਤਨਾ ਸਿਆਣਾ ਹੋਵੇਗਾ, ਮੂਰਖ ਹੋ ਜਾਏਗਾ।

*ਧ੍ਰਿਤਵੰਤਨ ਕੋ ਸੁ ਅਧੀਰ ਕਰਉਂ ਔਰ ਚਾਤੁਰ ਕੀ ਮਤ ਦੂਰ ਨਿਵਾਰਉਂ।*
*ਇਤ ਕਾਰਜ ਨਾਹਿ ਪਿਖੈ ਕਬਹੀ ਜਿਨ ਕੇ ਉਹ ਭੀਤਰ ਹੀ ਮੈ ਪਗੁ ਡਾਰਉਂ।*
*ਇਤ ਆਤਮ ਕੋ ਨਾ ਸੁਨੈ ਕਬਹੂੰ ਪੜਿਓ ਜੋ ਖਿਨ ਮਾਹਿ ਬਸਾਰਉਂ।*

ਸੁਣ ਐ ਮੋਹ ਰਾਜਨ! ਮੇਰੀ ਕਰਾਮਾਤ ਦੇਖ, ਮੈਂ ਜਿਸ ਹਿਰਦੇ ਵਿਚ ਆਪਣਾ ਪੈਰ ਰਖ ਦੇਵਾਂਗਾ, ਉਹ ਆਪਣਾ ਵਿਗੜਦਾ ਹੋਇਆ ਕੰਮ ਵੀ ਨਹੀਂ ਦੇਖ ਸਕੇਗਾ ਕਿ ਕਿਤਨਾ ਵਿਗੜਿਆ ਹੈ, ਮੇਰਾ ਕਿਤਨਾ ਨਾਸ਼ ਹੋ ਗਿਆ ਹੈ। ਉਹ ਆਪਣੀ ਆਤਮਾ ਦੀ ਆਵਾਜ਼ ਵੀ ਨਹੀਂ ਸੁਣ ਸਕੇਗਾ। ਐ ਮੋਹ ਰਾਜਨ! ਤੂੰ ਮੈਨੂੰ ਭੇਜ ਕੇ ਦੇਖ। ਜ਼ਿੰਦਗੀ ਭਰ ਜੋ ਪੜ੍ਹਿਆ ਹੋਵੇਗਾ, ਸਾਲਾਂ ਬੱਧੀ ਜੋ ਪੜ੍ਹਿਆ ਹੋਵੇਗਾ, ਇਕ ਛਿਣ ਵਿਚ ਮੈਂ ਭੁਲਾ ਕੇ ਰੱਖ ਦਿਆਂਗਾ, ਇਕ ਪਲ ਵਿਚ ਮੈਂ ਭੁਲਾ ਕੇ ਰੱਖ ਦਿਆਂਗਾਂ। ਕ੍ਰੋਧ ਦੇ ਵਿਚ ਪੜ੍ਹਿਆ ਹੋਇਆ ਮਨੁੱਖ ਅਨਪੜ੍ਹ ਲਗਦਾ ਹੈ। ਕ੍ਰੋਧ ਦੇ ਵਿਚ ਜਲਿਆ ਹੋਇਆ ਮਨੁੱਖ ਮੂੜ੍ਹ ਲਗਦਾ ਹੈ, ਕ੍ਰੋਧੀ ਤਾਂ ਸ਼ੈਤਾਨ ਲਗਦਾ ਹੈ, ਨਹੀਂ ਮਹਿਸੂਸ ਹੁੰਦਾ ਕਿ ਇਹ ਪੜ੍ਹਿਆ ਲਿਖਿਆ ਹੋਵੇਗਾ, ਇਹ ਦਾਰਸ਼ਨਿਕ ਹੋਵੇਗਾ, ਇਹ ਫ਼ਿਲਾਸਫ਼ਰ ਹੋਵੇਗਾ, ਇਹ ਚਾਤੁਰ ਹੋਵੇਗਾ। 'ਪੜਿਓ ਜੋ ਖਿਨ ਮਾਹਿ ਬਸਾਰਉਂ' ਜੀਵਨ ਭਰ ਵਿਚ ਜੋ ਇਸਨੇ ਪੜ੍ਹਿਆ ਹੈ, ਇਕ ਸੈਕਿੰਡ ਵਿਚ ਭੁਲਾ ਕੇ ਰੱਖ ਦਿਆਂਗਾ। ਇਕ ਖਿਣ ਵਿਚ ਭੁਲਾ ਕੇ ਰੱਖ ਦਿਆਂਗਾ। ਕ੍ਰੋਧ ਵੀ ਮਹਾਨ ਤੇ ਪ੍ਰਬਲ ਸ਼ਕਤੀ ਹੈ, ਜਿਸ ਨੂੰ ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਆਪਣੇ ਪਾਵਨ ਪਵਿੱਤਰ ਵਾਕ ਸਲੋਕ ਸਹਸਕ੍ਰਿਤੀ ਵਿਚ ਇਸ ਤਰ੍ਹਾਂ ਬਿਆਨ ਕਰਦੇ ਹਨ:

**ਹੇ ਕਲਿ ਮੂਲ ਕ੍ਰੋਧੰ ਕਦੰਚ ਕਰੁਣਾ ਨ ਉਪਰਜਤੇ॥**
**ਬਿਖਯੰਤ ਜੀਵੰ ਵਸੵੰ ਕਰੋਤਿ ਨਿਰਤੵੰ ਕਰੋਤਿ ਜਥਾ ਮਰਕਟਹ॥**

ਕਲੇਸ਼ ਦੀ ਜੜ੍ਹ, ਝਗੜੇ ਦਾ ਮੂਲ ਕ੍ਰੋਧ ਹੈ। ਝਗੜਾ ਚਾਹੇ ਘਰ ਵਿਚ ਹੈ, ਮੂਲ ਕ੍ਰੋਧ ਹੈ। ਝਗੜਾ ਚਾਹੇ ਬਾਜ਼ਾਰ ਵਿਚ ਹੈ, ਮੂਲ ਕ੍ਰੋਧ ਹੈ। ਝਗੜਾ ਚਾਹੇ ਸਾਰੇ ਸ਼ਹਿਰ ਵਿਚ ਹੈ, ਮੂਲ ਕ੍ਰੋਧ ਹੈ। ਕੌਮ ਵਿਚ ਹੈ, ਮੂਲ ਕ੍ਰੋਧ ਹੈ ਤੇ ਝਗੜਾ ਸਾਰੇ ਸੰਸਾਰ ਵਿਚ ਹੈ, ਵਿਸ਼ਵ ਯੁੱਧ ਹੈ, ਵਰਲਡ ਵਾਰ (World War) ਹੈ, ਮੂਲ ਕ੍ਰੋਧ ਹੈ। ਹੇ ਝਗੜੇ ਦੀ ਜੜ੍ਹ, ਹੇ ਕਲੇਸ਼ ਦਾ ਮੂਲ: "ਹੇ ਕਲਿ ਮੂਲ ਕ੍ਰੋਧੰ ਕਦੰਚ ਕਰੁਣਾ ਨ ਉਪਰਜਤੇ॥ ਬਿਖਯੰਤ ਜੀਵੰ ਵਸੵੰ ਕਰੋਤਿ ਨਿਰਤੵੰ



Sri Satguru Jagjit Singh Ji eLibrary NamdhariElibrary@gmail.com

ਕਰੋਤਿ ਜਥਾ ਮਰਕਟਹ॥" ਹੇ ਕ੍ਰੋਧ! ਵਾਸ਼ਨਾ ਹੁੰਦੀ ਹੈ ਵਿਸ਼ਈ ਮਨੁੱਖਾਂ ਦੇ ਅੰਦਰ, ਜਿਨ੍ਹਾਂ ਦੀ ਵਾਸ਼ਨਾ ਅਤ੍ਰਿਪਤ ਰਹਿ ਗਈ ਹੈ, ਜਿਨ੍ਹਾਂ ਦੀ ਕਾਮਨਾ ਅਤ੍ਰਿਪਤ ਰਹਿ ਗਈ ਹੈ, ਜਿਨ੍ਹਾਂ ਦੀ ਤ੍ਰਿਸ਼ਨਾ ਅਤ੍ਰਿਪਤ ਰਹਿ ਗਈ ਹੈ, ਤੇਰਾ ਵਾਸਾ ਉਥੇ ਹੁੰਦਾ ਹੈ। ਤੇ ਅਤ੍ਰਿਪਤ ਵਾਸ਼ਨਾ ਕ੍ਰੋਧ ਬਣਦੀ ਹੈ, ਅਤ੍ਰਿਪਤ ਵਾਸ਼ਨਾ ਗਿਲੇ ਬਣਦੀ ਹੈ, ਅਤ੍ਰਿਪਤ ਵਾਸ਼ਨਾ ਸ਼ਿਕਵੇ ਬਣਦੀ ਹੈ, ਅਤ੍ਰਿਪਤ ਵਾਸ਼ਨਾ ਅਸੰਤੁਸ਼ਟੀ ਨੂੰ ਜਨਮ ਦਿੰਦੀ ਹੈ ਔਰ ਇਹ ਸਭ ਕੁਛ ਕ੍ਰੋਧ ਨੂੰ ਬਰਪਾ ਕਰਦਾ ਹੈ। ਹੇ ਕ੍ਰੋਧ! ਤੇਰਾ ਵਾਸਾ ਹੈ ਵਿਸ਼ਈ ਜੀਵਾਂ ਦੇ ਅੰਦਰ "ਨਿਰਤੰ ਕਰੋਤਿ ਜਥਾ ਮਰਕਟਹ" ਤੂੰ ਜਿਸ ਦੇ ਅੰਦਰ ਵਾਸਾ ਕਰਦਾ ਏਂ, ਉਸ ਨੂੰ ਇਸ ਤਰ੍ਹਾਂ ਨਚਾਉਂਦਾ ਏਂ, ਜਿਵੇਂ ਮਦਾਰੀ ਬਾਂਦਰ ਨੂੰ ਨਚਾਉਂਦਾ ਏ। ਐ ਕ੍ਰੋਧ! ਤੂੰ ਬਾਂਦਰ ਦੀ ਤਰ੍ਹਾਂ ਉਸ ਮਨੁੱਖ ਨੂੰ ਨਚਾਉਂਦਾ ਏਂ, ਜਿਸਦੇ ਅੰਦਰ ਤੂੰ ਪ੍ਰਵੇਸ਼ ਕਰ ਜਾਵੇਂ। "ਅਨਿਕ ਸਾਸਨ ਤਾੜੰਤਿ ਜਮਦੂਤਹ ਤਵ ਸੰਗੇ ਅਧਮੰ ਨਰਹ॥"—ਜਿਸਦੇ ਅੰਦਰ ਤੇਰਾ ਵਾਸਾ ਹੋ ਜਾਂਦਾ ਹੈ, ਉਸ ਨੂੰ ਜਮਦੂਤਾਂ ਦੀ ਤਾੜਨਾ ਸਹਾਰਨੀ ਪੈਂਦੀ ਹੈ। ਬਾਰ ਬਾਰ ਜੰਮਣਾ ਪੈਂਦਾ ਹੈ, ਮਰਨਾ ਪੈਂਦਾ ਹੈ। ਹੇ ਕ੍ਰੋਧ—"ਤਵ ਸੰਗੇ ਅਧਮੰ ਨਰਹ" ਅਧਮ ਗਤੀ ਦੇ ਲੋਕ ਤੇਰੇ ਨਾਲ ਨੇ। ਅਧਮ ਮਨੁੱਖ, ਨੀਚ ਮਨੁੱਖ ਤੇਰੇ ਨਾਲ ਹੁੰਦੇ ਨੇ। ਕ੍ਰੋਧੀ ਮਹਾਨ ਨਹੀਂ ਹੋ ਸਕਦਾ, ਕ੍ਰੋਧੀ ਮਹਾਂ ਨੀਚ ਹੁੰਦਾ ਹੈ। ਤੇ ਫਿਰ ਇਸ ਤੋਂ ਬਚਾਉ ਕਿਵੇਂ ਕਰੀਏ, ਇਸ ਤੋਂ ਕਿਵੇਂ ਬਚੀਏ? ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਇਹ ਵਾਕ ਸਾਨੂੰ ਇੰਜ ਉਪਦੇਸ਼ ਕਰਦਾ ਹੈ, "ਦੀਨ ਦੁਖ ਭੰਜਨ ਦਯਾਲ ਪ੍ਰਭੁ ਨਾਨਕ ਸਰਬ ਜੀਅ ਰਖ੍ਯ੍ਯਾ ਕਰੋਤਿ॥" ਜਦ ਸਾਰੇ ਜੀਆਂ ਦੇ ਅੰਦਰੋਂ ਪ੍ਰਾਰਥਨਾ ਨਿਕਲੇ, ਗਿਲਾ ਨਹੀਂ ਪ੍ਰਾਰਥਨਾ, ਕਿ ਹੇ ਪ੍ਰਭੂ! ਤੂੰ ਸਾਰਿਆਂ ਦੀ ਰਖਸ਼ਾ ਕਰ, "ਪ੍ਰਭੁ ਨਾਨਕ ਸਰਬ ਜੀਅ ਰਖ੍ਯ੍ਯਾ ਕਰੋਤਿ"—ਹੇ ਪ੍ਰਭੂ ਜੀ! ਸਾਰੇ ਜੀਆਂ ਦੀ ਰਖਸ਼ਾ ਕਰੋ। ਸਾਰੇ ਜੀਵਾਂ ਦੀ ਕ੍ਰੋਧ ਤੋਂ ਰਖਸ਼ਾ ਕਰੋ। ਸਾਰੇ ਜੀਵਾਂ ਨੂੰ ਸੁੱਖ ਦਿਉ, ਸਾਰੇ ਜੀਵ ਆਨੰਦਿਤ ਹੋਣ। ਜਦ ਸਾਰਿਆਂ ਦੇ ਪ੍ਰਤਿ ਐਸੀ ਅਰਦਾਸ ਹੋਵੇ, ਐਸੀ ਪ੍ਰਾਰਥਨਾ ਹੋਵੇ ਤਾਂ ਮਨੁੱਖ ਸ਼ਾਂਤੀ ਦੇ ਸਾਗਰ ਵਿਚ ਡੁਬਕੀ ਲਾ, ਗਿਆਨ-ਵਿਗਿਆਨ, ਆਨੰਦ-ਖੇੜੇ ਤੇ ਖ਼ੁਸ਼ੀਆਂ ਦੇ ਸੁੱਚੇ ਮੋਤੀਆਂ ਨਾਲ ਆਪਣੀ ਝੋਲੀ ਭਰ ਲੈਂਦਾ ਹੈ। ਦਰਅਸਲ ਸਿਖ ਜਗਤ ਵਿਚ, ਸਤਿਗੁਰ ਦੇ ਸਾਹਮਣੇ, ਅਰਦਾਸ ਦੇ ਅਖ਼ੀਰਲੇ ਸ਼ਬਦ ਦੁਹਰਾਏ ਜਾਂਦੇ ਨੇ:

**ਨਾਨਕ ਨਾਮ ਚੜ੍ਹਦੀ ਕਲਾ,**
**ਤੇਰੇ ਭਾਣੇ ਸਰਬੱਤ ਦਾ ਭਲਾ।**

ਦਰਅਸਲ ਸਰਬੱਤ ਦੇ ਭਲੇ ਵਿਚ ਹੀ ਮੇਰਾ ਭਲਾ ਹੈ। ਸਰਬੱਤ ਦਾ ਬੁਰਾ



Sri Satguru Jagjit Singh Ji eLibrary NamdhariElibrary@gmail.com

ਮੰਗਣ ਵਿਚ ਮੇਰਾ ਬੁਰਾ ਹੈ। ਸਰਬੱਤ ਦਾ ਬੁਰਾ ਕਰਨ ਵਿਚ ਹੀ ਮੇਰਾ ਬੁਰਾ ਹੈ ਔਰ ਸਰਬੱਤ ਦੇ ਭਲੇ ਵਿਚ ਹੀ ਮੇਰਾ ਭਲਾ ਹੈ। ਸਤਿਗੁਰ ਜੀ ਮਹਾਰਾਜ ਕਹਿੰਦੇ ਨੇ—ਉਸ ਅਕਾਲ ਪੁਰਖ ਤੋਂ ਇਹ ਮੰਗ ਕਰ—"ਦੀਨ ਦੂਖ ਭੰਜਨ ਦਯਾਲ ਪ੍ਰਭੂ ਨਾਨਕ ਸਰਬ ਜੀਅ ਰਖ੍ਯ੍ਹਾ ਕਰੋਤਿ॥" ਹੇ ਦੀਨਾਂ ਦੇ ਦਰਦ ਨਿਵਾਰਨ ਵਾਲੇ, ਹੇ ਦੁਖੀਆਂ ਦੇ ਦੁੱਖ ਨਾਸ ਕਰਨ ਵਾਲੇ ਅਕਾਲ ਪੁਰਖ! ਪ੍ਰਾਰਥਨਾ ਹੈ ਤੇਰੇ ਚਰਨਾਂ ਵਿਚ, ਸਾਰੇ ਜੀਵਾਂ ਦੀ ਇਸ ਕ੍ਰੋਧ ਤੋਂ ਰੱਖਿਆ ਕਰ। ਜਦ ਐਸੀ ਪ੍ਰਾਰਥਨਾ ਹਿਰਦੇ ਵਿੱਚੋਂ ਨਿਕਲਦੀ ਹੈ ਤਾਂ ਹਿਰਦੇ ਵਿੱਚੋਂ ਕ੍ਰੋਧ ਨਿਕਲ ਜਾਂਦਾ ਹੈ ਔਰ ਸ਼ਾਂਤੀ, ਆਨੰਦ ਤੇ ਖ਼ੁਸ਼ੀਆਂ ਦੇ ਫੁੱਲ ਖਿੜ ਪੈਂਦੇ ਹਨ।

•



Sri Satguru Jagjit Singh Ji eLibrary NamdhariElibrary@gmail.com

# ਲੋਭ

ਹੇ ਲੋਭਾ ਲੰਪਟ ਸੰਗ ਸਿਰਮੋਰਹ ਅਨਿਕ ਲਹਰੀ ਕਲੋਲਤੇ ॥
ਧਾਵੰਤ ਜੀਆ ਬਹੁ ਪ੍ਰਕਾਰੰ ਅਨਿਕ ਭਾਂਤਿ ਬਹੁ ਡੋਲਤੇ ॥
ਨਚ ਮਿਤ੍ਰੰ ਨਚ ਇਸਟੰ ਨਚ ਬਾਧਵ ਨਚ ਮਾਤ ਪਿਤਾ ਤਵ ਲਜਯਾ ॥
ਅਕਰਣੰ ਕਰੋਤਿ ਅਖਾਦ੍ਯਿ ਖਾਦ੍ਯੰ ਅਸਾਜ੍ਯੰ ਸਾਜਿ ਸਮਜਯਾ ॥
ਤ੍ਰਾਹਿ ਤ੍ਰਾਹਿ ਸਰਣਿ ਸੁਆਮੀ ਬਿਗ੍ਯਾਪ੍ਤਿ ਨਾਨਕ ਹਰਿ ਨਰਹਰਹ ॥

*(ਸਲੋਕ ਸਹਸਕ੍ਰਿਤੀ ਮ: ੫, ਪੰਨਾ 1358)*

ਧੰਨ ਗੁਰੂ ਅਰਜਨ ਦੇਵ ਜੀ ਦੀ ਦਿੱਤੀ ਹੋਈ ਤਰਤੀਬ ਵਿਚ ਪ੍ਰਥਮ ਮੋਹ, ਫਿਰ ਕਾਮ, ਫਿਰ ਕ੍ਰੋਧ ਤੇ ਫਿਰ ਇਹ ਲੋਭ। ਮਨੁੱਖ ਦੀਆਂ ਬੁਨਿਆਦੀ ਕਮਜ਼ੋਰੀਆਂ ਨੇ। ਲੋਭ ਦੀ ਉਤਪਤੀ ਹੁੰਦੀ ਹੈ ਲੈਣ ਦੀ ਭਾਵਨਾ। ਹਰ ਵਕਤ ਲੈਣ ਦੀ ਭਾਵਨਾ ਅੰਦਰ ਚੱਲੇ—ਲੈਣੈ, ਲੈਣੈ, ਮੈਂ ਮਾਤਾ ਕੋਲੋਂ ਲੈਣੈ, ਪਿਤਾ ਕੋਲੋਂ ਲੈਣੈ, ਭਰਾਵਾਂ ਕੋਲੋਂ ਲੈਣੈ, ਪਤਨੀ ਕੋਲੋਂ ਲੈਣੈ, ਬੱਚਿਆਂ ਕੋਲੋਂ ਲੈਣੈ, ਪੜੋਸੀ ਕੋਲੋਂ ਲੈਣੈ, ਸੰਸਾਰ ਕੋਲੋਂ ਲੈਣੈ, ਨਿਰੰਕਾਰ ਕੋਲੋਂ ਲੈਣੈ। ਧਨ ਲੈਣਾ, ਸੁੱਖ ਲੈਣਾ, ਸੰਪਦਾ ਲੈਣੀ, ਜਸ ਲੈਣਾ, ਪ੍ਰਭੁਤਾ ਲੈਣੀ, ਮਾਣ ਲੈਣਾ, ਸਨਮਾਨ ਲੈਣਾ, ਹਰ ਵਕਤ ਇਹ ਲੈਣ ਦੀ ਤੜਪ, ਇਹ ਲੈਣ ਦੀ ਭੁੱਖ ਔਰ ਅੱਠੇ ਪਹਿਰ ਲੈਣ ਦੀ ਬਣੀ ਹੋਈ ਬਿਰਤੀ, ਬਸ ਇਹੀ ਲੋਭ ਹੈ, ਇਹ ਇਕ ਗੰਢ ਨੂੰ ਜਨਮ ਦਿੰਦੀ ਹੈ, ਇਸ ਨੂੰ ਕਹਿੰਦੇ ਨੇ ਲੋਭ। ਉਮਰ ਦੇ ਨਾਲ ਨਾਲ ਇਹ ਲੋਭ ਵਧਦਾ ਹੈ, ਲੈਣ ਦੀ ਬਿਰਤੀ ਵਧਦੀ ਹੈ, ਬੜੀ ਪ੍ਰਬਲ ਵਧਦੀ ਹੈ ਔਰ ਮਨੁੱਖ ਪ੍ਰਬਲ ਲੋਭੀ ਹੋ ਜਾਂਦਾ ਹੈ। ਲੋਭ ਮਨੁੱਖ ਨੂੰ ਪਾਪ ਕਰਨ 'ਤੇ ਮਜਬੂਰ ਕਰਦਾ ਹੈ। ਜਦ ਲੈਣ ਦੀ ਬਿਰਤੀ, ਅਤਿਰਿਕਤ ਲੈਣ ਦੀ ਬਿਰਤੀ—ਇਹ ਲੋਭ, ਖੋਹਣ ਦੀ ਸੋਚਦੈ, ਚੁਰਾਣ ਦੀ ਸੋਚਦੈ, ਤਾਂ ਅਜਿਹੀ ਇਹ ਸੋਚ ਪਾਪ ਹੈ। ਔਰ ਜਦ ਲੈਣ ਦੀ ਬਿਰਤੀ ਬਹੁਤ ਹੀ ਪ੍ਰਬਲ ਹੋ ਜਾਏ, ਇਹ ਸੋਚਣੀ ਸਿਖਰ 'ਤੇ ਪਹੁੰਚ ਜਾਏ, ਪਾਪ ਪ੍ਰਬਲ ਹੋ ਜਾਏ ਤੇ ਜਦ ਕਿਧਰੇ ਇਹ ਖੋਹ ਲੈਂਦਾ ਹੈ, ਚੁਰਾ ਲੈਂਦਾ ਹੈ, ਬੇਈਮਾਨੀ ਕਰ ਲੈਂਦਾ ਹੈ ਤਾਂ ਇਹ ਅਪਰਾਧ ਬਣ ਜਾਂਦਾ ਹੈ। ਬਹੁਤ ਵੱਡੀ ਸੰਭਾਵਨਾ ਹੈ ਲੋਭੀ ਦੇ ਅਪਰਾਧੀ ਹੋਣ ਦੀ ਔਰ ਹਮੇਸ਼ਾ ਲੋਭੀਆਂ ਤੋਂ ਹੀ ਇਕ ਦੂਜੇ ਦੇ ਧੰਨ-ਸੰਪਦਾ ਨੂੰ ਖ਼ਤਰਾ ਹੁੰਦਾ ਹੈ। ਅਗਰ ਇਹ



Sri Satguru Jagjit Singh Ji eLibrary NamdhariElibrary@gmail.com

ਲੋਭ ਵਿਆਪਕ ਹੋਵੇ ਹਰ ਇਕ ਦੇ ਹਿਰਦੇ ਵਿਚ ਔਰ ਬੜਾ ਪ੍ਰਬਲ, ਤੋ ਹਰ ਇਕ ਦਾ ਧਨ, ਹਰ ਇਕ ਦੀ ਸੰਪਦਾ ਖ਼ਤਰੇ ਵਿਚ ਹੁੰਦੀ ਹੈ ਕਿ ਕਿਧਰੇ ਚੁਰਾ ਲਈ ਜਾਏਗੀ, ਕਿਧਰੇ ਖੋਹ ਲਈ ਜਾਏਗੀ, ਕਿਧਰੇ ਲੁੱਟ ਲਈ ਜਾਏਗੀ। ਤੋ ਲੈਣ ਦੀ ਬਿਰਤੀ ਲੋਭ। ਲੋਭ ਵਿਚ ਖੋਹਣਾ—ਲੁਟੇਰਾ—ਲੈਣ ਦੀ ਬਿਰਤੀ। ਤੋ ਲੋਭੀ, ਲੁਟੇਰਾ ਹੋ ਹੀ ਜਾਏਗਾ ਔਰ ਇਹ ਲਾਜ਼ਮੀ ਢੰਗ ਨਾਲ, ਗੁਪਤ ਢੰਗ ਨਾਲ, ਪ੍ਰਗਟ ਢੰਗ ਨਾਲ ਖੋਹਣ ਦੀ ਸੋਚੇਗਾ ਔਰ ਇਹ ਪਾਪੀ ਹੋ ਜਾਏਗਾ।

ਤੇ ਫਿਰ ਆਈ ਦੇਣ ਦੀ ਬਿਰਤੀ ਕਿ ਮੈਂ ਦੇਣੈ। ਤੋ ਕਿਸੇ ਨੂੰ ਸੁੱਖ ਦੇਣਾ, ਕਿਸੇ ਨੂੰ ਧਨ ਦੇਣਾ, ਕਿਸੇ ਨੂੰ ਸੰਪਦਾ ਦੇਣੀ, ਕਿਸੇ ਨੂੰ ਮਾਣ-ਸਨਮਾਨ ਦੇਣਾ—ਦੇਣ ਦੀ ਇਹ ਪ੍ਰਬਲ ਬਿਰਤੀ ਪੁੰਨ ਕਹਿਲਾਂਦੀ ਹੈ। ਦੇਣ ਦੀ ਇਸੇ ਪ੍ਰਬਲ ਬਿਰਤੀ ਦਾ ਨਾਮ ਹੈ ਦਾਨ ਔਰ ਪ੍ਰਬਲ ਦਾਨੀ ਉਹ ਜੋ ਹਰ ਵਕਤ ਦੇਣ ਦੀ ਸੋਚੇ। ਕਿਸੇ ਨੂੰ ਮਿੱਠੇ ਬੋਲ ਦੇਣੇ ਨੇ, ਆਪਣੀ ਤੌਫ਼ੀਕ, ਆਪਣੀ ਸਮਰੱਥਾ ਦੇ ਮੁਤਾਬਿਕ। ਜੇ ਕਲਾ ਕੋਲ ਹੈ ਕਲਾ ਦੇਣੀ, ਜੇ ਗਿਆਨ ਕੋਲ ਹੈ ਗਿਆਨ ਦੇਣਾ, ਸੁੱਖ ਦੇਣਾ, ਚੈਨ ਦੇਣਾ, ਆਰਾਮ ਦੇਣਾ। ਹਰ ਵਕਤ ਇਹ ਦੇਣ ਦੀ ਬਿਰਤੀ ਪੁੰਨ ਨੂੰ ਜਨਮ ਦੇਂਦੀ ਹੈ, ਇਹੀ ਪੁੰਨ-ਦਾਨ ਕਹਿਲਾਂਦਾ ਹੈ। ਤਦੇ ਤਾਂ ਇਨ੍ਹਾਂ ਦੋ ਸ਼ਬਦਾਂ ਦਾ ਉਚਾਰਣ ਇਕੱਠਾ ਚੱਲ ਪਿਆ—ਦਾਨ-ਪੁੰਨ, ਪੁੰਨ-ਦਾਨ। ਪੁੰਨੀ ਕੌਣ ? ਦਾਨੀ। ਦਾਨੀ ਕੌਣ ? ਪੁੰਨੀ। ਪਾਪੀ ਕੌਣ ? ਲੋਭੀ। ਲੋਭੀ ਕੌਣ ? ਪਾਪੀ। ਪਾਪ-ਲੋਭ, ਲੋਭ-ਪਾਪ, ਇਹ ਦੋਵੇਂ ਇਕੱਠੇ ਪ੍ਰਚੱਲਤ ਹੋਏ। ਪੁੰਨ-ਦਾਨ ਤੇ ਦਾਨ-ਪੁੰਨ ਇਹ ਦੋ ਸ਼ਬਦ ਇਕੱਠੇ ਪ੍ਰਚੱਲਤ ਹੋਏ। ਦੇਣ ਦੀ ਇਹ ਪ੍ਰਬਲ ਬਿਰਤੀ, ਹਰ ਸੋਚਣੀ ਵਿਚ ਇਹ ਦੇਣਾ ਹੋਵੇ—ਕੋਈ ਭੁੱਖਾ ਪਿਆਸਾ ਹੈ, ਪਾਣੀ ਦੇਣਾ; ਕੋਈ ਪਸ਼ੂ ਪਿਆਸਾ ਹੈ, ਇਸ ਨੂੰ ਵੀ ਪਾਣੀ ਪਿਆਉਣਾ; ਕੋਈ ਸਰਦੀ ਤੋਂ ਠਿਠੁਰ ਰਿਹਾ ਹੈ, ਬਸਤਰ ਦੇ ਦੇਈਏ; ਕੋਈ ਬਹੁਤ ਭੁੱਖਾ ਜਾਪਦਾ ਹੈ, ਮਜਬੂਰ ਜਾਪਦਾ ਹੈ, ਰੋਟੀ ਦੇ ਦੇਈਏ, ਅੰਨ ਦੇ ਦੇਈਏ, ਧਨ ਦੇ ਦਈਏ। ਕੋਈ ਕਲਾ ਕੋਲ ਹੈ, ਕਿਸੇ ਨੂੰ ਕਲਾ ਸਿਖਾ ਦੇਈਏ, ਕਲਾ ਦੇ ਦੇਈਏ, ਗਿਆਨ ਦੇ ਦੇਈਏ, ਵਿਗਿਆਨ ਦੇ ਦੇਈਏ, ਸੂਝ ਦੇ ਦੇਈਏ, ਸਮਝ ਦੇ ਦੇਈਏ। ਦੇਣ ਦੀਆਂ ਇਹੀ ਪ੍ਰਬਲ ਬਿਰਤੀਆਂ ਮਨੁੱਖ ਨੂੰ ਪੁਨੀਤ ਬਣਾ ਦਿੰਦੀਆਂ ਨੇ। ਪੁਨੀਤ ਦਾਨੀ ਹੋਵੇਗਾ ਔਰ ਦਾਨੀ ਧਿਆਨੀ ਹੋਵੇਗਾ। ਉਸਦਾ ਧਿਆਨ ਜੁੜੇਗਾ। ਜਿਥੇ ਦੇਣ ਦੀ ਬਿਰਤੀ ਹੈ, ਉਥੇ ਦਾਨ ਔਰ ਜਿਥੇ ਦਾਨ ਹੈ, ਉਥੇ ਧਿਆਨ ਹੈ, ਉਥੇ ਧਿਆਨ-ਸਾਧਨਾ ਦੀ ਸਫਲਤਾ ਹੈ, ਉਸਦਾ ਧਿਆਨ ਪ੍ਰਭੂ-ਨਾਮ ਵਿਚ ਜੁੜੇਗਾ। ਜਿਥੇ ਲੈਣ ਦੀ ਪ੍ਰਬਲ ਬਿਰਤੀ ਹੈ, ਉਥੇ ਜਦ ਉਹ ਧਿਆਨ ਵਿਚ ਵੀ ਬੈਠੇਗਾ ਤਾਂ ਲੋਭ ਚੇਤੇ ਆਏਗਾ, 'ਲੈਣਾ ਹੈ ਲੈਣਾ ਹੈ' ਚੇਤੇ ਆਏਗਾ, ਜੁੜਨਾ ਚੇਤੇ ਨਹੀਂ ਆਏਗਾ। ਦੇਣ ਵਾਲਾ ਹੀ ਜੁੜ



Sri Satguru Jagjit Singh Ji eLibrary NamdhariElibrary@gmail.com

ਸਕਦਾ ਹੈ, ਲੈਣ ਵਾਲਾ ਨਹੀਂ। ਇਸ ਵਾਸਤੇ ਧਿਆਨੀ ਲਈ ਦਾਨ ਲਾਜ਼ਮੀ ਹੈ। ਔਰ ਦਾਨ ਖੜ੍ਹਾ ਹੈ ਦੇਣ ਦੀਆਂ ਬਿਰਤੀਆਂ 'ਤੇ। ਚਲੋ, ਨਹੀਂ ਨੇ ਤੇਰੇ ਕੋਲ ਲੱਖਾਂ, ਕ੍ਰੋੜਾਂ, ਹਜ਼ਾਰਾਂ, ਪਰ ਕਿਧਰੇ ਦੇਣ ਦੀ ਬਿਰਤੀ ਭਾਵਨਾਪੂਰਕ ਹੋਵੇ, ਇਕ ਕੌਡੀ ਨੂੰ ਵੀ ਭਾਗ ਲਗਦੇ ਨੇ, ਔਰ ਇਕ ਕੌਡੀ ਵੀ ਧਿਆਨ ਜੋੜਨ ਵਿਚ ਸਫਲਤਾ ਦੇ ਦੇਂਦੀ ਹੈ:

**ਭਾਵਨੀ ਭਗਤਿ ਭਾਇ ਕਉਡੀ ਅਗ੍ਰਭਾਗ ਰਾਖੈ,**
**ਤਾਂਹਿ ਗੁਰ ਸਰਬ ਨਿਧਾਨ ਦਾਨ ਦੇਤ ਹੈ॥** *(ਕਬਿੱਤ ਭਾਈ ਗੁਰਦਾਸ ਜੀ)*

ਦਰਅਸਲ ਸਵਾਲ ਇਹ ਨਹੀਂ ਕਿ ਦਿੱਤਾ ਕੀ ਹੈ, ਸਵਾਲ ਇਹ ਹੈ ਕਿ ਲੈਣ ਦੀ ਬਿਰਤੀ ਬੜੀ ਪ੍ਰਬਲ ਹੈ। ਅਗਰ ਦੇਣ ਵਾਸਤੇ ਕੁਛ ਨਾ ਵੀ ਹੋਵੇ ਪਰ ਦੇਣ ਦੀ ਬਿਰਤੀ ਹੋਵੇ, ਤਾਂ ਵੀ ਧਿਆਨ ਜੁੜੇਗਾ, ਲਾਜ਼ਮੀ ਜੁੜੇਗਾ। ਭਾਵੇਂ ਕ੍ਰੋੜਾਂ ਦਾ ਦਾਨ ਦਿੱਤਾ ਹੈ, ਕਿਸੇ ਦਾ ਮੂੰਹ ਦੇਖ ਕੇ, ਕਿਸੇ ਦਾ ਲਿਹਾਜ਼ ਕਰ ਕੇ ਯਾ ਸਵਰਗ ਯਾ ਹੋਰ ਖ਼ੁਸ਼ੀਆਂ ਦੀਆਂ ਕਾਮਨਾਵਾਂ ਨੂੰ ਮੁੱਖ ਰੱਖ ਕੇ, ਮਨੋਕਾਮਨਾ ਨੂੰ ਮੁੱਖ ਰੱਖ ਕੇ ਦਿੱਤਾ ਹੈ, ਚੂੰਕਿ ਉਸ ਦੇਣ ਨਾਲ ਵੀ ਲੈਣ ਦੀ ਪ੍ਰਬਲ ਬਿਰਤੀ ਜੁੜੀ ਹੋਈ ਹੈ, ਉਹ ਦੇਣਾ ਤਾਂ ਲੈਣਾ ਹੈ, ਉਹ ਤਾਂ ਬਿਉਪਾਰ ਹੈ, ਦਾਨ ਨਹੀਂ ਹੈ। ਲੋਭੀ ਬਾਜ਼ਾਰ ਵਿਚ ਵੀ ਵਾਪਾਰ ਕਰਦਾ ਹੈ, ਲੋਭੀ ਧਰਮ ਮੰਦਿਰਾਂ ਵਿਚ ਵੀ ਵਾਪਾਰ ਕਰਦਾ ਹੈ। ਲੋਭੀ, ਇੰਜ ਕਹਿ ਲਉ ਕਿ ਵੇਚਦਾ ਹੈ ਧਰਮ ਨੂੰ, ਵਾਪਾਰ ਕਰਦਾ ਹੈ। ਧਰਮ ਕਰਦਾ ਹੈ ਤੇ ਫਿਰ ਕੁਛ ਲੈਣ ਦੀਆਂ ਕਾਮਨਾਵਾਂ ਨੂੰ ਮੁੱਖ ਰੱਖ ਕੇ ਉਸ ਨੂੰ ਵੇਚਦਾ ਹੈ। ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਦਾ ਬੜਾ ਸੁੰਦਰ ਇਕ ਵਾਕ ਹੈ:

**ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ॥**
**ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ॥**

*(ਧਨਾਸਰੀ ਮ: ੧, ਪੰਨਾ 663)*

ਸਾਰੀ ਸ੍ਰਿਸ਼ਟੀ ਇੱਕੋ ਵਰਣ ਹੋ ਗਈ ਹੈ, ਧਰਮ ਦੀ ਗੱਲ ਨਹੀਂ ਰਹੀ। ਜਿਸ ਵਰਣ ਵਿਚ ਸਾਰੀ ਮਨੁੱਖਤਾ ਆ ਗਈ ਹੈ, ਉਸ ਵਰਣ ਨਾਲ ਧਰਮ ਨਹੀਂ ਚਲਦਾ—"ਧਰਮ ਕੀ ਗਤਿ ਰਹੀ"—ਅਗਰ ਮਿਥ ਨੂੰ ਲਈਏ ਤੇ ਮੰਨੂ ਸਿੰਮ੍ਰਿਤੀ ਦੀ ਵੰਡ ਨੂੰ ਲਈਏ ਤਾਂ ਉਹਨੇ ਚਾਰ ਵਰਣਾਂ ਦੀ ਵੰਡ ਕੀਤੀ ਹੈ—ਖੱਤ੍ਰੀ, ਬ੍ਰਾਹਮਣ, ਸ਼ੂਦ, ਵੈਸ਼। "ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ॥"—ਸਾਰੀ ਸ੍ਰਿਸ਼ਟੀ ਇੱਕੋ ਵਰਣ ਹੋ ਗਈ, ਧਰਮ ਦੀ ਗਤੀ ਰੁਕ ਗਈ, ਧਰਮ ਨਹੀਂ ਚੱਲ ਸਕਿਆ। ਸਵਾਲ ਐ ਕਿ ਸਾਰੀ ਸ੍ਰਿਸ਼ਟੀ ਕਿਹੜੇ ਵਰਣ ਵਿਚ ਆ ਗਈ ਕਿ ਧਰਮ ਦਾ ਚੱਲਣਾ ਔਖਾ ਹੋ ਗਿਆ? ਬ੍ਰਾਹਮਣ, ਬ੍ਰਹਮ ਨਾਲ



Sri Satguru Jagjit Singh Ji eLibrary NamdhariElibrary@gmail.com

ਧਰਮ ਚਲਦੈ, ਅਗਰ ਕੋਈ ਵਾਕਈ ਬ੍ਰਾਹਮਣ ਹੈ—"ਕਹੁ ਕਬੀਰ ਜੋ ਬ੍ਰਹਮੁ ਬੀਚਾਰੈ॥ ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ॥" "ਬ੍ਰਹਮੁ ਬਿੰਦਹਿ ਤੇ ਬ੍ਰਾਹਮਣਾ॥" ਜੋ ਬ੍ਰਹਮ ਦਾ ਚਿੰਤਨ ਕਰਦੈ, ਬ੍ਰਹਮ ਦੀ ਸੋਚਦੈ, ਬ੍ਰਹਮ ਨੂੰ ਵਿਚਾਰਦੈ, ਸੋ ਬ੍ਰਾਹਮਣ। ਬ੍ਰਹਮ ਪ੍ਰਾਪਤ ਹੋਵੇ ਐਸਾ ਸੋਚਦੈ, ਬ੍ਰਹਮ ਨਾਲ ਜੁੜਾਂ, ਧਿਆਨ ਜੋੜਦੈ। ਬ੍ਰਹਮ ਬਾਰੇ ਸੋਚਦਾ ਹੈ, ਵਿਚਾਰਦਾ ਹੈ, ਇਹ ਹੈ ਬ੍ਰਾਹਮਣ ਔਰ ਬ੍ਰਾਹਮਣ ਨਾਲ ਹੀ ਧਰਮ ਚੱਲਦਾ ਹੈ। ਬ੍ਰਾਹਮਣ ਕਿਸੇ ਵੇਸ਼ਭੂਸ਼ਾ ਦਾ ਨਾਮ ਨਹੀਂ, ਬ੍ਰਾਹਮਣ ਕਿਸੇ ਜਾਤ ਦਾ ਨਾਮ ਨਹੀਂ। ਬ੍ਰਾਹਮਣ ਇਕ ਮਨੋਬਿਰਤੀ ਹੈ। ਜੋ ਬ੍ਰਹਮ ਦਾ ਚਿੰਤਨ ਕਰੇ, ਜੋ ਬ੍ਰਹਮ ਨੂੰ ਸੋਚੇ, ਬ੍ਰਹਮ ਨੂੰ ਵਿਚਾਰੇ, ਬ੍ਰਹਮ ਦੀ ਪ੍ਰਾਪਤੀ ਦੀ ਕੋਸ਼ਿਸ਼ ਕਰੇ, ਬ੍ਰਹਮ ਵਿਚ ਲੀਨ ਹੋਣ ਦੀ ਕੋਸ਼ਿਸ਼ ਕਰੇ—ਬ੍ਰਾਹਮਣ—"ਬ੍ਰਹਮੁ ਬਿੰਦਹਿ ਤੇ ਬ੍ਰਾਹਮਣਾ॥" ਕਦੀ ਕਦਾਈਂ ਕੋਈ ਲੱਖਾਂ ਵਿੱਚੋਂ ਐਸਾ ਪੁਰਖ ਦਿਸਦਾ ਹੈ ਜਿਸਨੂੰ ਕਹਿ ਸਕੀਏ ਕਿ ਇਹ ਬ੍ਰਾਹਮਣ ਹੈ, ਇਹ ਤਾਂ ਬ੍ਰਹਮ ਵਿਚ ਲੀਨ ਹੈ, ਇਹ ਤਾਂ ਬ੍ਰਹਮ ਦਾ ਚਿੰਤਨ ਕਰ ਰਿਹਾ ਹੈ। ਤੋ ਬ੍ਰਾਹਮਣ ਨਾਲ ਧਰਮ ਚਲਦਾ ਹੈ। ਖੱਤ੍ਰੀ ਨਾਲ ਵੀ ਧਰਮ ਚਲਦਾ ਹੈ। "ਖਤ੍ਰੀ ਸੋ ਜੁ ਕਰਮਾ ਕਾ ਸੂਰੁ॥" ਜਿਸ ਦੇ ਸੁਭਾਉ ਵਿਚ ਸੂਰਬੀਰਤਾ ਹੈ, ਜਿਸਦੇ ਵਿਚਾਰਾਂ ਵਿਚ ਸੂਰਬੀਰਤਾ ਹੈ, ਜਿਸਦੀ ਸੋਚਣੀ ਵਿਚ ਸੂਰਬੀਰਤਾ ਹੈ, ਜਿਸ ਦਾ ਖ਼ੂਨ ਅਨਿਆਇ ਵੇਖ ਕੇ ਖੌਲਣ ਲੱਗ ਪੈਂਦਾ ਹੈ, ਜਿਸਦਾ ਖ਼ੂਨ ਮਜ਼ਲੂਮ ਲਈ ਬਣ ਜਾਂਦਾ ਹੈ, ਉਹ ਆਪਣਾ ਖ਼ੂਨ ਮਜ਼ਲੂਮ ਨੂੰ ਦੇਂਦਾ ਹੈ, ਮਜ਼ਲੂਮ ਦੀ ਰਖਸ਼ਾ ਲਈ ਜਿਸ ਦਾ ਖ਼ੂਨ ਉਛਲਦਾ ਹੈ:

**ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥**

*(ਮਾਰੂ ਕਬੀਰ ਜੀ, ਪੰਨਾ 1105)*

ਕੌਣ ਹੈ ਸੂਰਬੀਰ ? ਜੋ ਦੀਨ (ਕਮਜ਼ੋਰ) ਦੀ ਖ਼ਾਤਰ ਲੜਦਾ ਹੈ:

**ਦੀਨਨ ਕੀ ਪ੍ਰਤਿਪਾਲ ਕਰੈ ਨਿਤ ਸੰਤ ਉਬਾਰ ਗਨੀਮਨ ਗਾਰੈ॥**

*(ਸਵੱਯੇ ਪਾਤਸ਼ਾਹੀ ੧੦)*

ਦੀਨ, ਨਿਮਾਣਾ, ਨਿਤਾਣਾ, ਜੋ ਦੀਨ ਦੀ ਬਾਂਹ ਪਕੜ ਲਵੇ, ਇਹ ਤਾਂ ਪਰਮਾਤਮਾ ਵਾਲਾ ਗੁਣ ਹੈ, ਇਹ ਤਾਂ ਈਸ਼ਵਰੀ ਸੁਭਾਉ ਹੈ। ਦੀਨ ਦੇ ਪੱਖ ਵਿਚ ਖੜ੍ਹਾ ਹੋ ਜਾਏ। ਤਾਕਤਵਰ ਦੇ ਪੱਖ ਵਿਚ ਤਾਂ ਸਾਰੇ ਖੜ੍ਹੇ ਹੋ ਜਾਂਦੇ ਹਨ, ਸ਼ਕਤੀਸ਼ਾਲੀ ਮਨੁੱਖ ਦੇ ਪੱਖ ਵਿਚ ਤਾਂ ਸਾਰੇ ਹੀ ਆ ਜਾਂਦੇ ਹਨ। ਕਮਜ਼ੋਰ ਦਾ ਪੱਖ ਕੋਈ ਕਮਜ਼ੋਰ ਨਹੀਂ ਲੈ ਸਕਦਾ, ਕੋਈ ਸੂਰਬੀਰ ਹੀ ਲੈ ਸਕਦਾ ਹੈ। ਤੋ ਸੂਰਬੀਰ ਨਾਲ ਧਰਮ ਚਲਦਾ ਹੈ। ਕਿਉਂਕਿ ਸੂਰਬੀਰ ਕਮਜ਼ੋਰ ਦੀ ਖ਼ਾਤਰ ਆਪਣੀ ਜਾਨ ਵੀ ਦੇ ਦਿੰਦਾ ਹੈ। ਦੇਖਦੇ ਹਾਂ ਅਸੀਂ ਇਤਿਹਾਸ ਨੂੰ ਕਿ ਕੌਣ



Sri Satguru Jagjit Singh Ji eLibrary NamdhariElibrary@gmail.com

ਸੂਰਬੀਰ ਕਮਜ਼ੋਰ ਦਾ ਪੱਖ ਲੈਂਦੈ। ਕਸ਼ਮੀਰ ਦਾ ਬ੍ਰਾਹਮਣ ਕਮਜ਼ੋਰ ਸੀ, ਗੁਰੂ ਤੇਗ਼ ਬਹਾਦਰ ਸਾਹਿਬ ਨੇ ਬਾਂਹ ਪਕੜ ਲਈ। ਬ੍ਰਾਹਮਣਾਂ ਦੀਆਂ ਗਰਦਨਾਂ ਬਚ ਗਈਆਂ, ਕਿਉਂਕਿ ਗੁਰੂ ਤੇਗ਼ ਬਹਾਦਰ ਨੇ ਉਨ੍ਹਾਂ ਦੀ ਖ਼ਾਤਰ ਆਪਣੀ ਗਰਦਨ ਚਾਂਦਨੀ ਚੌਕ ਵਿਚ ਕਟਵਾ ਦਿੱਤੀ। ਬ੍ਰਾਹਮਣਾਂ ਦੇ ਮੱਥੇ 'ਤੇ ਚਮਕਦੇ ਹੋਏ ਤਿਲਕ ਲਿਲਾਟ ਕਰ ਉਠੇ, ਚਮਕਣ ਲੱਗ ਪਏ, ਕਿਉਂਕਿ ਉਨ੍ਹਾਂ ਦੀ ਖ਼ਾਤਰ ਕਿਸੇ ਨੇ ਆਪਣਾ ਖ਼ੂਨ ਚਾਂਦਨੀ ਚੌਕ ਵਿਚ ਡੋਲ੍ਹ ਦਿੱਤਾ। ਬਚ ਗਈ ਬ੍ਰਾਹਮਣ ਦੇ ਜਨੇਊ ਦੀ ਡੋਰੀ, ਕਿਉਂਕਿ ਕਿਸੇ ਨੇ ਇਸੇ ਹੀ ਡੋਰੀ ਦੀ ਖ਼ਾਤਰ ਆਪਣੇ ਪ੍ਰਾਣਾਂ ਦੀ ਡੋਰੀ ਤੋੜ ਦਿੱਤੀ—ਧੰਨ ਗੁਰੂ ਤੇਗ਼ ਬਹਾਦਰ ਸਾਹਿਬ ਜੀ ਮਹਾਂਦਾਨੀ। ਜੋ ਕਮਜ਼ੋਰ ਦੇ ਪੱਖ ਵਿਚ ਖੜ੍ਹਾ ਹੋ ਜਾਏ, ਕੁਰਬਾਨ ਹੋ ਜਾਏ—ਸੂਰਬੀਰਤਾ, ਬਹਾਦਰੀ, ਬੜੀ ਬਹਾਦਰੀ। ਤੋ ਕਸ਼ੱਤਰੀ (ਖੱਤਰੀ) ਨਾਲ ਵੀ ਧਰਮ ਚਲਦਾ ਹੈ। ਸੁਭਾਉ ਪਰਮਾਤਮਾ ਵਰਗਾ ਹੁੰਦਾ ਹੈ ਕਿਉਂਕਿ ਦੀਨ ਦਾ ਪੱਖ ਲੈਂਦਾ ਹੈ, ਗ਼ਰੀਬ ਦਾ ਪੱਖ ਲੈਂਦਾ ਹੈ। ਪਰਮਾਤਮਾ ਨੂੰ ਗ਼ਰੀਬ-ਨਿਵਾਜ਼ ਆਖਿਆ ਹੈ, ਦੀਨਾਂ ਦੀ ਰਖਸ਼ਾ ਕਰਨ ਵਾਲਾ ਆਖਿਆ ਹੈ। ਤੋ ਇਹ ਸੁਭਾਉ ਜਿਸ ਮਨੁੱਖ ਦੇ ਅੰਦਰ ਪੈਦਾ ਹੋ ਜਾਂਦਾ ਹੈ, ਉਹ ਤਾਂ ਪਰਮਾਤਮਾ ਵਰਗਾ ਹੈ, ਉਹ ਤਾਂ ਈਸ਼ਵਰ ਵਰਗਾ ਹੈ। ਤੋ ਖੱਤਰੀ ਦੇ ਨਾਲ ਵੀ ਧਰਮ ਚਲਦਾ ਹੈ।

ਸ਼ੂਦਰ ਵਰਣ ਆਪਣੇ ਆਪ ਵਿਚ ਖ਼ਾਸ ਵਰਣ ਹੈ। ਇਸ ਵਰਣ ਦਾ ਮਨੁੱਖ, ਇਸ ਸੁਭਾਉ ਦਾ ਮਨੁੱਖ ਬੋਝਲ, ਭਾਰੀ ਸੇਵਾ ਕਰ ਕੇ ਅਧਿਆਤਮਕ ਖ਼ੁਸ਼ੀ ਮਾਣਦਾ ਹੈ। ਕਿਸੇ ਦੇ ਕਪੜੇ ਧੋ ਕੇ, ਕਿਸੇ ਨੂੰ ਪਾਣੀ ਪਿਲਾ ਕੇ, ਕਿਸੇ ਥੱਕੇ ਹੋਏ ਦੀ ਮੁੱਠੀ ਚਾਪੀ ਕਰ ਕੇ, ਜੂਠੇ ਭਾਂਡੇ ਮਾਂਜ ਕੇ, ਧਰਮਸਾਲਾ ਦੇ ਤੱਪੜ ਝਾੜ ਕੇ, ਬੁਹਾਰੀ ਦੇ ਕੇ। ਧਰਮ ਮੰਦਿਰਾਂ ਦੇ ਬਣਾਣ ਦੇ ਵਿਚ ਟੋਕਰੀ ਚੁੱਕਣੀ, ਪੱਥਰ ਚੁੱਕਣੇ, ਇੱਟਾਂ ਚੁੱਕਣੀਆਂ, ਇਹ ਭਾਰੀ ਖ਼ੁਸ਼ੀ ਪ੍ਰਾਪਤ ਕਰਦਾ ਹੈ ਭਾਰੀ ਭਰਕਮ ਸੇਵਾ ਕਰ ਕੇ, ਬੋਝਲ ਸੇਵਾ ਕਰ ਕੇ। ਸਫ਼ਾਈ ਕਰਨੀ ਹੈ ਕਿਸੇ ਦੇ ਘਰ ਦੀ, ਰਸਤੇ ਦੀ; ਸਾਫ਼ ਕਰਨੇ ਨੇ ਕਿਸੇ ਦੇ ਕਪੜੇ, ਕਿਸੇ ਨੂੰ ਇਸ਼ਨਾਨ ਕਰਾਉਣਾ ਹੈ, ਕਿਸੇ ਮਰੀਜ਼ ਦੀ ਤੀਮਾਰਦਾਰੀ ਕਰਨੀ ਹੈ, ਕਿਸੇ ਦੇ ਕਪੜੇ ਧੋਣੇ ਨੇ, ਭਾਰੀ ਸੇਵਾ ਕਰਨੀ ਹੈ, ਭਰਕਮ ਸੇਵਾ ਕਰਨੀ ਹੈ ਔਰ ਇਸ ਸੇਵਾ ਵਿਚ ਉਸਨੂੰ ਰੂਹਾਨੀ ਖ਼ੁਸ਼ੀ ਮਿਲੇ, ਇਹ ਸੇਵਾ ਕਰਕੇ ਇਸ ਤਰ੍ਹਾਂ ਜੁੜੇ ਜਿਵੇਂ ਕੋਈ ਬ੍ਰਹਮ ਦਾ ਚਿੰਤਨ ਕਰਨ ਵਾਲਾ ਬ੍ਰਾਹਮਣ ਜੁੜਦਾ ਹੈ, ਜਿਵੇਂ ਕੋਈ ਕਮਜ਼ੋਰ ਦੀ ਬਾਂਹ ਪਕੜਨ ਵਾਲਾ ਖੱਤਰੀ ਜੁੜਦਾ ਹੈ। ਇਸ ਤਰ੍ਹਾਂ ਦੀ ਭਾਰੀ ਭਰਕਮ ਸੇਵਾ ਕਰ ਕੇ, ਬੋਝਲ ਸੇਵਾ ਕਰ ਕੇ, ਅਧਿਆਤਮਕ ਖ਼ੁਸ਼ੀ ਮਾਣਨ ਵਾਲਾ ਪ੍ਰਭੂ ਨਾਲ ਜੁੜਦਾ ਹੈ ਤੇ ਸ਼ੂਦਰ ਕਹਿਲਾਂਦਾ ਹੈ। ਤੋ ਸ਼ੂਦਰ ਦੇ ਨਾਲ ਵੀ ਧਰਮ ਚਲਦਾ ਹੈ। ਇਸ ਤਰ੍ਹਾਂ ਦੀ ਬੋਝਲ ਸੇਵਾ ਕਰਨ ਵਾਲੇ ਮਨੁੱਖਾਂ ਨੂੰ



Sri Satguru Jagjit Singh Ji eLibrary NamdhariElibrary@gmail.com

ਸ਼ਾਇਦ ਬ੍ਰਹਮ ਦਾ ਚਿੰਤਨ ਖ਼ੁਸ਼ੀ ਨਹੀਂ ਦਿੰਦਾ ਤੇ ਚਿੰਤਨ ਕਰਨਾ ਉਨ੍ਹਾਂ ਦੇ ਵੱਸ ਦੀ ਗੱਲ ਵੀ ਨਹੀਂ। ਇਤਨੀ ਸ਼ਕਤੀ ਵੀ ਨਹੀਂ, ਖ਼ੂਨ ਵਿਚ ਇਤਨਾ ਉਛਾਲ, ਉਬਾਲ ਵੀ ਨਹੀਂ ਕਿ ਕਮਜ਼ੋਰ ਦੀ ਖ਼ਾਤਰ ਲੜੇ, ਉਸਦੇ ਪੱਖ ਵਿਚ ਲੜੇ, ਉਹ ਤਾਂ ਹਰ ਇਕ ਦੀ ਸੇਵਾ ਕਰ ਸਕਦਾ ਹੈ, ਧਰਮ ਮੰਦਿਰਾਂ ਦੀ ਸੇਵਾ ਕਰ ਸਕਦਾ ਹੈ, ਧਾਰਮਿਕ ਮਨੁੱਖਾਂ ਦੀ ਸੇਵਾ ਕਰ ਸਕਦਾ ਹੈ। ਔਰ ਬੜੀ ਬੋਝਲ ਸੇਵਾ ਕਰ ਸਕਦਾ ਹੈ, ਭਾਰੀ ਸੇਵਾ ਕਰ ਸਕਦਾ ਹੈ। ਇਸ ਤਰ੍ਹਾਂ ਸ਼ੂਦਰ ਦੇ ਨਾਲ, ਉਸਦੀ ਸੇਵਾ ਦੇ ਸਦਕੇ ਉਸਦੇ ਨਾਲ ਪਰਮਾਤਮਾ ਚਲਦਾ ਹੈ, ਈਸ਼ਵਰ ਚਲਦਾ ਹੈ। ਸ਼ੂਦਰ ਦੇ ਕੋਲ ਪਰਮਾਤਮਾ ਬੈਠਦਾ ਹੈ, ਸ਼ੂਦਰ ਦੇ ਨਾਲ ਪਰਮਾਤਮਾ ਚਲਦਾ ਹੈ, ਪਰਮਾਤਮਾ ਸ਼ੂਦਰ ਦੇ ਅੰਗ-ਸੰਗ ਹੁੰਦਾ ਹੈ। ਤੋ ਸ਼ੂਦਰ ਦੇ ਨਾਲ ਧਰਮ ਚਲਦਾ ਹੈ, ਖੱਤ੍ਰੀ ਦੇ ਨਾਲ ਧਰਮ ਚਲਦਾ ਹੈ ਔਰ ਬ੍ਰਾਹਮਣ ਦੇ ਨਾਲ ਵੀ ਧਰਮ ਚਲਦਾ ਹੈ। ਤੋ ਐਸਾ ਕਿਹੜਾ ਵਰਣ ਹੈ ਜਿਸ ਬਾਰੇ ਧੰਨ ਗੁਰੂ ਨਾਨਕ ਦੇਵ ਜੀ ਫ਼ੁਰਮਾਨ ਕਰ ਰਹੇ ਨੇ :

**ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ॥**

ਸਾਰੀ ਸ੍ਰਿਸ਼ਟੀ ਇੱਕੋ ਵਰਣ ਦੀ ਹੋ ਗਈ ਹੈ, ਇੱਕੋ ਵਰਣ ਵਿਚ ਆ ਗਈ ਹੈ। ਧਰਮ ਨਹੀਂ ਚੱਲ ਰਿਹਾ। ਅਜੋਕੀ ਰਾਜਨੀਤੀ ਨਾਲ ਮਨੁੱਖਤਾ ਚੱਲ ਰਹੀ ਹੈ, ਕਾਰੋਬਾਰ ਚੱਲ ਰਿਹਾ ਹੈ, ਪਰਿਵਾਰ ਚੱਲ ਰਿਹਾ ਹੈ, ਸਮਾਜ ਚੱਲ ਰਿਹਾ ਹੈ, ਧਰਮ ਨਹੀਂ ਚੱਲ ਰਿਹਾ। ਬਾਕੀ ਤਾਂ ਸਭ ਕੁਛ ਚੱਲ ਰਿਹੈ ਮਨੁੱਖ ਨਾਲ, ਲੇਕਿਨ ਧਰਮ ਨਹੀਂ ਚੱਲ ਰਿਹਾ। ਤੋ ਖ਼ਤਮ ਹੋ ਗਏ ਬ੍ਰਾਹਮਣ, ਕੋਈ ਟਾਵਾਂ ਟਾਵਾਂ। ਖ਼ਤਮ ਹੋ ਗਏ ਖੱਤ੍ਰੀ, ਕੋਈ ਵਿਰਲੈ। ਖ਼ਤਮ ਹੋ ਗਏ ਸ਼ੂਦਰ, ਕੋਈ ਇਕ ਅੱਧ। ਭਰ ਗਈ ਪ੍ਰਿਥਵੀ ਵੈਸ਼ਾਂ ਨਾਲ, ਵੈਸ਼ ਹੀ ਵੈਸ਼। ਸਾਰੀ ਸ੍ਰਿਸ਼ਟੀ ਵੈਸ਼ ਹੋ ਗਈ। ਵੈਸ਼ ਕੇਵਲ ਸੌਦੇਬਾਜ਼ੀ ਜਾਣਦੈ। ਵੈਸ਼ ਹਰ ਵਕਤ ਬਾਜ਼ਾਰ ਵਿਚ ਹੈ। ਉਹ ਜਦ ਬਾਜ਼ਾਰ ਵਿਚ ਹੈ ਤਾਂ ਬਾਜ਼ਾਰ ਵਿਚ ਹੈ, ਉਹ ਜਦ ਮੰਦਿਰ ਵਿਚ ਹੈ, ਤਦ ਵੀ ਬਾਜ਼ਾਰ ਵਿਚ ਹੈ। ਜਦ ਉਹ ਪਰਿਵਾਰ ਵਿਚ ਬੈਠਾ ਹੈ, ਤਦ ਵੀ ਉਹ ਬਾਜ਼ਾਰ ਵਿਚ ਹੈ। ਔਰ ਜਦ ਉਹ ਗੁਰਦੁਆਰੇ ਵਿਚ ਬੈਠਾ ਹੈ, ਤਦ ਵੀ ਉਹ ਬਾਜ਼ਾਰ ਵਿਚ ਹੈ। ਵੈਸ਼—ਵੇਚਣਾ ਹੈ, ਵੇਚਣਾ ਹੈ। ਪਰ ਛੋਟਾ-ਵੱਡਾ ਸਾਮਾਨ ਵੇਚ ਕੇ ਜੋ ਆਪਣੀ ਉਪਜੀਵਕਾ ਚਲਾਉਂਦੇ ਨੇ, ਇਹ ਵੈਸ਼ ਨਹੀਂ, ਇਹ ਤਾਂ ਕਿਰਤ ਹੈ, ਇਹ ਤਾਂ ਧੰਧਾ ਹੈ। ਵੈਸ਼—ਵੇਚਣੀ ਹੈ ਆਪਣੀ ਇੱਜ਼ਤ, ਅਗਰ ਮੁੱਲ ਮਿਲਿਆ ਹੈ। ਵੇਚਣਾ ਹੈ ਆਪਣਾ ਈਮਾਨ, ਅਗਰ ਪੂਰਾ ਮੁੱਲ ਮਿਲੇ, ਪੂਰੀ ਕੀਮਤ ਮਿਲੇ। ਵੇਚਣਾ ਹੈ ਦੇਸ਼, ਵੇਚਣੀ ਹੈ ਕੌਮ, ਅਗਰ ਪੂਰਾ ਮੁੱਲ ਮਿਲੇ। ਜੋ ਵੇਚਣ ਦੀ ਸੋਚਦਾ ਰਹਿੰਦੈ, ਉਹ ਵੈਸ਼ ਹੈ ਔਰ ਜੋ ਵੇਚ ਦੇਣ ਵਿਚ ਸਫਲ ਹੋ ਜਾਂਦਾ ਹੈ, ਉਹ ਸਫਲ ਵੈਸ਼ ਹੈ। ਵੈਸ਼ ਦੇ ਨਾਲ ਧਰਮ



Sri Satguru Jagjit Singh Ji eLibrary NamdhariElibrary@gmail.com

ਚਲਦਾ ਨਹੀਂ, ਵੈਸ਼ ਤਾਂ ਧਰਮ ਨੂੰ ਵੇਚਦਾ ਹੈ:

*ਹਵਸ ਕੇ ਬੰਦੇ ਵਫ਼ਾ ਕੋ ਬੇਚ ਦੇਤੇ ਹੈਂ।*
*ਖ਼ੁਦਾ ਕੇ ਘਰ ਕੀ ਕਿਆ ਕਹੀਏ, ਖ਼ੁਦਾ ਕੋ ਬੇਚ ਦੇਤੇ ਹੈਂ।*

ਠੀਕ ਹੈ ਸ਼ਾਇਰ ਦਾ ਤਖ਼ੱਈਅਲ, ਵੈਸੇ ਤਾਂ ਖ਼ੁਦਾ ਵੈਸ਼ ਦੇ ਹੱਥ ਵਿਚ ਨਹੀਂ ਆਏਗਾ, ਪਰ ਜੇ ਕਿਧਰੇ ਆ ਜਾਏ ਤਾਂ ਵੈਸ਼ ਨੇ ਖ਼ੁਦਾ ਦੀ ਵੀ ਬੋਲੀ ਲਾ ਦੇਣੀ ਹੈ, ਉਸ ਨੂੰ ਵੀ ਵੇਚ ਦੇਣਾ ਹੈ। ਵੈਸ਼ ਲੋਭੀ ਹੁੰਦਾ ਹੈ ਤੇ ਲੋਭੀ ਪਾਪੀ। ਵੈਸ਼ ਕਦੇ ਵੀ ਪੁਨੀਤ ਨਹੀਂ ਹੁੰਦਾ। ਤੋ ਵੈਸ਼ ਲੋਭੀ ਹੈ, ਲੋਭੀ ਸਭ ਕੁਛ ਵੇਚਣਾ ਚਾਹੁੰਦਾ ਹੈ, ਬਸ਼ਰਤਿ ਕਿ ਬਦਲੇ ਵਿਚ ਦੁਗਣਾ, ਤਿਗੁਣਾ ਮੁੱਲ ਮਿਲੇ। ਕੌਮ ਵੇਚਣੀ ਹੈ, ਇੱਜ਼ਤ ਵੇਚਣੀ ਹੈ, ਅਸਮਤ ਵੇਚਣੀ ਹੈ, ਈਮਾਨ ਵੇਚਣਾ ਹੈ, ਧਰਮ ਵੇਚਣਾ ਹੈ, ਸਭ ਕੁਛ ਵੇਚਣਾ ਹੈ। ਬਾਜ਼ਾਰ ਵਿਚ ਬੈਠ ਕੇ ਜਿਹੜੀ ਇਸਤਰੀ ਆਪਣੀ ਅਸਮਤ ਵੇਚਦੀ ਹੈ, ਉਹਦੇ ਲਈ ਸ਼ਬਦ ਹੈ—ਵੈਸ਼ਯਾ। ਸਿਰਫ਼ ਅਸਮਤ ਵੇਚਦੀ ਹੈ ਔਰ ਵਾਕਈ ਅਸਮਤ ਵਿਕ ਗਈ ਤੋ ਸਭ ਕੁਛ ਵਿਕ ਜਾਂਦਾ ਹੈ। ਕੋਈ ਸਭ ਕੁਛ ਵੇਚ ਕੇ ਆਪਣੀ ਅਸਮਤ ਵੇਚ ਦਿੰਦਾ ਹੈ, ਕੋਈ ਆਪਣੀ ਅਸਮਤ ਵੇਚ ਕੇ ਸਭ ਕੁਛ ਵੇਚ ਦਿੰਦੀ ਹੈ। ਇਸ ਨੂੰ ਮੈਂ ਫਿਰ ਦੁਹਰਾਵਾਂ—ਕੋਈ ਸਭ ਕੁਛ ਵੇਚ ਕੇ ਆਪਣੀ ਅਸਮਤ ਵੇਚ ਦਿੰਦਾ ਹੈ, ਕੋਈ ਅਸਮਤ ਵੇਚ ਕੇ ਆਪਣਾ ਸਭ ਕੁਛ ਵੇਚ ਦਿੰਦੀ ਹੈ—ਵੈਸ਼, ਵੈਸ਼ਯਾ—ਦੋਵੇਂ ਨਿਕਟ ਨੇ, ਇੱਕੋ ਸਿੰਘਾਸਨ 'ਤੇ ਬੈਠੇ ਨੇ। ਕਲਾ ਵੇਚਣੀ ਹੈ, ਗਿਆਨ ਵੇਚਣਾ ਹੈ, ਧਰਮ ਵੇਚਣਾ ਹੈ, ਈਮਾਨ ਵੇਚਣਾ ਹੈ, ਕਥਾ ਵੇਚਣੀ ਹੈ, ਕੀਰਤਨ ਵੇਚਣਾ ਹੈ। ਸਮਾਂ ਲੰਘ ਗਿਆ, ਜਦ ਨਜ਼ਰਾਨੇ ਭੇਟ ਹੁੰਦੇ ਸਨ, ਭੇਟਾ ਹੁੰਦੀ ਸੀ। ਹੁਣ ਤਾਂ ਮੁੱਲ ਚਾਹੀਦੈ। ਤੋ ਜਦ ਮੁੱਲ ਚਾਹੀਦੈ ਤੋ ਗਿਆਨ ਵਿਕ ਗਿਆ। ਜਦ ਮੁੱਲ ਚਾਹੀਦੈ ਤੋ ਕੀਰਤਨ ਵਿਕ ਗਿਆ। ਮੁੱਲ ਚਾਹੀਦੈ ਤੋ ਕਥਾ ਵਿਕ ਗਈ। ਜਦ ਮੁੱਲ ਚਾਹੀਦੈ ਤੋ ਧਰਮ ਵਿਕ ਗਿਆ, ਸੇਵਾ ਵਿਕ ਗਈ, ਈਮਾਨ ਵਿਕ ਗਿਆ। ਮੁੱਲ ਚਾਹੀਦੈ ਔਰ ਜਿਸ ਨੂੰ ਵੱਡਾ ਮੁੱਲ ਚਾਹੀਦੈ, ਬੇਚ ਦਏਗਾ ਇੱਜ਼ਤ, ਬੇਚ ਦਏਗਾ ਅਸਮਤ, ਬੇਚ ਦਏਗਾ ਸ਼ਰਾਫ਼ਤ, ਬੇਚ ਦਏਗਾ ਆਪਣਾ ਵਿਸ਼ਵਾਸ, ਸਭ ਕੁਛ ਬੇਚੇਗਾ। ਤੋ ਵੈਸ਼ ਨਾਲ ਧਰਮ ਨਹੀਂ ਚਲਦਾ। "ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ॥" ਅਫ਼ਸੋਸ ਨਾਲ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿ ਰਹੇ ਨੇ ਕਿ ਸਾਰੀ ਸ੍ਰਿਸ਼ਟੀ, ਇੰਜ ਕਹਿ ਲਓ ਕਿ ਬਹੁ-ਗਿਣਤੀ ਵਿਚ ਵੈਸ਼ ਹੋ ਗਈ ਹੈ। ਧਰਮ ਵਿਆਪਕ ਪੱਧਰ 'ਤੇ ਨਹੀਂ ਚੱਲ ਰਿਹਾ। ਹੋਇਆ ਕਿਸੇ ਇਕ ਅੱਧ ਮਨੁੱਖ ਨਾਲ ਚੱਲ ਰਿਹਾ ਹੋਵੇ, ਹਜ਼ਾਰਾਂ ਵਿੱਚੋਂ, ਲੱਖਾਂ ਵਿੱਚੋਂ ਕੋਈ ਇਕ ਅੱਧ। ਇਹ ਕੋਈ ਬਹੁਤ ਗਿਣਤੀ ਨਹੀਂ, ਸਾਰਾ ਸੰਸਾਰ ਲੋਭੀ ਹੋ ਗਿਐ, ਔਰ ਲੋਭੀ ਧਾਰਮਿਕ ਨਹੀਂ ਹੋ ਸਕਦਾ, ਲੋਭੀ



Sri Satguru Jagjit Singh Ji eLibrary NamdhariElibrary@gmail.com

ਪੁਨੀਤ ਨਹੀਂ ਹੋ ਸਕਦਾ। ਲੋਭੀ ਪਾਪੀ ਹੋ ਸਕਦਾ ਹੈ, ਪੁਨੀਤ ਨਹੀਂ ਹੋ ਸਕਦਾ। ਦਾਨੀ ਪੁਨੀਤ ਹੋ ਸਕਦਾ ਹੈ, ਲੋਭੀ ਪੁਨੀਤ ਨਹੀਂ ਹੋ ਸਕਦਾ। ਲੋਭੀ ਤਾਂ ਪਾਪੀ ਹੈ, ਦਾਨੀ ਪੁਨੀਤ ਹੈ। ਲੋਭੀ ਪਾਪੀ ਹੈ ਤੋ ਪਾਪ ਵਿਆਪਕ ਹੋ ਗਿਆ, ਪਾਪ ਛਾ ਗਿਆ :

**ਪਾਪਿ ਗਿਰਾਸੀ ਪਿਰਥਮੀ ਧਉਲੁ ਖੜਾ ਧਰਿ ਹੇਠ ਪੁਕਾਰਾ ॥**

*(ਭਾਈ ਗੁਰਦਾਸ ਜੀ)*

ਜਦ ਪਾਪੀਆਂ ਨਾਲ ਧਰਤੀ ਭਰ ਜਾਂਦੀ ਹੈ, ਭਾਵ ਲੋਭੀਆਂ ਨਾਲ ਭਰ ਜਾਂਦੀ ਹੈ, ਤਾਂ ਇਕ ਦਫ਼ਾ ਜ਼ਮੀਨ ਦੇ ਜ਼ੱਰੇ ਵੀ ਪੁਕਾਰ ਉਠਦੇ ਨੇ ਕਿ ਹੇ ਪ੍ਰਭੂ ! ਰਹਿਮਤ ਕਰ, ਬਖ਼ਸ਼ਿਸ਼ ਕਰ। ਪਾਪੀ ਹੀ ਪਾਪੀ ! ਸਭ ਕੁਛ ਵੇਚਣ ਲਈ ਤਿਆਰ ਨੇ ਔਰ ਸਭ ਕੁਛ ਖ਼ਰੀਦਣ ਦੇ ਖ਼ਰੀਦਾਰ ਵੀ ਮੌਜੂਦ ਨੇ। ਬਾਜ਼ਾਰ ਬਣ ਗਿਐ ਸਾਰਾ ਸੰਸਾਰ। ਬਾਜ਼ਾਰ ਬਣ ਗਏ ਇਹ ਮੰਦਿਰ, ਬਾਜ਼ਾਰ ਬਣ ਗਏ ਧਰਮ ਸਥਲ, ਬਾਜ਼ਾਰ ਬਣ ਗਏ ਤੀਰਥ। ਸਨਾਤਨ ਮਤ ਦਾ ਸਿਰਮੌਰ ਤੀਰਥ ਬਨਾਰਸ, ਇਕ ਮਹਾਨ ਯੋਗੀ ਨੇ, ਇਕ ਮਹਾਨ ਤਪੀਸ਼ਵਰ ਸ਼ਿਵਜੀ ਨੇ ਇਸ ਨੂੰ ਵਸਾਇਆ ਸੀ। ਤਪੀਸ਼ਵਰ ਪੈਦਾ ਹੋਣ, ਸੰਤ ਪੈਦਾ ਹੋਣ, ਜੋਗੀ ਪੈਦਾ ਹੋਵਣ, ਧਿਆਨੀ ਪੈਦਾ ਹੋਵਣ, ਗਿਆਨੀ ਪੈਦਾ ਹੋਵਣ, ਇਹ ਨਗਰੀ ਵਸਾਈ, ਪਰ ਇਸ ਨਗਰੀ ਦੇ ਵਿਚ ਲੋਭੀ ਆ ਗਏ। ਲੋਭੀਆਂ ਨੇ ਇਸ ਨਗਰੀ ਨੂੰ, ਜੋ ਵਾਸਤਵ ਵਿਚ ਇਕ ਮੰਦਿਰ ਸੀ, ਹਰੀ-ਮੰਦਿਰ ਸੀ, ਬਾਜ਼ਾਰ ਬਣਾ ਦਿੱਤਾ। ਅੱਜ ਬਨਾਰਸ ਦੇ ਸੰਤ ਮਸ਼ਹੂਰ ਨਹੀਂ, ਜੋਗੀ, ਗਿਆਨੀ, ਧਿਆਨੀ ਮਸ਼ਹੂਰ ਨਹੀਂ, ਬਾਕੌਲੇ ਭਗਤ ਕਬੀਰ ਜੀ :

**ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ ॥**

*(ਆਸਾ ਕਬੀਰ ਜੀ, ਪੰਨਾ 476)*

ਲੋਭੀ ਜਿਥੇ ਇਕੱਠੇ ਹੋ ਜਾਣ, ਲੋਭੀ ਲੰਪਟ ਹੁੰਦਾ ਹੈ, ਠੱਗ ਹੁੰਦਾ ਹੈ। ਲੋਭੀ ਦੇ ਅੰਦਰ ਲੈਣ ਦੀਆਂ ਅਨੇਕਾਂ ਲਹਿਰਾਂ ਚਲਦੀਆਂ ਨੇ, ਲਿਹਾਜ਼ਾ ਲੋਭੀ (ਲੰਪਟ) ਹਰ ਪਾਸੇ ਲੰਪਟਪੁਣਾ ਫੈਲਾਂਦਾ ਹੈ, ਤਦੇ ਤਾਂ ਮੇਰੇ ਪਾਤਿਸ਼ਾਹ ਨੇ ਕਿਹਾ ਹੈ :

**ਹੇ ਲੋਭਾ ਲੰਪਟ ਸੰਗ ਸਿਰਮੋਰਹ ਅਨਿਕ ਲਹਰੀ ਕਲੋਲਤੇ ॥**

ਲੋਭੀ ਸਮਭ੍ਰਸ਼ਟ ਹੁੰਦਾ ਹੈ। ਸਭ ਕੁਛ ਨੂੰ ਭ੍ਰਸ਼ਟ ਕਰ ਕੇ ਰੱਖ ਦਿੰਦਾ ਹੈ। ਲੋਭੀ ਤੀਰਥਾਂ ਨੂੰ ਤੇ ਮੰਦਿਰਾਂ ਨੂੰ ਬਾਜ਼ਾਰ ਬਣਾ ਕੇ ਰੱਖ ਦਿੰਦਾ ਹੈ ਤੇ ਬਾਜ਼ਾਰ ਵਿਚ ਤਾਂ ਠੱਗੀ ਚਲਦੀ ਹੀ ਹੈ। ਬਾਜ਼ਾਰ ਦਾ ਤੇ ਠੱਗੀ ਦਾ ਚੋਲੀ ਦਾਮਨ



Sri Satguru Jagjit Singh Ji eLibrary NamdhariElibrary@gmail.com

ਦਾ ਸਾਥ ਹੈ। ਇਹ ਲੋਭ, ਇਸਦੇ ਕਾਰਨਾਂ ਕਰਕੇ, ਇਹ ਜੀਵ ਪਤਾ ਨਹੀਂ ਕਿਤਨੇ ਥਾਵਾਂ 'ਤੇ ਭਟਕਦਾ ਹੈ। ਉਸਦਾ ਮਨ ਡੋਲਦਾ ਹੈ, ਹਰ ਜਗ੍ਹਾ ਨੂੰ ਭ੍ਰਿਸ਼ਟ ਕਰਦਾ ਹੈ। ਹਰ ਵੇਲੇ ਉਸਦੀ ਲੈਣ ਦੀ ਬਿਰਤੀ ਬਣੀ ਰਹਿੰਦੀ ਹੈ। ਲੋਭੀ ਦੇ ਨਾਲ ਹਰ ਵਕਤ ਬਾਜ਼ਾਰ ਚਲਦਾ ਹੈ। ਬਾਜ਼ਾਰ ਵਿਚ ਹਰ ਕੋਈ ਲੈਣ ਲਈ ਜਾਂਦਾ ਹੈ, ਲੇਕਿਨ ਲੋਭੀ ਨੂੰ ਐਸਾ ਬਾਜ਼ਾਰ ਚਾਹੀਦਾ ਹੈ, ਜਿਥੇ ਲੈਣਾ ਤਾਂ ਹੈ ਉਸ ਕੋਲੋਂ, ਸਭ ਕੁਛ ਲੈ ਲੈਣਾ ਹੈ, ਪਰ ਬਦਲੇ ਵਿਚ ਦੇਣਾ ਕੁਛ ਵੀ ਨਹੀਂ। ਐਸਾ ਬਾਜ਼ਾਰ ਚਾਹੀਦਾ ਹੈ, ਇਸ ਤਰ੍ਹਾਂ ਦਾ ਬਾਜ਼ਾਰ ਲੋਭੀ ਆਪਣੀ ਕਲਪਨਾ ਦੀ ਦੁਨੀਆ ਵਿਚ ਹਰ ਵਕਤ ਬਣਾਈ ਰੱਖਦਾ ਹੈ। ਲਿਹਾਜ਼ਾ ਲੋਭੀ ਦੇ ਨਾਲ ਹੀ ਬਾਜ਼ਾਰ ਜਾਂਦਾ ਹੈ, ਲੋਭੀ ਜਿਥੇ ਵੀ ਬੈਠਾ ਹੈ, ਉਥੇ ਹੀ ਬਾਜ਼ਾਰ ਹੈ, ਚਾਹੇ ਉਹ ਹਰੀ-ਮੰਦਰ ਬੈਠਾ ਹੈ, ਚਾਹੇ ਗੁਰਦੁਆਰੇ ਬੈਠਾ ਹੈ, ਚਾਹੇ ਕਾਅਬਾ ਵਿਚ ਬੈਠਾ ਹੈ, ਚਾਹੇ ਚਰਚ ਦੇ ਵਿਚ ਬੈਠਾ ਹੈ, ਲੋਭੀ ਤਾਂ ਬਾਜ਼ਾਰ ਵਿਚ ਬੈਠਾ ਹੈ, ਉਹ ਕਿਧਰੇ ਮੰਦਿਰ ਵਿਚ ਨਹੀਂ ਬੈਠਾ, ਉਹ ਕਿਧਰੇ ਗੁਰਦੁਆਰੇ ਨਹੀਂ ਬੈਠਾ, ਕਿਧਰੇ ਚਰਚ ਤੇ ਮੰਦਿਰ, ਮਸਜਿਦ ਵਿਚ ਨਹੀਂ ਬੈਠਾ। ਲੋਭੀ ਜਿਥੇ ਵੀ ਬੈਠਾ ਹੈ, ਬਾਜ਼ਾਰ ਵਿਚ ਬੈਠਾ ਹੈ, ਜਿਧਰੇ ਵੀ ਚਲਦਾ ਹੈ ਬਾਜ਼ਾਰ ਨਾਲ ਚਲਦਾ ਹੈ। ਲੋਭੀ ਜਿਧਰ ਚਲਦਾ ਹੈ, ਠੱਗੀਆਂ ਉਸਦੇ ਨਾਲ ਹੀ ਚਲਦੀਆਂ ਨੇ। ਸਤਿਗੁਰ ਅਰਜਨ ਦੇਵ ਜੀ ਮਹਾਰਾਜ ਇਸ ਪਾਵਨ ਪਵਿੱਤਰ ਸਲੋਕ ਵਿਚ ਇੰਜ ਫ਼ੁਰਮਾਨ ਕਰਦੇ ਨੇ :

**ਨਚ ਮਿਤ੍ਰੰ ਨਚ ਇਸਟੰ ਨਚ ਬਾਧਵ ਨਚ ਮਾਤ ਪਿਤਾ ਤਵ ਲਜਯਾ ॥**

ਹੇ ਲੋਭ ! ਤੈਨੂੰ ਮਿੱਤਰ ਦੀ ਵੀ ਸ਼ਰਮ ਨਹੀਂ। ਤੂੰ ਮਿੱਤਰ ਨਾਲ ਵੀ ਧੋਖਾ ਕਰਦਾ ਏਂ, ਤੂੰ ਇਸ਼ਟ ਨਾਲ ਵੀ ਧੋਖਾ ਕਰਨ ਤੋਂ ਸੰਕੋਚ ਨਹੀਂ ਕਰਦਾ। ਤੂੰ ਇਸ਼ਟ ਨਾਲ ਵੀ ਠੱਗੀ ਕਰਦਾ ਏਂ। ਤੂੰ ਸਨਬੰਧੀਆਂ ਤੋਂ ਵੀ ਸ਼ਰਮ ਨਹੀਂ ਖਾਂਦਾ, ਤੂੰ ਉਨ੍ਹਾਂ ਨਾਲ ਵੀ ਠੱਗੀਆਂ ਕਰਦਾ ਏਂ, ਉਨ੍ਹਾਂ ਨੂੰ ਵੀ ਧੋਖਾ ਦਿੰਦਾ ਏਂ। "ਨਚ ਮਾਤ ਪਿਤਾ ਤਵ ਲਜਯਾ"—ਤੈਨੂੰ ਮਾਂ-ਬਾਪ ਦੀ ਵੀ ਲੱਜ ਨਹੀਂ, ਤੂੰ ਤਾਂ ਉਨ੍ਹਾਂ ਨਾਲ ਵੀ ਠੱਗੀ ਕਰਦਾ ਏਂ। ਤੂੰ ਤਾਂ ਉਨ੍ਹਾਂ ਨਾਲ ਵੀ ਧੋਖਾ ਕਰਦਾ ਏਂ। ਤੇ ਪਾਤਿਸ਼ਾਹ ਦਾ ਫ਼ੁਰਮਾਨ ਹੈ :

**ਲੋਭੀ ਕਾ ਵੇਸਾਹੁ ਨ ਕੀਜੈ ਜੇ ਕਾ ਪਾਰਿ ਵਸਾਇ ॥**

*(ਸਲੋਕ ਮ: ੩, ਪੰਨਾ 1417)*

ਲੋਭੀ 'ਤੇ ਭਰੋਸਾ ਔਖਾ ਹੈ। ਔਰ ਅੱਜ ਦੇ ਯੁੱਗ ਵਿਚ ਚੂੰਕਿ ਲੋਭ ਪ੍ਰਬਲ ਹੈ, ਪ੍ਰਧਾਨ ਹੈ, ਭਰੋਸਾ ਉਠਦਾ ਜਾ ਰਿਹਾ ਹੈ, ਉਡ ਗਿਆ ਹੈ। ਜੇ ਕਿਧਰੇ ਕੋਈ ਭਰੋਸਾ ਕਰਦਾ ਵੀ ਹੈ ਤਾਂ ਵਿਸ਼ਵਾਸਘਾਤ ਹੁੰਦਾ ਹੈ, ਉਸਦੇ ਭਰੋਸੇ ਨੂੰ



Sri Satguru Jagjit Singh Ji eLibrary NamdhariElibrary@gmail.com

ਬਹੁਤ ਵੱਡੀ ਸੱਟ ਲਗਦੀ ਹੈ। ਲੋਭੀ ਨੂੰ ਮੇਰੇ ਪਾਤਿਸ਼ਾਹ ਨੇ ਕੁੱਤੇ ਨਾਲ, ਕੂਕਰ ਨਾਲ ਮੁਸ਼ਾਬਿਹਤ ਦਿੱਤੀ ਹੈ :

**ਜਿਉ ਕੂਕਰੁ ਹਰਕਾਇਆ ਧਾਵੈ ਦਹ ਦਿਸ ਜਾਇ ॥**
**ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ ॥**

*(ਸਿਰੀਰਾਗੁ ਮ: ੫, ਪੰਨਾ 50)*

ਲੋਭੀ ਤਾਂ ਕੁੱਤੇ ਦੀ ਤਰ੍ਹਾਂ ਹੈ, ਹਰ ਥਾਂ 'ਤੇ ਮੂੰਹ ਮਾਰਨਾ, ਹਰ ਵਕਤ ਮੂੰਹ ਮਾਰਨਾ, ਹੱਡੀ ਵਿਚ ਮੂੰਹ ਮਾਰਨਾ ਔਰ ਦੂਜੇ ਨੂੰ ਮੂੰਹ ਨਾ ਮਾਰਨ ਦੇਣਾ, ਦੂਜਿਆਂ 'ਤੇ ਭੌਂਕਣਾ। ਇਸਦਾ ਚਿਤਰਨ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਸ੍ਰੀ ਰਾਗ ਵਿਚ ਬੜੇ ਸੁੰਦਰ ਢੰਗ ਨਾਲ ਕੀਤਾ ਹੈ :

**ਏਕੁ ਸੁਆਨੁ ਦੁਇ ਸੁਆਨੀ ਨਾਲਿ ॥**
**ਭਲਕੇ ਭਉਕਹਿ ਸਦਾ ਬਇਆਲਿ ॥**
**ਕੂੜੁ ਛੁਰਾ ਮੁਠਾ ਮੁਰਦਾਰੁ ॥**
**ਧਾਣਕ ਰੂਪਿ ਰਹਾ ਕਰਤਾਰ ॥** *(ਸਿਰੀਰਾਗ ਮ: ੧, ਪੰਨਾ 24)*

ਹੇ ਮੇਰੇ ਕਰਤਾਰ ! ਮੈਂ ਧਾਣਕ ਹੋ ਗਿਆ ਹਾਂ। ਧਾਣਕ ਜੋ ਸ਼ਮਸ਼ਾਨ ਵਿਚ ਬੈਠ ਕੇ ਉਡੀਕ ਕਰਦੇ ਨੇ ਕਿ ਕਦੋਂ ਕੋਈ ਲਾਸ਼ ਆਵੇ, ਕਫ਼ਨ ਮਿਲੇ, ਭਾਂਡੇ ਮਿਲਣ, ਪੈਸੇ ਮਿਲਣ। ਕਦੋਂ ਕੋਈ ਲਾਸ਼ ਆਵੇ ਸਾਡੀਆਂ ਲੱਕੜੀਆਂ ਵਿਕਣ। ਕਦੋਂ ਕੋਈ ਲਾਸ਼ ਆਵੇ ਸਾਨੂੰ ਮਿਹਨਤਾਨਾ ਮਿਲੇ, ਸਮੱਗਰੀ ਮਿਲੇ। ਜਿਸਦੀ ਉਪਜੀਵਕਾ, ਜਿਸਦੀ ਰੋਜ਼ੀ, ਜਿਸਦੀ ਉਡੀਕ ਕਿਸੇ ਦੀ ਮੌਤ 'ਤੇ ਖੜ੍ਹੀ ਹੈ ਔਰ ਜੋ ਸਵੇਰ ਤੋਂ ਸ਼ਾਮ ਤਕ, ਰਾਤ ਤਕ ਇਸੇ ਉਡੀਕ ਵਿਚ ਰਹੇ ਕਿ ਕੋਈ ਮੁਰਦਾ ਆਵੇ, ਐਸੇ ਮਨੁੱਖ ਦੀ ਰੂਹ ਵੀ ਮੁਰਦਾ ਹੋ ਜਾਂਦੀ ਹੈ, ਐਸੇ ਮਨੁੱਖ ਦਾ ਇਖ਼ਲਾਕ ਵੀ ਮੁਰਦਾ ਹੋ ਜਾਂਦਾ ਹੈ, ਐਸੇ ਮਨੁੱਖ ਦਾ ਆਚਰਣ ਵੀ ਮੁਰਦਾ ਹੋ ਜਾਂਦਾ ਹੈ। ਸ਼ੇਖ਼ ਸਾਅਦੀ ਦਾ ਬੜਾ ਸੁੰਦਰ ਫ਼ੁਰਮਾਨ ਹੈ :

*ਗਰ ਇਨਸਾਫ਼ ਪੁਰਸੀ ਬਦ-ਅਖ਼ਤਰ ਆਂ ਅਸਤ।*
*ਕਿ ਦਰ ਰਾਹਤਸ਼ ਰੰਜੇ ਦੀਗਰਾਂ ਅਸਤ।* *(ਗੁਲਿਸਤਾਨਿ ਸਾਅਦੀ)*

ਮੈਥੋਂ ਇਨਸਾਫ਼ ਦੀ ਗੱਲ ਪੁੱਛੋ ਕਿ ਬਦ-ਕਿਸਮਤ ਕੌਣ ਹੈ, ਬਦਬਖ਼ਤ ਕੌਣ ਹੈ ? ਜਿਸਦੀ ਰਾਹਤ ਦੂਜਿਆਂ ਦੇ ਰੰਜ 'ਤੇ ਖੜ੍ਹੀ ਹੈ, ਜਿਸ ਦੀਆਂ ਖ਼ੁਸ਼ੀਆਂ ਦੂਜਿਆਂ ਦੇ ਰੋਣਿਆਂ 'ਤੇ ਖੜ੍ਹੀਆਂ ਨੇ, ਜੋ ਦੂਜਿਆਂ ਦੀ ਬਰਬਾਦੀ ਵਿੱਚੋਂ ਆਬਾਦੀ ਲੱਭਦਾ ਹੈ, ਜੋ ਦੂਜਿਆਂ ਦੀ ਮੌਤ ਵਿੱਚੋਂ ਜ਼ਿੰਦਗੀ ਲੱਭਦਾ ਹੈ, ਜੋ ਦੂਜਿਆਂ ਦੇ ਨੁਕਸਾਨ ਵਿੱਚੋਂ ਨਫ਼ਾ ਲੱਭਦਾ ਹੈ, ਜੋ ਦੂਜਿਆਂ ਦੀ ਬੇਇਜ਼ਤੀ ਵਿੱਚੋਂ ਆਪਣੀ ਇੱਜ਼ਤ ਲੱਭਦਾ ਹੈ, ਜੋ ਰੋਣਿਆਂ ਵਿੱਚੋਂ ਹਾਸੇ ਲੱਭਦਾ ਹੈ, ਇਹ



Sri Satguru Jagjit Singh Ji eLibrary NamdhariElibrary@gmail.com

ਤਾਂ ਬੜਾ ਬਦਬਖ਼ਤ ਹੈ। ਸਾਰਾ ਦਿਨ ਇਹ ਉਡੀਕ ਹੋਵੇ, ਇਹ ਸੋਚਣੀ ਹੋਵੇ ਕਿ ਮਰੇ ਕਿਸੇ ਘਰ ਦੇ ਵਿਚ ਕੋਈ ਮਨੁੱਖ, ਮੌਤ ਹੋਵੇ ਕਿਸੇ ਦੀ, ਖ਼ਤਮ ਹੋਵੇ ਕੋਈ, ਲਾਸ਼ ਆਵੇ, ਮੈਨੂੰ ਕਪੜੇ ਮਿਲਣ, ਮੈਨੂੰ ਸਾਜ਼ੋ-ਸਾਮਾਨ ਆਵੇ। ਇਸ ਤਰ੍ਹਾਂ ਦੀ ਸੋਚਣੀ, ਇਖ਼ਲਾਕ ਖ਼ਤਮ ਕਰ ਦਿੰਦੀ ਹੈ। ਅਗਰ ਇਹ ਪੇਸ਼ਾ ਹੈ, ਧੰਧਾ ਹੈ ਕਿਸੇ ਦਾ, ਪਰ ਸੋਚਣੀ ਵਿਚ ਨਾ ਲਿਆਵੇ, ਉਪਜੀਵਕਾ ਪ੍ਰਭੂ 'ਤੇ ਸੁੱਟੇ, ਸੇਵਾ ਦੇ ਰੂਪ ਵਿਚ ਕਰੇ, ਸੋਚੇ ਕਿ ਪ੍ਰਭੂ ਪਰਮਾਤਮਾ ਵੱਲੋਂ ਇਹੀ ਮੇਰੀ ਡਿਊਟੀ ਲੱਗੀ ਹੈ। ਇਹ ਸਾਰੀ ਸੇਵਾ ਕਰਦਿਆਂ ਉਸਦੀ ਉਪਜੀਵਕਾ ਤਾਂ ਚਲੇਗੀ, ਉਸਦਾ ਇਖ਼ਲਾਕ ਖ਼ਤਮ ਨਹੀਂ ਹੋਵੇਗਾ। ਉਸਦੀ ਮਨੋਬਿਰਤੀ ਥੱਲੇ ਨਹੀਂ ਜਾਏਗੀ। ਪਰ ਉਹੀ ਸਿਰਫ਼ ਧਾਣਕ ਨਹੀਂ, ਜੋ ਸ਼ਮਸ਼ਾਨ-ਘਾਟ ਵਿਚ ਬੈਠ ਕੇ ਸਾਰਾ ਦਿਨ ਮੁਰਦਿਆਂ ਦੀ ਉਡੀਕ ਕਰਦਾ ਹੈ ਕਿ ਕਿਸੇ ਘਰ ਵਿਚ ਮੌਤ ਹੋਵੇ, ਬਲਕਿ ਸਾਰਾ ਸੰਸਾਰ ਹੀ ਲੋਭੀਆਂ ਨੇ ਸ਼ਮਸ਼ਾਨ-ਘਾਟ ਬਣਾ ਕੇ ਰੱਖ ਦਿੱਤਾ ਹੈ ਔਰ ਖ਼ੁਦ ਬੈਠਾ ਹੈ ਧਾਣਕ ਦੀ ਤਰ੍ਹਾਂ। ਕੋਈ ਮਰੇ, ਮੈਨੂੰ ਕੁਛ ਮਿਲੇ, ਕੋਈ ਤਬਾਹ ਹੋਵੇ, ਮੈਨੂੰ ਕੁਛ ਮਿਲੇ। ਮੈਨੂੰ ਕੁਛ ਮਿਲਣਾ ਚਾਹੀਦਾ ਹੈ, ਹੁੰਦਾ ਦੂਜਾ ਤਬਾਹ ਤਾਂ ਹੋਵੇ ਪਿਆ, ਮੇਰੇ ਪੱਲੇ ਕੁਛ ਪੈਣਾ ਚਾਹੀਦਾ ਹੈ। ਖੋਹਿਆ ਜਾਂਦਾ ਸਭ ਦਾ ਤਾਂ ਖੋਹਿਆ ਜਾਣ ਦਿਉ। ਇਸ ਤਰ੍ਹਾਂ ਹਰ ਮਨੁੱਖ ਧਾਣਕ ਬਣ ਗਿਆ ਹੈ ਔਰ ਹਰ ਲੋਭੀ ਮਨੁੱਖ ਨੇ ਸੰਸਾਰ ਨੂੰ ਸ਼ਮਸ਼ਾਨ-ਘਾਟ ਬਣਾ ਕੇ ਰੱਖ ਦਿੱਤੈ। ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਇਸ ਨੂੰ ਇਸ ਢੰਗ ਨਾਲ ਇੰਜ ਬਿਆਨ ਕੀਤਾ ਹੈ :

**ਏਕੁ ਸੁਆਨੁ ਦੁਇ ਸੁਆਨੀ ਨਾਲਿ॥**
**ਭਲਕੇ ਭਉਕਹਿ ਸਦਾ ਬਇਆਲਿ॥**

ਇਕ ਕੁੱਤਾ, ਦੋ ਕੁੱਤੀਆਂ, ਮਨੁੱਖ ਜੈਸੇ ਸਵੇਰੇ ਉਠਦਾ ਹੈ, ਇਹ ਦੋ ਨਾਲ ਉਠ ਬੈਠਦੀਆਂ ਨੇ। ਭੌਂਕਦੈ ਇਹ ਕੁੱਤਾ, ਭੌਂਕਦੀਆਂ ਨੇ ਇਹ ਕੁੱਤੀਆਂ। ਰਾਤ ਨੂੰ ਜਦ ਸੌਂ ਜਾਂਦਾ ਹੈ, ਵਕਤੀ ਤੌਰ 'ਤੇ ਇਹ ਕੁੱਤਾ ਤੇ ਕੁੱਤੀਆਂ, ਸ਼ਾਂਤ ਹੁੰਦੀਆਂ ਨੇ, ਪਰ ਹੁੰਦੀਆਂ ਨੇ ਇਸਦੇ ਕੋਲ ਹੀ। ਜੈਸੇ ਹੀ ਸਵੇਰੇ ਉਠਿਆ, ਕੁੱਤਾ ਵੀ ਉਠ ਬੈਠਾ, ਕੁੱਤੀਆਂ ਵੀ ਉਠ ਬੈਠੀਆਂ। ਜ਼ੋਰ ਦਾ ਭੌਂਕਣਾ ਆਰੰਭ ਕਰ ਦਿੱਤਾ। ਇਸ ਭੌਂਕਣ ਵਿਚ ਲੋਭ ਹੈ। ਮਜਾਲ ਹੈ ਕਿ ਇਸ ਦੀ ਜ਼ਬਾਨ ਵਿੱਚੋਂ ਵਾਹਿਗੁਰੂ ਨਿਕਲੇ, ਰਾਮ ਨਿਕਲੇ, ਅੱਲਾਹ ਨਿਕਲੇ। ਮਜਾਲ ਹੈ ਕਿ ਜਪੁਜੀ ਸਾਹਿਬ ਪੜ੍ਹੇ ਤੇ ਮੰਦਿਰ ਦੀ ਸੁਰਤ ਲਵੇ, ਗੀਤਾ ਪੜ੍ਹੇ ਯਾ ਨਿਮਾਜ਼ ਪੜ੍ਹੇ, ਕੁਰਾਨ ਦੀ ਤਲਾਵਤ ਕਰੇ। ਨਹੀਂ, ਮੁਸ਼ਕਲ ਹੈ। ਕੌਣ ਹੈ ਇਹ ਕੁੱਤਾ, ਕੌਣ ਹੈਨ ਇਹ ਦੋ ਕੁੱਤੀਆਂ ? ਆਸ਼ਾ ਤੇ ਤ੍ਰਿਸ਼ਨਾ। ਥੋੜ੍ਹਾ ਜਿਹਾ ਲੋਭ (ਕੁੱਤਾ) ਚੁੱਪ ਹੁੰਦੈ, ਪਰ ਆਸ਼ਾ ਤੇ ਤ੍ਰਿਸ਼ਨਾ—ਜੋ ਮਿਲ ਗਿਆ, ਪਰ ਤ੍ਰਿਪਤੀ ਨਹੀਂ, ਤੋ ਆਸ਼ਾ ਤੇ



Sri Satguru Jagjit Singh Ji eLibrary NamdhariElibrary@gmail.com

ਤ੍ਰਿਸ਼ਨਾ ਜ਼ੋਰ ਦੀ ਭੌਂਕਦੀਆਂ ਨੇ ਕਿ ਵਕਤੀ ਤੌਰ 'ਤੇ ਉਸੇ ਕੁੱਤੇ (ਲੋਭ) ਨੂੰ ਨਾਲ ਭੌਂਕਣਾ ਪੈਂਦਾ ਹੈ ਔਰ ਪੂਰੀ ਉੱਚੀ ਆਵਾਜ਼ ਵਿਚ ਭੌਂਕਣਾ ਪੈਂਦਾ ਹੈ। ਤੋ ਲੋਭ ਜਦ ਐਸਾ ਭੌਂਕਣਾ ਸ਼ੁਰੂ ਕਰੇ ਔਰ ਆਸ਼ਾ ਤੇ ਤ੍ਰਿਸ਼ਨਾ ਵੀ ਭੌਂਕਣ, ਇਹ ਇਕੱਲਾ ਮਨੁੱਖ ਕੀ ਕਰੇ। ਇਹ ਫਿਰ ਕੀ ਕਰ ਸਕਦੈ। ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਫ਼ੁਰਮਾਨ ਹੈ :

**ਕੂੜੁ ਛੁਰਾ ਮੁਠਾ ਮੁਰਦਾਰੁ ॥**

ਝੂਠ ਦੇ ਛੁਰੇ ਨਾਲ ਮੁਰਦਾਰ ਨੂੰ ਜ਼ਿਬ੍ਹਾ ਕਰਦਾ ਹੈ। ਪ੍ਰਿਥਮ ਤਾਂ ਸਮਝਾਂਗੇ, ਜਾਣਨਾ ਚਾਹਾਂਗੇ ਕਿ ਮੁਰਦਾਰ ਹੈ ਕੀ ? ਮੁਰਦਾਰ—ਗੁਰੂ ਨਾਨਕ ਦੇਵ ਜੀ ਖ਼ੁਲਾਸਾ ਕਰਦੇ ਨੇ। ਬਾਣੀ ਦੀ ਵਿਆਖਿਆ ਬਾਣੀ ਕਰਦੀ ਹੈ—"ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥ ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥" ਪਰਾਇਆ ਹੱਕ, ਬਸ ਇਹੀ ਮੁਰਦਾਰ ਹੈ। ਅਗਰ ਹਿੰਦੂ ਹੈ ਤੋ ਫਿਰ ਗਊ ਖਾ ਰਿਹਾ ਹੈ, ਔਰ ਮੁਰਦਾ ਗਊ। ਮੁਸਲਿਮ ਹੈ ਤੋ ਸੂਅਰ ਖਾ ਰਿਹਾ ਹੈ, ਮੁਰਦਾ ਸੂਅਰ ਖਾ ਰਿਹਾ ਹੈ, ਮਰਿਆ ਹੋਇਆ ਸੂਅਰ। ਤੇ ਸੂਅਰ ਖਾ ਰਿਹਾ ਹੈ ਮੁਸਲਮਾਨ—ਪਰਾਇਆ ਹੱਕ—ਇਹ ਤਾਂ ਗਊ ਖਾ ਰਿਹਾ ਹੈ ਹਿੰਦੂ। ਭਾਰਤ ਦੀ ਮਨੌਤ ਹੈ ਕਿ ਗਊ ਸਭ ਤੋਂ ਉੱਤਮ ਹੈ। ਇਹ ਮਨੁੱਖੀ ਮਾਂ ਦੀ ਤਰ੍ਹਾਂ ਸੋਚਦੀ ਹੈ, ਇਸ ਦੇ ਗਰਭ-ਕਾਲ ਦਾ ਸਮਾਂ ਮਨੁੱਖੀ ਮਾਂ ਦੀ ਤਰ੍ਹਾਂ ਦਸ ਮਹੀਨੇ ਦਾ ਹੈ। ਜੈਸੇ ਡਾਰਵਿਨ ਨੇ ਕਿਸੇ ਵਕਤ ਕਿਹਾ ਸੀ ਕਿ ਮਨੁੱਖ ਦੀ ਆਖ਼ਰੀ ਕੜੀ ਬੰਦਰ ਹੈ। ਬੰਦਰ ਤੋਂ ਵਿਕਾਸ ਕਰ ਕੇ ਮਨੁੱਖ ਇਸ ਸ਼ਕਲ ਵਿਚ ਆਇਆ ਹੈ। ਸਰੀਰ ਦੀ ਖੋਜ, ਵਿਗਿਆਨ ਦੀ ਖੋਜ, ਬਾਹਰ ਦੀ ਖੋਜ ਹੈ, ਪਰ ਭਾਰਤ ਦਾ ਰਿਸ਼ੀ, ਮਨ ਦੀ ਖੋਜ ਦਾ ਸੰਲਗਨ ਹੈ, ਉਸ ਦੀ ਦਿਲਚਸਪੀ ਮਨ ਦੀ ਖੋਜ ਵਿਚ ਹੈ। ਉਸਨੇ ਦੇਖਿਆ ਕਿ ਗਊ ਦਾ ਮਨ ਤੇ ਮਨੁੱਖ ਦਾ ਮਨ ਬੜੇ ਨਿਕਟਵਰਤੀ ਹਨ। ਜੈਸੇ ਡਾਰਵਿਨ ਨੇ ਦੇਖਿਆ ਕਿ ਬੰਦਰ ਦਾ ਸਰੀਰ ਤੇ ਮਨੁੱਖ ਦਾ ਸਰੀਰ ਬੜਾ ਮੇਲ ਖਾਂਦਾ ਹੈ, ਇਵੇਂ ਭਾਰਤ ਦੇ ਰਿਸ਼ੀ ਨੇ ਦੇਖਿਆ ਕਿ ਗਊ ਦਾ ਮਨ ਤੇ ਮਨੁੱਖ ਦਾ ਮਨ ਬੜੇ ਨਿਕਟਵਰਤੀ ਨੇ। ਉਹ ਨਾ ਹੋਵੇ ਮਨੁੱਖ ਦੀ ਆਖ਼ਰੀ ਕੜੀ ਗਊ ਹੋਵੇ, ਗਊ ਮਰੇ ਮਨੁੱਖ ਬਣੀਏ। ਇਸ ਤਰ੍ਹਾਂ ਮਨੁੱਖੀ ਜ਼ਿੰਦਗੀ ਦੀ ਆਖ਼ਰੀ ਕੜੀ ਗਊ ਹੋ ਸਕਦੀ ਹੈ, ਬਕੌਲਿ ਡਾਰਵਿਨ ਬੰਦਰ ਹੋ ਸਕਦੀ ਹੈ। ਤੋ ਅਫ਼ਜ਼ਲ ਹੋ ਗਈ, ਮਹਾਨ ਹੋ ਗਈ ਗਊ ਭਾਰਤ ਦੇ ਚਿੰਤਨ ਵਿਚ, ਹਿੰਦ ਵਾਸੀਆਂ ਦੇ ਚਿੰਤਨ ਵਿਚ। ਕਿਉਂਕਿ ਮਨੁੱਖ ਦੀ ਤਰ੍ਹਾਂ ਸੋਚਦੀ ਹੈ, ਮਨੁੱਖ ਦੀ ਤਰ੍ਹਾਂ ਮਮਤਾ ਰੱਖਦੀ ਹੈ, ਮਨੁੱਖ ਦੀ ਤਰ੍ਹਾਂ ਦੁੱਖ ਸੁੱਖ ਮਹਿਸੂਸ ਕਰਦੀ ਹੈ। ਇਸਨੂੰ ਮਾਰਨਾ ਐਸਾ ਹੈ, ਜੈਸੇ ਮਨੁੱਖ ਨੂੰ ਮਾਰਨਾ ਔਰ ਇਸਦਾ ਮਾਸ ਖਾਣਾ ਐਸਾ ਹੈ, ਜੈਸੇ ਬੰਦੇ ਦਾ ਮਾਸ ਖਾਣਾ। ਤ੍ਰਿਗਦ ਜੂਨ



Sri Satguru Jagjit Singh Ji eLibrary NamdhariElibrary@gmail.com

ਹੈ ਸੂਅਰ। ਵਿਸ਼ਟਾ ਖਾਂਦਾ ਹੈ, ਗੰਦਗੀ ਖਾਂਦਾ ਹੈ, ਤੋ ਇਸਲਾਮ ਦੇ ਬਾਨੀ ਮੁਹੰਮਦ ਸਾਹਿਬ ਨੇ ਇਸਨੂੰ ਹਰਾਮ ਕਰਾਰ ਦਿੱਤਾ। ਨਹੀਂ ਖਾਣਾ ਇਹ ਸੂਅਰ, ਨਹੀਂ ਖਾਣਾ, ਇਹ ਤਾਂ ਦਿਨ ਭਰ ਵਿਸ਼ਟਾ ਖਾਂਦਾ ਹੈ, ਗੰਦਗੀ ਖਾਂਦਾ ਹੈ। ਔਰ ਫਿਰ ਇਸਦੀ ਗਰਦਨ ਦੀ ਹੱਡੀ ਇਤਨੀ ਮਜ਼ਬੂਤ, ਇਤਨੀ ਸਖ਼ਤ ਕਿ ਇਹ ਹਲਾਲ ਨਹੀਂ ਹੋ ਸਕਦਾ, ਜ਼ਿਬ੍ਹਾ ਨਹੀਂ ਹੋ ਸਕਦਾ। ਬਹੁਤੱ ਤੜਪੇਗਾ, ਬਹੁਤ ਤੜਪੇਗਾ, ਖਾਣਾ ਹਰਾਮ। ਪਰ ਮ੍ਹਾਰਾਜ ਕਹਿ ਰਹੇ ਨੇ ਕਿ ਖਾ ਰਿਹਾ ਹੈ ਉਹ ਸੂਅਰ ਅਗਰ ਉਹ ਮੁਸਲਮਾਨ ਹੈ। ਖਾ ਰਿਹਾ ਹੈ ਉਹ ਸੂਅਰ ਅਗਰ ਬੇਗਾਨਾ ਹੱਕ ਖਾ ਰਿਹਾ ਹੈ। ਅਗਰ ਭਾਰਤ ਦਾ ਵਾਸੀ ਹੈ ਹਿੰਦੂ, ਬੋਧ, ਜੈਨ ਜਾਂ ਸਿਖ ਹੈ ਪਰਾਇਆ ਹੱਕ ਖਾ ਰਿਹਾ ਹੈ, ਅਗਰ ਗਊ ਖਾ ਰਿਹਾ ਹੈ। ਧੰਨ ਗੁਰੂ ਨਾਨਕ ਦੇਵ ਜੀ ਦੇ ਇਹ ਵਾਕ ਹਨ:

**ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥**
**ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥**

*(ਮਾਝ ਕੀ ਵਾਰ ਮ: ੧, ਪੰਨਾ 141)*

ਪਰ ਜਦ ਲੋਭ (ਕੁੱਤਾ) ਭੌਂਕਦਾ ਹੈ, ਆਸਾ ਤੇ ਤ੍ਰਿਸ਼ਨਾ ਦੋ ਕੁੱਤੀਆਂ ਭੌਂਕਦੀਆਂ ਨੇ ਤਾਂ ਇਸ ਭੌਂਕਣ ਵਿਚ ਮਨੁੱਖ ਐਸਾ ਬੇਹਾਲ ਹੁੰਦਾ ਹੈ, ਨਿਢਾਲ ਹੁੰਦਾ ਹੈ—"ਕੂੜੁ ਛੁਰਾ ਮੁਠਾ ਮੁਰਦਾਰੁ॥ ਭਲਕੇ ਭਉਕਹਿ ਸਦਾ ਬਇਆਲਿ॥" ਜਦ ਆਸਾ ਤ੍ਰਿਸ਼ਨਾ ਭੌਂਕਦੀਆਂ ਨੇ, ਬੇਹਾਲ ਕਰ ਦਿੰਦੀਆਂ ਨੇ। ਇਹ ਲੋਭ (ਕੁੱਤਾ) ਭੌਂਕਦਾ ਹੈ, ਨਿਢਾਲ ਕਰ ਕੇ ਰੱਖ ਦਿੰਦਾ ਹੈ—"ਏਕੁ ਸੁਆਨੁ ਦੁਇ ਸੁਆਨੀ ਨਾਲਿ॥ ਭਲਕੇ ਭਉਕਹਿ ਸਦਾ ਬਇਆਲਿ॥ ਕੂੜੁ ਛੁਰਾ ਮੁਠਾ ਮੁਰਦਾਰੁ॥ ਧਾਣਕ ਰੂਪਿ ਰਹਾ ਕਰਤਾਰ॥" ਇਹ ਬੇਹਾਲ ਹੋਇਆ ਮਨੁੱਖ ਝੂਠ ਬੋਲ ਕੇ, ਪਰਾਏ ਹੱਕ ਨੂੰ ਆਪਣਾ ਸਾਬਤ ਕਰਨ ਦੀ ਕੋਸ਼ਿਸ਼ ਕਰਦਾ ਹੈ। 'ਮੇਰਾ ਹੈ, ਮੇਰਾ ਹੈ', ਝੂਠ ਬੋਲਦਾ ਹੈ, ਜਦ ਕਿ ਉਸਦਾ ਨਹੀਂ ਹੈ। ਇਹ ਜ਼ਮੀਨ ਮੇਰੀ ਹੈ, ਜਦ ਕਿ ਇਹ ਉਸਦੀ ਨਹੀਂ ਹੈ। ਇਹ ਘਰ ਮੇਰਾ ਹੈ, ਜਦ ਕਿ ਉਸਦਾ ਨਹੀਂ ਹੈ। ਇਹ ਧਨ ਮੇਰਾ ਹੈ, ਇਹ ਸੰਪਦਾ ਮੇਰੀ ਹੈ, ਇਹ ਮਲਕੀਅਤ ਮੇਰੀ ਹੈ। ਇਸ ਤਰ੍ਹਾਂ ਇਹ ਦੂਜਿਆਂ ਦਾ ਹੱਕ ਖੋਂਹਦਾ ਹੈ, ਦੂਜਿਆਂ ਦੀ ਚੀਜ਼ ਉੱਤੇ, ਵਸਤੂ ਉੱਤੇ, ਆਪਣੀ ਮੋਹਰ ਲਾਉਂਦਾ ਹੈ। ਜਦ ਕਿ ਬੇਹਾਲ ਹੋਇਆ ਪਿਐ, ਔਰ ਬੇਹਾਲ ਕੀਤਾ ਲੋਭ ਨੇ, ਬੇਹਾਲ ਕੀਤਾ ਆਸਾ ਤੇ ਤ੍ਰਿਸ਼ਨਾ ਨੇ। ਇਸ ਵਾਸਤੇ ਮੇਰੇ ਪਾਤਿਸ਼ਾਹ ਕਹਿੰਦੇ ਨੇ ਕਿ ਲੋਭੀ ਦਾ ਕੋਈ ਭਰੋਸਾ ਨਹੀਂ, ਕਿਉਂਕਿ ਲੋਭੀ ਪਾਪੀ ਹੁੰਦਾ ਹੈ, ਲੋਭੀ ਤੋਂ ਹਰ ਵਕਤ ਖ਼ਤਰਾ ਹੈ ਧਨ ਨੂੰ, ਸੰਪਦਾ ਨੂੰ, ਜ਼ਮੀਨ ਜਾਇਦਾਦ ਨੂੰ ਔਰ ਵਿਆਪਕ ਪੱਧਰ 'ਤੇ ਲੋਭ ਪ੍ਰਧਾਨ ਹੋ ਗਿਆ ਹੈ। ਖ਼ਲਕਤ ਲੋਭੀ ਹੋ ਗਈ ਹੈ, ਤੋ ਇਕ ਦੂਜੇ ਤੋਂ ਖ਼ਤਰੇ ਵਧ ਗਏ ਨੇ, ਛੀਨਾ



Sri Satguru Jagjit Singh Ji eLibrary NamdhariElibrary@gmail.com

ਝਪਟੀਆਂ ਵਧ ਗਈਆਂ ਨੇ। ਲੋਭ ਪ੍ਰਧਾਨ ਹੈ। ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਤਾਂ ਆਸਾ ਦੀ ਵਾਰ ਅੰਦਰ ਬਹੁਤ ਸੁੰਦਰ ਫ਼ੁਰਮਾਨ ਕੀਤਾ ਹੈ। ਜੈਸੇ ਰਾਜਨੀਤਿਕ ਦੁਨੀਆ ਵਿਚ ਕ੍ਰਾਂਤੀਆਂ ਆਉਂਦੀਆਂ ਨੇ; ਰਾਜ ਪਾਟ ਦੇ ਬਦਲਦਿਆਂ, ਨੀਤੀਆਂ ਬਦਲਦੀਆਂ ਨੇ, ਵਿਧਾਨ ਬਦਲਦੇ ਨੇ; ਕਈ ਦਫ਼ਾ ਕਰੰਸੀ ਬਦਲਦੀ ਹੈ, ਧਨ ਦਾ ਪ੍ਰਚਲਨ ਬਦਲਦਾ ਹੈ, ਰੂਪ ਰੰਗ ਬਦਲਦਾ ਹੈ। ਬਾਹਰ ਦਾ ਇਹ ਪਲਟਾ ਰਾਜ ਪਾਟ ਦੇ ਪਲਟੇ ਨਾਲ ਹੁੰਦਾ ਹੈ, ਲੇਕਿਨ ਮਨੁੱਖ ਦੇ ਅੰਤਸ਼ਕਰਨ ਦੀ ਦੁਨੀਆ, ਮਨ ਦੀ ਦੁਨੀਆ, ਉਸਦੇ ਉੱਤੇ ਅਗਰ ਅਹੰਕਾਰ ਰਾਜ ਕਰੇ ਤੋ ਨੀਤੀ ਦੇ ਵਿਚ, ਵਿਵਹਾਰ ਦੇ ਵਿਚ ਜ਼ੁਲਮ ਬਰਪਾ ਹੋ ਜਾਂਦਾ ਹੈ। ਅਹੰਕਾਰ ਦਾ ਮਤਲਬ 'ਮੈਂ ਹਾਂ', ਤੂੰ ਨਹੀਂ ਹੈਂ—ਅਹੰ। ਅਹੰਕਾਰੀ ਕਿਸੇ ਨੂੰ ਵੀ ਬਰਾਬਰੀ ਨਹੀਂ ਦਏਗਾ। ਅਹੰਕਾਰੀ ਹਰ ਇਕ ਨੂੰ ਪੈਰਾਂ ਥੱਲੇ ਰੱਖੇਗਾ। ਜੋ ਪੈਰਾਂ ਦੇ ਥੱਲੇ ਆਉਣ ਨੂੰ ਰਾਜ਼ੀ ਨਹੀਂ, ਉਸਦੀ ਗਰਦਨ ਕੁਚਲੀ ਜਾਵੇਗੀ, ਲਿਤਾੜੀ ਜਾਵੇਗੀ, ਪੈਰਾਂ ਦੇ ਥੱਲੇ ਲਿਆਂਦੀ ਜਾਏਗੀ। ਔਰ ਜਦ ਬਹੁ-ਗਿਣਤੀ ਵਿਚ ਮਨੁੱਖਤਾ ਅਹੰਕਾਰੀ ਹੋ ਜਾਏ, ਜ਼ੋਰਾਵਰ ਹੋ ਜਾਏ ਤਾਂ ਕਮਜ਼ੋਰ ਦਾ ਸਿਰ ਸ਼ਕਤੀਸ਼ਾਲੀ ਦੇ ਪੈਰਾਂ ਹੇਠ ਹੁੰਦਾ ਹੈ, ਅਹੰਕਾਰੀ ਦੇ ਪੈਰਾਂ ਦੇ ਥੱਲੇ ਹੁੰਦਾ ਹੈ, ਚਾਰੋਂ ਪਾਸੇ ਜ਼ੁਲਮ ਛਾ ਜਾਂਦਾ ਹੈ। ਐਸੇ ਦੌਰ ਕਈ ਦਫ਼ਾ ਲੰਘੇ ਨੇ ਜਦ ਸੱਤਾ ਅਹੰਕਾਰੀਆਂ ਕੋਲ ਆਈ ਹੈ। ਅਹੰਕਾਰੀ ਦਾ ਪੈਰ ਮਜ਼ਲੂਮਾਂ, ਗ਼ਰੀਬਾਂ, ਕਮਜ਼ੋਰਾਂ ਦੇ ਸਿਰ 'ਤੇ, ਗਰਦਨਾਂ ਲਿਤਾੜੀਆਂ ਗਈਆਂ। ਜਦ ਮਨ ਦੀ ਸੇਜਾ ਉੱਤੇ ਕਾਮ ਦਾ ਰਾਜ ਹੋਵੇ, ਵਾਸ਼ਨਾ ਦਾ ਰਾਜ ਹੋਵੇ ਔਰ ਬਹੁ-ਗਿਣਤੀ ਵਿਚ ਮਨੁੱਖਤਾ ਇਸ ਤਰ੍ਹਾਂ ਦੀ ਹੋ ਜਾਵੇ ਤੋ ਦੁਰਾਚਾਰ ਆਮ ਹੋ ਜਾਂਦਾ ਹੈ, ਸ਼ਰੇਆਮ ਹੋ ਜਾਂਦਾ ਹੈ। ਕਿਸੇ ਮੁਲਕ ਵਿਚ ਅਗਰ ਅਹੰਕਾਰ ਪ੍ਰਧਾਨ ਹੋਵੇਗਾ ਤਾਂ ਜ਼ੁਲਮ ਹੀ ਜ਼ੁਲਮ ਹੋਏਗਾ। ਕਿਸੇ ਮੁਲਕ ਵਿਚ ਅਗਰ ਵਾਸ਼ਨਾ, ਇਹ ਕਾਮ ਪ੍ਰਧਾਨ ਹੋਵੇਗਾ ਤੋ ਦੁਰਾਚਾਰ ਆਮ ਹੋਵੇਗਾ, ਸੜਕਾਂ 'ਤੇ ਔਰ ਸ਼ਰੇਆਮ ਬਾਗ਼-ਬਗ਼ੀਚਿਆਂ ਵਿਚ। ਕਿਸੇ ਵਕਤ ਭਾਰਤ ਵਿਚ ਵੀ ਕਾਮ-ਪ੍ਰਧਾਨਤਾ ਹੋ ਗਈ ਸੀ। ਰਹਿੰਦੇ ਤਾਂ ਪੰਜੇ ਵਿਸ਼ੇ ਮਨੁੱਖ ਦੇ ਪਾਸ ਨੇ, ਪਰ ਇਕ ਹਰ ਵਕਤ ਪ੍ਰਧਾਨ ਹੁੰਦਾ ਹੈ ਔਰ ਉਹ ਕੋਈ ਵੀ ਹੋ ਸਕਦਾ ਹੈ—ਅਹੰਕਾਰ ਹੋ ਸਕਦਾ ਹੈ, ਲੋਭ ਹੋ ਸਕਦਾ ਹੈ, ਕਾਮ ਹੋ ਸਕਦਾ ਹੈ ਔਰ ਜਦ ਕਾਮ-ਪ੍ਰਧਾਨ ਮਨੁੱਖਤਾ ਹੋ ਜਾਂਦੀ ਹੈ ਤਾਂ ਬਾਜ਼ਾਰਾਂ ਵਿਚ ਦੁਰਾਚਾਰ ਔਰ ਦੁਰਾਚਾਰ ਦੇ ਬਾਜ਼ਾਰ, ਫਿਰ ਪਰਿਵਾਰ ਵਿਚ ਦੁਰਾਚਾਰ, ਉਥੇ ਵੀ ਕੋਈ ਸ਼ਰਮ ਹਯਾ ਨਹੀਂ ਰਹਿ ਜਾਂਦੀ। ਔਰ ਫਿਰ ਧਾਰਮਿਕ ਮੰਦਿਰਾਂ ਵਿਚ ਦੁਰਾਚਾਰ। ਭਾਰਤ ਵਿਚ ਜਿਸ ਦੌਰ ਵਿਚ ਕਾਮ ਪ੍ਰਧਾਨ ਹੋ ਗਿਆ ਸੀ, ਉਸੇ ਦੌਰ ਵਿਚ ਕੋਨਾਰਕ ਦੇ ਮੰਦਿਰ ਬਣੇ, ਖਜੂਰਾਹੋ ਦੇ ਮੰਦਿਰ ਬਣੇ ਔਰ ਇਸ ਤਰ੍ਹਾਂ ਦੇ ਕਈ ਹੋਰ ਮੰਦਿਰ ਬਣੇ। ਸਾਰੇ ਮੰਦਿਰ



Sri Satguru Jagjit Singh Ji eLibrary NamdhariElibrary@gmail.com

ਰਾਮ ਦੇ ਮੰਦਿਰ ਨਹੀਂ, ਕਾਮ ਦੇ ਮੰਦਿਰ ਨੇ। ਵਾਸ਼ਨਾ ਦੀਆਂ ਨਗਨ ਮੂਰਤੀਆਂ ਔਰ ਵਾਸ਼ਨਾ ਦੇ ਕ੍ਰਿਤ ਰੂਪ ਪੱਥਰਾਂ ਦੀਆਂ ਘੜੀਆਂ ਹੋਈਆਂ ਮੂਰਤੀਆਂ ਵਿਚ ਦੇਖਣ ਲਈ ਦੇਸ-ਪਰਦੇਸ ਤੋਂ ਦੁਨੀਆ ਪਹੁੰਚਦੀ ਹੈ। ਕੋਨਾਰਕ, ਖਜੂਰਾਹੋ, ਬਹੁਤ ਵੱਡੀ ਭੀੜ। ਇਹ ਵਾਸ਼ਨਾ ਉਸ ਸਮੇਂ ਪ੍ਰਦਰਸ਼ਿਤ ਹੋਈ ਸੀ, ਸ਼ਰੇਆਮ ਹੋਈ ਸੀ, ਨੁਮਾਇਸ਼ੀ ਬਣ ਗਈ ਸੀ, ਬਾਜ਼ਾਰ ਦੇ ਵਿਚ, ਬਾਜ਼ਾਰ ਵਿਚ ਤਾਂ ਕੀ, ਧਰਮ ਮੰਦਿਰਾਂ ਵਿਚ ਵੀ, ਮੰਦਿਰ ਹੀ ਕਾਮ ਦੇ ਬਣੇ। ਔਰ ਵਾਕਈ ਜਦ ਵਾਸ਼ਨਾ ਹੀ ਪ੍ਰਧਾਨ ਹੋ ਜਾਵੇ ਤਾਂ ਫਿਰ ਹਰ ਪਾਸੇ ਦੁਰਾਚਾਰ ਛਾ ਜਾਏਗਾ ਔਰ ਕਾਬਲੇ ਕਬੂਲ ਹੋ ਜਾਏਗਾ, ਕੋਈ ਗੁਨਾਹ ਨਹੀਂ, ਕੋਈ ਪਾਪ ਨਹੀਂ। ਇਨ੍ਹਾਂ ਧਾਰਮਿਕ ਮੰਦਿਰਾਂ ਵਿਚ ਐਸੀ ਐਸੀ ਕ੍ਰੀੜਾ ਹੁੰਦੀ ਰਹੀ, ਜਿਨ੍ਹਾਂ ਨੂੰ ਲਫ਼ਜ਼ਾਂ ਵਿਚ ਬਿਆਨ ਕਰਨਾ ਅੱਜ ਦੇ ਸਮੇਂ ਵਿਚ ਔਖਾ ਹੈ, ਜਿਸ ਨੂੰ ਸੁਣਨਾ ਸੁਣਾਨਾ ਵੀ ਕਠਿਨ ਹੈ। ਪਰ ਜੇ ਕਿਧਰੇ ਲੋਭ ਪ੍ਰਧਾਨ ਹੋਵੇ, ਬਹੁ-ਗਿਣਤੀ ਦੇ ਵਿਚ ਹੋਵੇ, ਤਾਕਤ ਦੇ ਵਿਚ ਹੋਵੇ, ਤਾਂ ਪਾਪ ਵਿਆਪਕ ਹੋ ਜਾਂਦਾ ਹੈ, ਛਾ ਜਾਂਦਾ ਹੈ ਚਾਰੋਂ ਪਾਸੇ। ਬਾਕੌਲੇ ਗੁਰੂ ਨਾਨਕ ਦੇਵ, ਅੱਜ ਦੇ ਦੌਰ ਵਿਚ ਮਨੁੱਖੀ ਦਿਲ 'ਤੇ ਰਾਜ ਕਰ ਰਿਹਾ ਹੈ ਲੋਭ :

**ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ ॥**
**ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ ॥**

*(ਆਸਾ ਦੀ ਵਾਰ ਮ: ੧, ਪੰਨਾ 468)*

ਲਬੁ (ਲੋਭ) ਰਾਜਾ ਹੈ, ਪਾਪ ਵਜ਼ੀਰੇ-ਆਜ਼ਮ ਹੈ, ਵਜ਼ੀਰੇ-ਆਜ਼ਮ ਰਾਜੇ ਦੇ ਨਾਲ ਹੈ, ਪਾਪ ਤੇ ਲੋਭ ਦੇ ਨਾਲ ਹੈ, ਜਹਾਂ ਲੋਭ ਤਹਾਂ ਪਾਪ। ਜਿਥੇ ਲੋਭ ਹੈ, ਉਥੇ ਪਾਪ ਹੈ। "ਲਬੁ ਪਾਪੁ ਦੁਇ ਰਾਜਾ ਮਹਤਾ" ਇਹ ਰਾਜਾ ਤੇ ਵਜ਼ੀਰ ਨੇ। ਮਨੁੱਖ ਦੇ ਮਨ 'ਤੇ ਰਾਜ ਕਰਦੇ ਨੇ ਲੋਭ ਤੇ ਪਾਪ। ਮਹਾਰਾਜ ਕਹਿੰਦੇ ਨੇ—"ਕੂੜੁ ਹੋਆ ਸਿਕਦਾਰੁ" ਚੌਧਰੀ ਕੌਣ ? ਝੂਠ, ਕੂੜ। ਲੋੜ ਵੀ ਨਹੀਂ, ਪਰ ਫਿਰ ਵੀ ਦੇਖਿਆ ਹੈ ਕਿ ਮਨੁੱਖ ਝੂਠ ਬੋਲ ਰਿਹਾ ਹੈ, ਕੂੜ ਬੋਲ ਰਿਹਾ ਹੈ ਔਰ ਵਿਆਪਕ ਪੱਧਰ 'ਤੇ ਝੂਠ। ਝੂਠੀ ਰਾਜਨੀਤੀ, ਝੂਠੇ ਪਰਿਵਾਰਿਕ ਬੋਲ ਔਰ ਝੂਠ 'ਤੇ ਖੜ੍ਹੇ ਹੋ ਗਏ ਧਾਰਮਿਕ ਬੋਲ। ਸੱਚ ਦੀ ਕੋਈ ਪਹਿਚਾਣ ਨਹੀਂ। ਸੰਤ ਕਹਿਲਾਉਣ ਦਾ ਸ਼ੌਕ ਹੈ, ਪਰ ਮਨ ਕਦੀ ਪ੍ਰਭੂ ਵਿਚ ਲੀਨ ਨਹੀਂ। ਮਾਲਾ ਹੱਥ ਵਿਚ ਦੋ ਦੋ, ਗਲ ਵਿਚ ਦੋ ਦੋ; ਪ੍ਰਦਰਸ਼ਨੀ, ਨੁਮਾਇਸ਼, ਸਭ ਝੂਠ, ਧਰਮ ਦੀ ਦੁਨੀਆ ਵਿਚ ਝੂਠ, ਰਾਜਨੀਤੀ ਵਿਚ ਝੂਠ, ਪਰਿਵਾਰਿਕ ਦੁਨੀਆ ਵਿਚ ਝੂਠ, ਇਹ ਚੌਧਰੀ ਹੈ :

**ਕਾਮੁ ਨੇਬੁ ਸਦਿ ਪੁਛੀਐ..... ॥**



Sri Satguru Jagjit Singh Ji eLibrary NamdhariElibrary@gmail.com

ਜਦ ਕਦੀ ਲੋਭ ਨੂੰ ਲੋੜ ਪੈ ਜਾਏ, ਪਾਪ ਦੁਬਿਧਾ ਵਿਚ ਪੈ ਜਾਏ, ਕੂੜ ਚੌਧਰੀ ਕਿਧਰੇ ਕਮਜ਼ੋਰ ਹੁੰਦਾ ਦਿਖਾਈ ਦੇਵੇ ਤਾਂ "ਕਾਮੁ ਨੇਬੁ ਸਦਿ ਪੁਛੀਐ", ਕਾਮ ਨੂੰ ਬੁਲਾ ਲਿਆ ਜਾਂਦਾ ਹੈ। "ਬਹਿ ਬਹਿ ਕਰੇ ਬੀਚਾਰੁ" ਲੋਭ ਵਿਚਾਰ ਕਰਦਾ ਹੈ, ਪਾਪ ਨਾਲ, ਕਾਮ ਨਾਲ। ਔਰ ਕਾਮ ਐਸੀ ਵਿਚਾਰ ਦੇ ਦਿੰਦਾ ਹੈ ਕਿ ਲੋਭ ਭੜਕ ਉਠਦਾ ਹੈ, ਜੋ ਮਦਦ ਕਰਦਾ ਹੈ:

**ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ॥**

*(ਆਸਾ ਦੀ ਵਾਰ ਮ: ੧, ਪੰਨਾ 469)*

ਅਗਿਆਨਤਾ ਦਾ ਅੰਧਕਾਰ ਹੈ। ਮਨੁੱਖ ਨੂੰ ਕੁਛ ਵੀ ਨਹੀਂ ਪਤਾ ਕਿ ਕੌਣ ਮੇਰੇ 'ਤੇ ਰਾਜ ਕਰ ਰਿਹਾ ਹੈ ਔਰ ਲੋਭ ਮੁਰਦਾਰ ਖਾਣ ਲਈ ਮਜਬੂਰ ਕਰ ਰਿਹਾ ਹੈ। ਲੋਭੀ ਦੀ ਤਰਜ਼ੇ ਜ਼ਿੰਦਗੀ ਇਸ ਤਰ੍ਹਾਂ ਹੈ ਕਿ ਗੁਰੂ ਅਰਜਨ ਦੇਵ ਜੀ ਮਹਾਰਾਜ ਫ਼ੁਰਮਾਨ ਕਰਦੇ ਨੇ:

**ਅਕਰਣੰ ਕਰੋਤਿ ਅਖਾਦਿ੍ ਖਾਦੰ੍ ਅਸਾਜੰ੍ ਸਾਜਿ ਸਮਜਯਾ ॥**

ਲੋਭੀ ਉਹ ਕੁਝ ਕਰਦਾ ਹੈ, ਜੋ ਕੁਝ ਨਹੀਂ ਕਰਨਾ ਚਾਹੀਦਾ। ਉਹ ਉਹ ਖਾਂਦਾ ਹੈ ਜੋ ਨਹੀਂ ਖਾਣਾ ਚਾਹੀਦਾ ਅਰ ਲੋਭੀ ਦਾ ਸਾਰਾ ਸਾਜ਼ੋ-ਸਾਮਾਨ ਮਲੀਨ ਹੈ। ਲੋਭ-ਗ੍ਰਸੀ ਇਸ ਦੁਨੀਆ 'ਚ ਫਿਰ ਕਿਸ ਤਰ੍ਹਾਂ ਬਚਾਉ ਕਰੀਏ? ਕਿਸ ਤਰ੍ਹਾਂ ਪ੍ਰਭੂ ਦੀ ਪ੍ਰਾਪਤੀ ਹੋਵੇ, ਕਿਸ ਤਰ੍ਹਾਂ ਇਸ ਪਾਪ ਤੋਂ, ਇਸ ਅੰਧਕਾਰ ਤੋਂ, ਮੁਰਦਾਰ ਖਾਣ ਤੋਂ ਬਚੀਏ? ਤੋ ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਢੰਗ ਪਏ ਦੱਸਦੇ ਨੇ:

**ਤ੍ਰਾਹਿ ਤ੍ਰਾਹਿ ਸਰਣਿ ਸੁਆਮੀ ਬਿਗ੍ਯਾਪ੍ਤਿ ਨਾਨਕ ਹਰਿ ਨਰਹਰਹ ॥**

ਹੇ ਸੁਆਮੀ! ਤ੍ਰਾਹ ਤ੍ਰਾਹ ਕਰ ਕੇ ਅਸੀਂ ਤੇਰੀ ਸ਼ਰਣ ਆਏ ਹਾਂ। ਤੂੰ ਰੱਖ ਲੈ, ਤੂੰ ਰੱਖ ਲੈ। ਅਰਦਾਸ ਤੋਂ ਬਿਨਾਂ, ਪ੍ਰਾਰਥਨਾ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ। ਦਿਲ ਦੀ ਗਹਿਰਾਈ ਵਿੱਚੋਂ ਅਰਦਾਸ ਕਰੀਏ, ਪ੍ਰਭੂ ਰਖਵਾਲਾ ਹੋਏਗਾ।

•



Sri Satguru Jagjit Singh Ji eLibrary NamdhariElibrary@gmail.com

# ਮੋਹ

**ਹੇ ਅਜਿਤ ਸੂਰ ਸੰਗ੍ਰਾਮੰ ਅਤਿ ਬਲਨਾ ਬਹੁ ਮਰਦਨਹ ॥**
**ਗਣ ਗੰਧਰਬ ਦੇਵ ਮਾਨੁਖ੍ਯ੍ਯੰ ਪਸੁ ਪੰਖੀ ਬਿਮੋਹਨਹ ॥**
**ਹਰਿ ਕਰਣਹਾਰੰ ਨਮਸਕਾਰੰ ਸਰਣਿ ਨਾਨਕ ਜਗਦੀਸ੍ਵਰਹ ॥**

*(ਸਲੋਕ ਸਹਸਕ੍ਰਿਤੀ ਮ: ੫, ਪੰਨਾ 1358)*

ਗਿਆਨ ਦੇ ਅਥਾਹ ਸਾਗਰ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ, ਜਿਸ ਵਿਚ ਪਰਮਾਤਮਾ ਦੇ ਗੁਣ ਤੇ ਉਸ ਦੀਆਂ ਸ਼ਕਤੀਆਂ ਦਾ ਬੜੇ ਸੋਹਣੇ ਢੰਗ ਨਾਲ ਵਰਣਨ ਹੈ। ਲੇਕਿਨ ਨਾਲ ਹੀ ਮਨੁੱਖ ਦੀਆਂ ਕਮਜ਼ੋਰੀਆਂ, ਮਨੁੱਖ ਦੇ ਅਉਗੁਣ, ਇਨ੍ਹਾਂ ਦਾ ਵੀ ਨਿਖੇੜਾ ਕੀਤਾ ਗਿਆ ਹੈ ਤਾਂ ਕਿ ਮਨੁੱਖ ਨੂੰ ਆਪਣੀਆਂ ਕਮਜ਼ੋਰੀਆਂ ਦਾ ਪਤਾ ਚੱਲ ਸਕੇ। ਆਖ਼ਰ ਐਸਾ ਕੀ ਹੈ, ਜਿਸ ਕਰਕੇ ਪਰਮਾਤਮਾ ਨਹੀਂ ਮਿਲ ਰਿਹਾ ? ਉਹ ਗੁਣਾਂ ਦਾ ਸਾਗਰ ਹੈ, ਮਨੁੱਖ ਔਗੁਣਾਂ ਦਾ ਸਾਗਰ ਹੈ। ਪਰਮਾਤਮਾ ਦੇ ਗੁਣ ਨਹੀਂ ਗਿਣੇ ਜਾਂਦੇ, ਮਨੁੱਖ ਦੇ ਅਉਗੁਣ ਵੀ ਗਿਣਨੇ ਔਖੇ ਨੇ :

**ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ ॥**

*(ਗਉੜੀ ਮ: ੫, ਪੰਨਾ 156)*

ਉਂਜ ਤੇ ਅਨੰਤ ਅਉਗੁਣ ਨੇ ਪਰ ਮੂਲ ਕਮਜ਼ੋਰੀਆਂ, ਮੂਲ ਅਉਗੁਣ ਮਨੁੱਖ ਦੇ ਪੰਜ ਨੇ, ਜਿਨ੍ਹਾਂ ਨੂੰ ਇਸ ਤਰ੍ਹਾਂ ਗਣਤ ਵਿਚ ਲਿਆਇਆ ਜਾਂਦਾ ਹੈ—ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ। ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਸਹਸਕ੍ਰਿਤੀ ਸਲੋਕ, ਇਨ੍ਹਾਂ ਪੰਜ ਕਮਜ਼ੋਰੀਆਂ ਨੂੰ ਬੜੇ ਸੋਹਣੇ ਢੰਗ ਨਾਲ ਉਜਾਗਰ ਕਰ ਕੇ ਮਨੁੱਖ ਨੂੰ ਦਰਸਾਉਂਦੀ ਹੈ। ਇਨ੍ਹਾਂ ਅਉਗੁਣਾਂ ਨੂੰ ਗੁਣਾਂ ਵਿਚ ਬਦਲਣਾ ਹੈ। ਸਤਿਗੁਰ ਮੋਹ ਤੋਂ ਆਰੰਭ ਕਰਦੇ ਨੇ। ਮੋਹ, ਮੇਰਾ, ਮੋਹ, ਮੇਰਾ। ਜੋ ਮੇਰਾ ਹੈ ਉਸ ਲਈ ਪਕੜ ਹੋ ਜਾਂਦੀ ਹੈ। ਉਸੇ ਪਕੜ ਨੂੰ ਕਹਿੰਦੇ ਨੇ ਮੋਹ। ਜੋ ਮੇਰਾ ਨਹੀਂ, ਉਸ ਨਾਲ ਮੋਹ ਵੀ ਨਹੀਂ, ਉਸ ਨਾਲ ਪਕੜ ਵੀ ਨਹੀਂ। ਜੋ ਮੇਰਾ ਹੈ, ਉਸ ਨੂੰ ਥੋੜ੍ਹੀ ਜਿਹੀ ਵੀ ਚੋਟ ਲੱਗ ਜਾਏ, ਖ਼ਰਾਸ਼ ਲੱਗ ਜਾਏ, ਟੁੱਟ-ਭੱਜ ਜਾਏ, ਤੜਪ ਉਠਦੀ ਹੈ ਆਤਮਾ, ਚੀਖ਼ ਉਠਦਾ ਹੈ ਮਨੁੱਖ। ਲੇਕਿਨ ਜੋ ਮੇਰਾ



Sri Satguru Jagjit Singh Ji eLibrary NamdhariElibrary@gmail.com

ਨਹੀਂ, ਕੁਛ ਪਕੜ ਨਹੀਂ। ਜਿਸਦਾ ਮੋਹ ਨਹੀਂ, ਚਾਹੇ ਕੱਲ ਬਰਬਾਦ ਹੁੰਦਾ ਅੱਜ ਹੋ ਜਾਏ, ਕੱਲ ਮਿਟਦਾ ਅੱਜ ਮਿਟ ਜਾਏ, ਕੋਈ ਦੁੱਖ ਨਹੀਂ, ਕੋਈ ਸੰਤਾਪ ਨਹੀਂ। ਘਰ ਦੇ ਵਿਚ ਇਕ ਬੱਚਾ, ਮਾਸੂਮ ਬੱਚਾ ਬੀਮਾਰ ਪੈ ਗਿਐ। ਸਾਰਾ ਘਰ ਉਦਾਸ ਹੋ ਗਿਐ, ਮੋਹ ਹੈ, ਪਕੜ ਹੈ, ਮੇਰਾ ਹੈ। ਲੇਕਿਨ ਕਿਸੇ ਦੇਸ਼ ਵਿਚ ਮਹਾਂਮਾਰੀ, ਬੀਮਾਰੀ ਪੈ ਜਾਏ, ਸਾਰਾ ਸ਼ਹਿਰ ਬੀਮਾਰ ਪਿਆ ਹੈ, ਕੋਈ ਆਹ ਨਹੀਂ ਨਿਕਲਦੀ। ਕਿਉਂ ? ਉਸ ਨਾਲ ਮੋਹ ਨਹੀਂ, ਉਹ ਮੇਰਾ ਨਹੀਂ, ਉਸ ਵਿਚ ਪਕੜ ਨਹੀਂ। ਰੱਤੀ ਜਿਹੀ ਵਸਤੂ ਟੁੱਟ ਭੱਜ ਜਾਏ, ਨੁਕਸਾਨ ਹੋ ਜਾਏ, ਆਹ ਨਿਕਲ ਜਾਂਦੀ ਹੈ। ਲੇਕਿਨ ਬਹੁਤ ਵੱਡੀਆਂ ਬਰਬਾਦੀਆਂ ਕਿਧਰੇ ਹੋ ਜਾਣ, ਮਗਰ ਉਸ ਵਿਚ ਮੋਹ ਨਹੀਂ; ਉਹ ਮੇਰਾ ਨਹੀਂ, ਤੋ ਕੋਈ ਆਹ ਨਹੀਂ ਨਿਕਲਦੀ, ਕੋਈ ਚੀਖ਼ ਨਹੀਂ ਨਿਕਲਦੀ, ਕੋਈ ਅਫ਼ਸੋਸ ਨਹੀਂ ਨਿਕਲਦਾ। ਜੋ ਮੇਰਾ ਹੈ, ਜਿਸ ਵਿਚ ਮੋਹ ਹੈ, ਅੱਜ ਨਹੀਂ ਤਾਂ ਕੱਲ ਸੰਬੰਧ ਟੁੱਟੇਗਾ। 'ਮੇਰੀ' ਖ਼ਤਮ ਹੋਣ ਨਾਲ ਸੰਬੰਧ ਟੁੱਟੇਗਾ ਯਾ ਜੋ ਮੇਰਾ ਹੈ ਉਸਦੇ ਖ਼ਤਮ ਹੋਣ ਨਾਲ ਸੰਬੰਧ ਟੁੱਟੇਗਾ। ਚਾਹੇ ਜੋ ਮੇਰਾ ਹੈ, ਉਹ ਟੁੱਟੇ ਯਾ ਮੈਂ ਟੁੱਟ ਜਾਵਾਂ, ਜਿਸ ਵਿਚ ਮੋਹ ਹੈ ਉਹ ਖ਼ਤਮ ਹੋ ਜਾਵੇ ਯਾ ਮੈਂ ਖ਼ਤਮ ਹੋ ਜਾਵਾਂ। ਰਿਸ਼ਤਾ ਤਾਂ ਟੁੱਟੇਗਾ, ਸੰਬੰਧ ਤਾਂ ਟੁੱਟੇਗਾ। ਬਸ ਇਸੇ ਹੀ ਟੁੱਟਣ ਦਾ ਸਾਰਾ ਕੰਮ ਹੈ। ਜੋ ਮੇਰਾ ਹੈ, ਉਸ ਵਿਚ ਮੋਹ ਹੈ ਔਰ ਜਿਸ ਵਿਚ ਮੋਹ ਹੈ, ਉਸ ਵਿਚ ਬੜੀ ਭਾਰੀ ਪਕੜ ਹੈ। ਪਰ ਕਿਤਨੀ ਵੀ ਪਕੜ ਕਿਉਂ ਨਾ ਹੋਵੇ, ਹੱਥੋਂ ਤਾਂ ਛੁੱਟੇਗੀ ਇਹ ਵਸਤੂ; ਜੋ ਕੁਛ ਵੀ ਹੈ, ਆਖ਼ਰ ਇਕ ਨਾ ਇਕ ਦਿਨ ਹੱਥਾਂ ਦੀ ਪਕੜ ਢਿੱਲੀ ਹੋਵੇਗੀ। ਜੇ ਪਕੜ ਢਿੱਲੀ ਨਾ ਹੋਈ ਤਾਂ ਜਿਸ ਨੂੰ ਪਕੜਿਆ ਹੈ, ਸ਼ਾਇਦ ਉਹ ਹੀ ਮੁਰਦਾ ਹੋ ਜਾਏ। ਆਖ਼ਰ ਸੰਬੰਧ ਟੁੱਟਣਾ ਹੀ ਹੈ। ਮਨੁੱਖ ਦਾ ਸਭ ਕੁਛ ਮੋਹ ਦਾ ਹੈ, ਮੇਰੇ ਦਾ ਹੈ ਔਰ ਜਿਤਨਾ ਮਨੁੱਖ ਮੇਰਾ ਮੇਰਾ ਕਰਦਾ ਹੈ, ਉਤਨਾ ਹੀ ਮੋਹ ਵਧਦਾ ਹੈ ਔਰ ਜਿਤਨਾ ਮੋਹ ਵਧਦਾ ਹੈ ਉਤਨਾ ਹੀ ਦੁਖੀ ਹੁੰਦਾ ਹੈ, ਬੇਚੈਨ ਹੁੰਦਾ ਹੈ, ਪਰੇਸ਼ਾਨ ਹੁੰਦਾ ਹੈ। ਇਹ ਮੋਹ ਲਾਲਚ ਹੈ, ਕਿਧਰੇ ਥੋੜ੍ਹਾ ਕਿਧਰੇ ਬਹੁਤਾ, ਕਿਧਰੇ ਬਹੁਤ ਹੀ ਜ਼ਿਆਦਾ। ਪ੍ਰਿਥਮ ਮੋਹ ਪਰਿਵਾਰ ਦਾ। ਸਹਿਜੇ ਸਹਿਜੇ, ਜੈਸੇ ਜੈਸੇ ਪਤਾ ਚਲਦਾ ਹੈ ਬੱਚੇ ਨੂੰ ਕਿ ਇਹ ਮੇਰਾ ਪਿਤਾ ਹੈ, ਇਹ ਮੇਰੀ ਮਾਂ ਹੈ, ਇਹ ਮੇਰੀ ਭੈਣ ਹੈ, ਇਹ ਮੇਰਾ ਭਰਾ ਹੈ ਔਰ ਜਿਤਨਾ ਪ੍ਰਤੀਤ ਹੁੰਦਾ ਹੈ 'ਮੇਰਾ ਹੈ, ਮੇਰਾ ਹੈ', ਉਤਨਾ ਹੀ ਮੋਹ ਵਧ ਜਾਂਦਾ ਹੈ, ਉਤਨੀ ਪਕੜ ਵਧ ਜਾਂਦੀ ਹੈ। ਅਗਾਂਹ ਚੱਲ ਕੇ ਮੇਰੀ ਪਤਨੀ, ਮੇਰਾ ਘਰ, ਮੇਰੀ ਧਨ ਸੰਪਦਾ, ਮੇਰੀ ਕੁਲ, ਮੇਰੀ ਮਾਣ-ਮਰਯਾਦਾ, ਮੇਰੀ ਸ਼ਕਤੀ, ਮੇਰੀ ਤਾਕਤ, ਮੇਰਾ ਸੁਹੱਪਣ, ਮੇਰੀ ਜ਼ਿੰਦਗੀ। 'ਮੇਰੀ' ਦਾ ਪਸਾਰਾ ਬਹੁਤ ਜ਼ਿਆਦਾ ਹੋ ਜਾਂਦਾ ਹੈ। ਮੋਹ ਦਾ ਫੈਲਾਓ ਜਿਤਨਾ ਵਧਦਾ ਹੈ, ਮਨੁੱਖ ਦਾ ਦੁੱਖ ਵੀ ਉਤਨਾ ਵਧਦਾ ਜਾਂਦਾ ਹੈ। ਮੋਹ-ਗ੍ਰਸਿਆ ਪ੍ਰਾਣੀ ਚੈਨ ਦੀ ਨੀਂਦ



Sri Satguru Jagjit Singh Ji eLibrary NamdhariElibrary@gmail.com

ਨਹੀਂ ਸੌਂ ਸਕਦਾ। ਕਾਰਨ ? ਜਿਸ ਨਾਲ ਮੋਹ ਹੈ, ਜਿਸ ਦੇ ਉੱਤੇ 'ਮੇਰੀ' ਦੀ ਮੋਹਰ ਲਾਈ ਹੈ, ਆਖ਼ਰ ਇਹ ਮੋਹ੍ਰਰ ਮਿਟਦੀ ਹੈ। ਜਿਸ 'ਤੇ ਮੋਹਰ ਲਾਈ ਹੈ, ਉਹ ਵੀ ਮਿਟਦਾ ਹੈ। ਬਸ ਇਥੋਂ ਹੀ ਦੁੱਖ ਹੈ, ਇਥੋਂ ਹੀ ਬੇਚੈਨੀ ਹੈ, ਇਥੋਂ ਹੀ ਸੰਤਾਪ ਸ਼ੁਰੂ ਹੋ ਜਾਂਦੇ ਨੇ। ਦੋ ਚਾਰ ਉਦਾਹਰਣਾਂ ਰਾਹੀਂ ਮੈਂ ਸਪੱਸ਼ਟ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ। ਮਾਂ-ਬਾਪ ਦਾ ਇਕਲੌਤਾ ਬੱਚਾ, ਗ਼ਾਲਿਬਨ ਪੰਜ ਛੇ ਵਰ੍ਹਿਆਂ ਦਾ, ਗੁੰਮ ਹੋ ਗਿਆ ਹੈ, ਨਹੀਂ ਲੱਭ ਰਿਹਾ। ਮਾਂ ਦੀਆਂ ਅੱਖਾਂ ਹਰ ਪਾਸੇ ਲੱਭ ਰਹੀਆਂ ਨੇ। ਪਿਤਾ ਦੇ ਪੈਰ ਹਰ ਪਾਸੇ ਦੌੜਦੇ ਨੇ। ਦਿਲ ਹਰ ਵਕਤ ਯਾਦ ਕਰ ਰਿਹਾ ਹੈ, ਅੱਖਾਂ ਛਮ ਛਮ ਹੰਝੂ ਪਈਆਂ ਵਗਾਉਂਦੀਆਂ ਨੇ। ਜੀਵਨ ਬਹੁਤ ਪੀੜਾ ਵਿਚ ਬਤੀਤ ਹੋ ਰਿਹਾ ਹੈ, ਜੋ ਮੇਰਾ ਸੀ, ਜਿਸ ਵਿਚ ਮੋਹ ਸੀ, ਵਿੱਛੜ ਗਿਐ। ਸਹਿਜੇ ਸਹਿਜੇ ਵਿਛੋੜੇ ਦਾ ਦੁੱਖ ਧੀਮਾ ਪੈਂਦਾ ਗਿਆ। ਕਿਉਂ ? ਕਹਿੰਦੇ ਨੇ ਸਮਾਂ ਸਭ ਕੁਛ ਵਿਚ ਪਾੜ ਪਾ ਦਿੰਦਾ ਹੈ, ਸਮਾਂ ਜ਼ਖ਼ਮਾਂ ਨੂੰ ਭਰ ਵੀ ਦਿੰਦਾ ਹੈ। ਤੇ ਬਹੁਤ ਸਮਾਂ ਲੰਘ ਗਿਆ। ਪੰਜ ਸਾਲ ਹੋ ਗਏ ਉਸ ਬੱਚੇ ਨੂੰ ਗੁੰਮ ਹੋਇਆਂ। ਅਚਾਨਕ ਅੱਜ ਕਿਸੇ ਨੇ ਦਰ 'ਤੇ ਦਸਤਕ ਦਿੱਤੀ ਔਰ ਉਸਨੇ ਆ ਕੇ ਦੱਸਿਆ ਕਿ ਤੁਹਾਡਾ ਜੋ ਬੱਚਾ ਕੁਛ ਸਮਾਂ ਪਹਿਲੇ ਗੁੰਮ ਹੋਇਆ ਸੀ, ਉਸ ਨੂੰ ਮੈਂ ਦੇਖਿਐ। ਜਿਸ ਹਾਰ ਦੀ ਗੱਲ ਤੁਸੀਂ ਕਹਿੰਦੇ ਸੀ, ਉਹ ਹਾਰ ਉਸਦੇ ਗਲ ਵਿਚ ਸੀ, ਆ ਕੇ ਦੇਖੋ। ਖ਼ੈਰ, ਕੁਝ ਹੁਲੀਆ, ਹਾਰ, ਰੰਗ-ਰੂਪ ਮੇਲ ਖਾਂਦਾ ਵੇਖ ਕੇ ਪਿਉ ਨੇ ਸੀਨੇ ਨਾਲ ਲਾਇਆ, ਮਾਂ ਨੇ ਅੱਖਾਂ ਵਿਚ ਵਸਾਇਆ। ਵਿਛੋੜਾ ਮਿਲਾਪ ਦੇ ਵਿਚ, ਸੁੱਖ ਵਿਚ ਬਦਲਿਆ। ਹੰਝੂ ਹਾਸਿਆਂ ਵਿਚ ਬਦਲੇ; ਮੁਰਝਾਣਾ, ਖੇੜੇ ਵਿਚ ਬਦਲਿਆ; ਦੁੱਖ, ਸੁੱਖ ਦੇ ਵਿਚ ਤਬਦੀਲ ਹੋਇਆ। ਪੰਜ ਸਾਲ ਦਾ ਵਿਛੋੜਾ ਮਾਂ ਨੇ ਮਮਤਾ ਡੁੱਲ੍ਹ ਡੁੱਲ੍ਹ ਕੇ ਡੋਲ੍ਹੀ। ਪਿਉ ਦੇ ਮਨ ਵਿਚ ਮਾਨੋ ਪਿਆਰ ਦੇ ਸਾਗਰ ਉਮਡ ਉਠੇ। ਵੇਖ ਵੇਖ ਕੇ ਮਾਂ ਦੀਆਂ ਅੱਖਾਂ ਰੱਜਦੀਆਂ ਨਹੀਂ, ਪਿਉ ਦਾ ਦਿਲ ਭਰਦਾ ਨਹੀਂ, ਪਾਲਨ-ਪੋਸਣ ਇਸ ਤਰ੍ਹਾਂ ਚੱਲ ਰਿਹੈ। ਦਿਨ ਲੰਘਦੇ ਗਏ। ਬੱਚਾ ਬਹੁਤ ਖ਼ੁਸ਼। ਉਸਨੂੰ ਇਤਨੀ ਮਮਤਾ ਮਿਲ ਗਈ, ਇਤਨਾ ਪਿਆਰ ਮਿਲ ਗਿਆ, ਉਹ ਵੀ ਖੇੜੇ ਵਿਚ, ਉਹ ਵੀ ਖ਼ੁਸ਼। ਮਾਂ ਨੂੰ ਬੱਚਾ ਮਿਲ ਗਿਆ, ਪਿਉ ਨੂੰ ਪੁੱਤਰ ਮਿਲ ਗਿਆ, ਉਨ੍ਹਾਂ ਦੀ ਵੀ ਪ੍ਰਸੰਨਤਾ। ਪਰ ਅੱਜ ਕਿਸੇ ਹੋਰ ਨੇ ਆ ਕੇ ਘਰ ਦੇ ਦਰ 'ਤੇ ਦਸਤਕ ਦਿੱਤੀ ਔਰ ਆਖਿਆ—ਜਿਸ ਬੱਚੇ ਨੂੰ ਤੁਸੀਂ ਲਿਆਏ ਸੀ, ਇਹ ਤੁਹਾਡਾ ਨਹੀਂ। ਤੁਹਾਡਾ ਬੱਚਾ ਤਾਂ ਮੈਂ ਦੇਖਿਆ ਹੈ, ਇਸ ਬੱਚੇ ਨੇ ਉਸ ਬੱਚੇ ਦੇ ਗਲ ਵਿੱਚੋਂ ਹਾਰ ਉਤਾਰ ਕੇ ਆਪਣੇ ਗਲ ਵਿਚ ਪਾ ਲਿਆ ਸੀ। ਆਓ, ਤੁਹਾਨੂੰ ਦਿਖਾਈਏ। ਜਦ ਜਾ ਕੇ ਮਾਂ ਨੇ ਵੇਖਿਆ, ਪਿਉ ਨੇ ਵੇਖਿਆ, ਹੁਲੀਆ ਬਹੁਤ ਮੇਲ ਖਾਂਦਾ ਸੀ, ਆਵਾਜ਼ ਮੇਲ ਖਾਂਦੀ ਸੀ, ਚਾਲ-ਢਾਲ ਮੇਲ ਖਾਂਦੀ ਸੀ। ਮਾਂ



Sri Satguru Jagjit Singh Ji eLibrary NamdhariElibrary@gmail.com

ਨੇ ਸੀਨੇ ਦੇ ਨਾਲ ਲਾਇਆ, ਪਿਉ ਨੇ ਉਂਗਲ ਪਕੜੀ ਉਸ ਬੱਚੇ ਦੀ ਤੇ ਘਰ ਲੈ ਆਏ। ਨਜ਼ਰਾਂ ਹੁਣ ਲਿਆਂਦੇ ਬੱਚੇ 'ਤੇ ਟਿਕ ਗਈਆਂ, ਪਹਿਲੇ ਲਿਆਂਦੇ ਤੋਂ ਨਜ਼ਰਾਂ ਫਿਰ ਗਈਆਂ। ਹੁਣ ਅੱਖਾਂ ਵਿਚ ਤਾਂ ਉਸ ਲਈ ਥਾਂ ਨਹੀਂ ਸੀ, ਘਰ ਦੇ ਵਿਚ ਵੀ ਕੋਈ ਥਾਂ ਨਹੀਂ। ਧਾਰਾ ਮੋਹ ਦੀ ਬਦਲ ਗਈ, ਦੂਸਰੇ ਬੱਚੇ ਵਿਚ ਟਿਕ ਗਈ। ਮਾਤਾ ਤੇ ਪਿਤਾ ਦਾ ਸਾਰਾ ਪ੍ਰੇਮ, ਸਾਰੀ ਮਮਤਾ, ਇਸ ਨਵੇਂ ਲਿਆਂਦੇ ਬੱਚੇ ਉੱਤੇ ਟਿਕਣ ਲੱਗ ਪਈ। ਪਹਿਲਾ ਬੱਚਾ ਮਾਯੂਸ ਰਹਿਣ ਲੱਗ ਪਿਆ, ਦੁਖੀ ਰਹਿਣ ਲੱਗ ਪਿਆ। ਜਿਸ ਬੂਟੇ ਨੂੰ ਪਾਣੀ ਨਾ ਦਿਉ, ਕੁਮਲਾਣ ਲੱਗ ਪੈਂਦਾ ਹੈ। ਮਾਸੂਮ ਬੱਚਾ ਮਮਤਾ ਤੋਂ ਵਾਂਝਾ ਰਹਿਣ ਲੱਗ ਪਿਆ, ਪਿਆਰ ਤੋਂ ਵਾਂਝਾ ਰਹਿ ਗਿਆ, ਕੁਮਲਾਣ ਲੱਗ ਪਿਆ। ਦੂਜਾ ਬੱਚਾ ਖਿੜਨ ਲੱਗ ਪਿਆ, ਵਧਣ ਲੱਗ ਪਿਆ, ਪ੍ਰਫੁੱਲਤ ਹੋਣ ਲੱਗ ਪਿਆ। ਪਹਿਲਾਂ ਲਿਆਂਦਾ ਹੋਇਆ ਬੱਚਾ ਇਤਨਾ ਕੁਮਲਾਅ ਗਿਆ, ਇਤਨਾ ਮੁਰਝਾ ਗਿਆ, ਮੁਰਝਾ ਕੇ ਟੁੱਟ ਗਿਆ, ਮਿਟ ਗਿਆ। ਸੁੱਤਾ ਸੁੱਤਾ ਅਬਦੀ ਨੀਂਦ ਸੌਂ ਗਿਆ, ਹਮੇਸ਼ਾ ਦੀ ਨੀਂਦ ਸੌਂ ਗਿਆ। ਇਸ ਬੱਚੇ ਨੂੰ ਮੁਰਦਾ ਦੇਖ ਕੇ ਨਾ ਮਾਂ ਦੀਆਂ ਅੱਖਾਂ ਵਿਚ ਹੰਝੂ, ਨਾ ਪਿਉ ਦੇ ਦਿਲ ਵਿਚ ਹੌਕੇ। ਦਾਹ ਸੰਸਕਾਰ ਕਰ ਆਏ, ਕੋਈ ਗ਼ਮ ਨਹੀਂ, ਕੋਈ ਦੁੱਖ ਨਹੀਂ, ਕੋਈ ਸੰਤਾਪ ਨਹੀਂ। ਕਿਉਂ ? ਕਿਉਂਕਿ ਇਸ ਨਾਲ ਮੋਹ ਨਹੀਂ। ਉਹ ਕਿਉਂ ਨਹੀਂ ? ਕਿਉਂਕਿ ਮੇਰਾ ਨਹੀਂ। 'ਮੇਰੇ' ਨਾਲ ਮੋਹ ਹੁੰਦਾ ਹੈ, ਜੋ ਮੇਰਾ ਨਹੀਂ, ਉਸ ਨਾਲ ਕਾਹਦਾ ਮੋਹ। ਲੇਕਿਨ ਦਾਹ ਸੰਸਕਾਰ ਕਰ ਕੇ ਅਜੇ ਘਰ ਆਏ ਹੀ ਨੇ ਕਿ ਇਕ ਸੱਜਣ ਨੇ ਆ ਕੇ ਦੱਸਿਆ ਕਿ ਮਿੱਤਰੋ, ਜਿਸ ਬੱਚੇ ਦਾ ਦਾਹ ਸੰਸਕਾਰ ਕਰ ਕੇ ਆਏ ਹੋ, ਉਹ ਹੀ ਤੁਹਾਡਾ ਪੁੱਤਰ ਸੀ, ਜਿਸ ਨੂੰ ਲੈ ਕੇ ਆਏ ਹੋ, ਇਹ ਨਹੀਂ ਹੈ ਤੁਹਾਡਾ। ਸਬੂਤ ਮੁਹੱਈਆ ਕਰ ਦਿੱਤੇ ਨੇ। ਢਾਹਾਂ ਮਾਰ ਕੇ ਰੋ ਉਠੀ ਮਾਂ। ਚੀਖ਼ਾਂ ਨਿਕਲ ਗਈਆਂ ਪਿਤਾ ਦੀਆਂ। ਸਾਰਾ ਘਰ ਗ਼ਮਾਂ ਦਾ ਸਾਗਰ ਬਣ ਗਿਆ, ਮਰਘਟ ਬਣ ਗਿਆ। ਹੁਣੇ ਜਿਸ ਘਰ ਦੇ ਵਿਚ ਖ਼ੁਸ਼ੀਆਂ ਦੇ ਫੁੱਲ ਖਿੜੇ ਹੋਏ ਸਨ, ਹੁਣ ਦੁੱਖਾਂ ਦੇ ਕੰਡਿਆਂ ਤੋਂ ਇਲਾਵਾ ਕੁਛ ਵੀ ਨਹੀਂ। ਹੁਣੇ ਜਿਥੇ ਖ਼ੁਸ਼ੀਆਂ ਦੀ ਰੌਸ਼ਨੀ ਸੀ, ਹੁਣ ਦੁੱਖਾਂ ਦੇ ਅੰਧੇਰਿਆਂ ਤੋਂ ਇਲਾਵਾ ਕੁਛ ਵੀ ਨਹੀਂ। ਮਾਂ ਆਪਣੇ ਕੇਸ ਪੁੱਟਦੀ ਹੈ, ਪਿਤਾ ਆਪਣਾ ਸਿਰ ਦੀਵਾਰ ਨਾਲ ਮਾਰਦਾ ਹੈ। ਸਾਡੇ ਬਗ਼ੀਚੇ ਦਾ ਫੁੱਲ ਮੁਰਝਾ ਗਿਐ; ਉਹ ਤਾਂ ਮੇਰਾ ਸੀ, ਮੁਰਝਾ ਗਿਐ; ਉਹ ਤਾਂ ਮੇਰਾ ਸੀ, ਟੁੱਟ ਗਿਐ; ਉਹ ਤਾਂ ਮੇਰਾ ਸੀ, ਜਾਂਦਾ ਰਿਹਾ। ਤੋ ਦੁੱਖ ਤਾਂ ਮੇਰੇ ਦਾ ਹੈ। ਭਾਵੇਂ ਇਕ ਲੜਕਾ ਸਾਹਮਣੇ ਖੜਾ ਹੈ, ਇਹ ਮੇਰਾ ਨਹੀਂ, ਉਸ ਨਾਲ ਮੋਹ ਵੀ ਟੁੱਟ ਗਿਐ। ਤੋ ਇਸ ਉਦਾਹਰਣ ਨਾਲ ਸਪੱਸ਼ਟ ਹੋ ਗਿਆ ਕਿ ਜੋ ਮੇਰਾ ਹੈ, ਉਸ ਵਿਚ ਮੋਹ ਹੈ ਔਰ ਜਿਸ ਵਿਚ ਮੋਹ ਹੈ ਉਸ ਦੀ ਛੋਟੀ ਜਿਹੀ ਖ਼ਰਾਸ਼



Sri Satguru Jagjit Singh Ji eLibrary NamdhariElibrary@gmail.com

ਵੀ ਬਰਦਾਸ਼ਤ ਨਹੀਂ ਹੋਵੇਗੀ। ਪਰ ਜਿਸ ਵਿਚ ਮੋਹ ਨਹੀਂ, ਔਰ ਜੋ ਮੇਰਾ ਨਹੀਂ, ਰੇਜ਼ਾ ਰੇਜ਼ਾ ਹੋ ਜਾਏ ਟੁੱਟ ਕੇ, ਤਾਂ ਵੀ ਕੋਈ ਦੁੱਖ ਨਹੀਂ, ਤਾਂ ਵੀ ਕੋਈ ਸੰਤਾਪ ਨਹੀਂ। ਸੰਤਾਪ, ਮੋਹ, ਦੁੱਖ ਇਹ ਸਾਰੇ ਉਥੇ ਇਕੱਠੇ ਹੋ ਜਾਂਦੇ ਨੇ, ਜਿਥੇ 'ਮੇਰੇ' ਦੀ ਮੋਹਰ ਲੱਗ ਜਾਂਦੀ ਹੈ। ਮੇਰਾ ਘਰ, ਮੇਰੀ ਕੁਲ, ਮੇਰੀ ਇੱਜ਼ਤ, ਮੇਰੀ ਮਾਣ-ਮਰਯਾਦਾ, ਮੇਰੀ ਧਨ-ਸੰਪਦਾ। ਸੋ, ਜੋ ਮੇਰਾ ਨਹੀਂ, ਉਸ ਨਾਲ ਮੋਹ ਨਹੀਂ। ਦਰਅਸਲ ਮਨੁੱਖ ਨੇ 'ਮੇਰੇ' ਦੀ ਮੋਹਰ ਮਿਥਿਆ 'ਤੇ ਲਾਈ ਹੈ। ਇਹ 'ਮੇਰੇ' ਦੀ ਮੋਹਰ ਸੱਚ 'ਤੇ ਨਹੀਂ ਲਾ ਸਕਿਆ। ਵਾਕਈ ਮਨੁੱਖ ਇਸ ਨੂੰ ਇਵੇਂ ਵੀ ਕਹਿ ਸਕਦਾ ਹੈ ਕਿ ਪ੍ਰਭੂ ਮੇਰਾ ਹੈ, ਪਰਮਾਤਮਾ ਮੇਰਾ ਹੈ; ਪਰਮਾਤਮਾ! ਤੂੰ ਮੇਰਾ ਹੈਂ। ਐਸਾ ਹੈ ਕਿ ਅਗਰ ਸਾਰੀ ਕਾਇਨਾਤ ਵੀ ਉਸਨੂੰ ਆਖੇ ਕਿ ਮੇਰਾ ਹੈ, ਤਾਂ ਵੀ ਉਹ ਵਧਦਾ ਨਹੀਂ, ਘਟਦਾ ਨਹੀਂ, ਸਭ ਦੇ ਹਿੱਸੇ ਯਕਸਾਂ ਆਉਂਦਾ ਹੈ, ਇੱਕੋ ਜਿਹਾ ਆਉਂਦਾ ਹੈ। ਲੇਕਿਨ ਮੋਹ ਇਕ ਐਸਾ ਪਰਦਾ ਹੈ, ਇਕ ਐਸਾ ਗਿਆਨ ਹੈ, ਜਿਸ ਕਾਰਨ ਇਹ ਮਿਥਿਆ ਨੂੰ ਗਲ ਨਾਲ ਲਾਉਂਦਾ ਹੈ ਔਰ ਸੱਚ ਤੋਂ ਕੋਸੋਂ ਦੂਰ ਭੱਜਦਾ ਹੈ। ਇਸ ਤਰ੍ਹਾਂ ਜ਼ਿੰਦਗੀ ਮੋਹ ਦੇ ਦਲਦਲ ਵਿਚ ਫਸ ਕੇ ਰਹਿ ਜਾਂਦੀ ਹੈ, ਮੋਹ ਦੇ ਖੂਹ ਵਿਚ ਡੁੱਬ ਕੇ ਰਹਿ ਜਾਂਦੀ ਹੈ। ਔਰ 'ਮੇਰੇ' ਦਾ ਵਿਸਥਾਰ ਕੇਵਲ ਮਨੁੱਖਾਂ ਤਕ ਹੀ ਸੀਮਿਤ ਨਹੀਂ ਕਿ ਮੇਰਾ ਭਰਾ ਹੈ, ਮੇਰੀ ਮਾਂ, ਮੇਰਾ ਪਿਤਾ, ਮੇਰੀ ਪਤਨੀ ਹੈ, ਮੇਰੇ ਬੱਚੇ ਹਨ, ਅਗਾਂਹ ਚੱਲ ਕੇ ਇਹ ਸੰਪਦਾ 'ਤੇ ਹੋ ਜਾਂਦਾ ਹੈ, ਧਨ 'ਤੇ ਹੋ ਜਾਂਦਾ ਹੈ। ਮੌਜੂਦਾ ਦੌਰ ਵਿਚ ਮਨੁੱਖਾਂ 'ਤੇ ਵਿਸ਼ਵਾਸ ਕੁਝ ਘਟਦਾ ਜਾ ਰਿਹਾ ਹੈ। ਮਨੁੱਖ ਦੀ ਮਨੁੱਖ ਨਾਲ ਪਕੜ ਘਟਦੀ ਜਾ ਰਹੀ ਹੈ। ਮਨੁੱਖ ਸਿਆਣਾ ਹੁੰਦਾ ਜਾ ਰਿਹਾ ਹੈ, ਚੰਚਲ ਹੁੰਦਾ ਜਾ ਰਿਹਾ ਹੈ, ਬੌਧਿਕ ਹੁੰਦਾ ਜਾ ਰਿਹਾ ਹੈ। ਔਰ ਜਿਤਨਾ ਬੌਧਿਕ ਹੁੰਦਾ ਜਾ ਰਿਹਾ ਹੈ, ਮਨੁੱਖ ਦੀ ਪਕੜ ਮਨੁੱਖ ਨਾਲ ਧਨ-ਸੰਪਦਾ ਦੀ ਹੁੰਦੀ ਜਾ ਰਹੀ ਹੈ। ਪੁੱਤਰ ਧੋਖਾ ਦੇ ਸਕਦਾ ਹੈ, ਭਰਾ ਮੂੰਹ ਫੇਰ ਸਕਦਾ ਹੈ, ਲੇਕਿਨ ਧਨ ਧੋਖਾ ਨਹੀਂ ਦੇ ਸਕਦਾ, ਮੂੰਹ ਨਹੀਂ ਫੇਰ ਸਕਦਾ, ਜੈਸੇ ਇਸ ਨੂੰ ਚਾਹਾਂਗੇ ਵਰਤ ਸਕਦੇ ਹਾਂ, ਪਰ ਪੁੱਤਰ ਨੂੰ ਵਰਤਣਾ ਚਾਹੀਏ, ਨਹੀਂ ਵਰਤ ਸਕਾਂਗੇ। ਜੈਸੇ ਪਤੀ ਨੂੰ ਆਖੀਏ ਜਾਂ ਪਤਨੀ ਨੂੰ ਕੁਝ ਕਹੀਏ, ਲਾਜ਼ਮੀ ਨਹੀਂ ਕਿ ਗੱਲ ਇਕ ਦੂਸਰੇ ਦੀ ਮੰਨਣ। ਕਿਸੇ ਥਾਂ 'ਤੇ ਨੌਕਰ ਵੀ ਇਨਕਾਰੀ ਹੋ ਸਕਦਾ ਹੈ। ਤੋ ਇਸ ਸਦੀ ਵਿਚ ਮਨੁੱਖ ਦਾ ਮੋਹ ਧਨ-ਸੰਪਦਾ ਨਾਲ ਜ਼ਿਆਦਾ ਹੋ ਗਿਆ ਹੈ, ਪਦਾਰਥਾਂ ਨਾਲ ਜ਼ਿਆਦਾ ਹੋ ਗਿਆ ਹੈ। ਔਰ ਸਹਿਜੇ ਸਹਿਜੇ ਹਾਲਾਤ ਐਸੇ ਬਣ ਰਹੇ ਹਨ ਕਿ ਧਨ ਦੀ ਖ਼ਾਤਰ, ਸੰਪਦਾ ਦੀ ਖ਼ਾਤਰ, ਪਦਾਰਥਾਂ ਦੀ ਖ਼ਾਤਰ, ਭਰਾ ਕੁਰਬਾਨ ਕੀਤੇ ਜਾ ਸਕਦੇ ਹਨ, ਮਾਂ-ਬਾਪ ਛੋੜੇ ਜਾ ਸਕਦੇ ਹਨ, ਪੁੱਤਰਾਂ ਤੋਂ ਵੀ ਮੂੰਹ ਮੋੜੇ ਜਾ ਸਕਦੇ ਹਨ ਔਰ ਪਤੀ ਤੇ ਪਤਨੀ ਦੇ ਵਿਚਕਾਰ ਪਾੜ ਪੈ



Sri Satguru Jagjit Singh Ji eLibrary NamdhariElibrary@gmail.com

ਸਕਦਾ ਹੈ, ਦੀਵਾਰਾਂ ਖੜ੍ਹੀਆਂ ਹੋ ਸਕਦੀਆਂ ਨੇ। ਜਦ ਵੀ ਇਨ੍ਹਾਂ ਰਿਸ਼ਤਿਆਂ ਵਿਚ ਦਰਾੜ ਦੇਖੋ, ਦੀਵਾਰ ਦੇਖੋ ਤੇ ਬਹੁ-ਗਿਣਤੀ ਵਿਚ ਕਾਰਨ ਧਨ ਹੀ ਦਿਖਾਈ ਦਿੰਦਾ ਹੈ। ਧਨ ਦੀ ਪਕੜ ਜ਼ਿਆਦਾ, ਧਨ ਨਾਲ ਮੋਹ ਜ਼ਿਆਦਾ ਔਰ ਇਤਨਾ ਜ਼ਿਆਦਾ ਕਿ ਇਸ ਦੇਸ਼ ਵਿਚ ਤਾਂ ਧਨ ਦੀ ਪੂਜਾ ਹੁੰਦੀ ਹੈ। ਸਭ ਤੋਂ ਵੱਡਾ ਤਿਉਹਾਰ ਦੀਵਾਲੀ, ਤੇ ਦੀਵਾਲੀ ਵਾਲੇ ਦਿਨ ਲਕਸ਼ਮੀ ਪੂਜਨ, ਧਨ ਦੀ ਪੂਜਾ, ਮਾਂ ਦੀ ਪੂਜਾ ਕੋਈ ਨਹੀਂ ਕਰਦਾ, ਪਿਤਾ ਦੀ ਪੂਜਾ ਕੋਈ ਨਹੀਂ ਕਰਦਾ, ਪੁੱਤਰਾਂ ਦੀ ਪੂਜਾ ਕੋਈ ਨਹੀਂ ਕਰਦਾ, ਪਤਨੀ ਦੀ ਪੂਜਾ ਕੋਈ ਨਹੀਂ ਕਰਦਾ। ਪਤੀ ਦੀ ਪੂਜਾ ਕੋਈ ਨਹੀਂ ਕਰਦੀ ਪਤਨੀ, ਧਨ ਦੀ ਪੂਜਾ ਹੀ ਹੁੰਦੀ ਹੈ। ਤੇ ਅਚੇਤ ਮਨ ਦੇ ਵਿਚ ਧਨ ਦੀ ਪਕੜ ਬਹੁਤ ਜ਼ਿਆਦਾ ਹੋ ਗਈ ਹੈ। ਔਰ ਮੂਲ ਕਾਰਨ ਕਿ ਧਨ ਨੂੰ ਜਿਤਨਾ ਵੀ ਜ਼ਿਆਦਾ ਵਰਤੀਏ, ਧਨ ਨਾਂਹ ਨਹੀਂ ਕਰਦਾ। ਧਨ ਨੂੰ ਜਿਥੇ ਵੀ ਰੱਖੀਏ ਔਰ ਜਿਵੇਂ ਵੀ ਇਸਦਾ ਇਸਤੇਮਾਲ ਕਰੀਏ, ਧਨ ਕੋਈ ਹੀਲ ਹੁੱਜਤ ਨਹੀਂ ਕਰਦਾ। ਤੇ ਇਸ ਸਦੀ ਦੇ ਵਿਚ ਤਾਂ ਇਹ ਪਕੜ ਸਿਖਰਤਾ 'ਤੇ ਹੈ, ਬੜੀ ਪ੍ਰਬਲ ਹੈ। ਇਸ ਤੋਂ ਥੱਲੇ ਪਰਿਵਾਰ ਦੀ ਪਕੜ, ਕੁਲ ਦੀ ਪਕੜ, ਮਾਣ-ਮਰਯਾਦਾ ਦੀ ਪਕੜ ਔਰ ਫਿਰ ਆਪਣੇ ਤਨ ਦੀ ਪਕੜ, ਆਪਣੇ ਰੂਪ ਦੀ ਪਕੜ, ਆਪਣੇ ਜੋਬਨ ਦੀ ਪਕੜ। ਤੇ ਮੋਹ ਦਾ ਇਕ ਵੱਡਾ ਵਿਸਥਾਰ ਹੈ ਔਰ ਐਸਾ ਜਾਪਦਾ ਹੈ ਕਿ ਜੈਸੇ ਮੋਹ ਨੂੰ ਨਾਪਣਾ ਔਖਾ ਹੈ, ਇਵੇਂ ਹੀ ਮਨੁੱਖਾਂ ਦੇ ਦੁੱਖਾਂ ਨੂੰ ਵੀ ਨਾਪਣਾ ਔਖਾ ਹੈ। ਤਦ ਹੀ ਤਾਂ ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਫ਼ੁਰਮਾਨ ਕਰਦੇ ਨੇ—ਹੇ ਮੋਹ! ਤੂੰ ਬੜਾ ਹੀ ਬਲਵਾਨ ਹੈਂ। ਹੇ ਮੋਹ! ਤੂੰ ਬਹੁਤ ਹੀ ਸ਼ਕਤੀਸ਼ਾਲੀ ਹੈਂ, ਤੂੰ ਆਪਣਾ ਜਾਲ ਸਾਰਿਆਂ 'ਤੇ ਪਾਇਆ ਹੋਇਆ ਹੈ। ਤੂੰ ਸਾਰਿਆਂ ਨੂੰ ਆਪਣੇ ਜਾਲ ਵਿਚ ਫਸਾ ਕੇ ਰੱਖਿਆ ਹੋਇਆ ਹੈ। ਮੋਹ ਨੂੰ ਘੁੰਮਣ-ਘੇਰੀ ਵੀ ਕਹਿੰਦੇ ਨੇ ਸਿਆਣੇ ਲੋਕ। ਖ਼ਾਸ ਕਰਕੇ ਦਰਿਆਵਾਂ ਦੇ ਕੰਢੇ 'ਤੇ, ਜਿਥੇ ਪਾਣੀ ਘੁੰਮ ਰਿਹਾ ਹੋਵੇ, ਲਾਜ਼ਮੀ ਉਥੇ ਖੱਡਾ ਹੁੰਦਾ ਹੈ। ਚਾਰੋਂ ਪਾਸੇ ਦਾ ਪਾਣੀ ਉਸ ਖੱਡੇ ਨੂੰ ਪਕੜਨ ਲਈ ਦੌੜਦਾ ਹੈ ਔਰ ਜੈਸੇ ਹੀ ਉਸ ਖੱਡੇ ਨੂੰ ਭਰਨ ਲਈ ਪਾਣੀ ਦੌੜਦਾ ਹੈ, ਪਾਣੀ ਦਾ ਘੇਰਾ ਬਣ ਜਾਂਦਾ ਹੈ, ਪਾਣੀ ਘੁੰਮਣ ਲੱਗ ਪੈਂਦਾ ਹੈ, ਉਸੇ ਨੂੰ ਕਹਿੰਦੇ ਨੇ—ਘੁੰਮਣ-ਘੇਰੀ। ਸਿਆਣੇ ਤੈਰਾਕ ਵੀ ਜਾਣਦੇ ਨੇ ਕਿ ਅਗਰ ਕੋਈ ਉਸ ਘੁੰਮਣ-ਘੇਰੀ ਵਿਚ ਫਸ ਗਿਆ, ਨਿਕਲ ਨਹੀਂ ਸਕਦਾ। ਹਾਂ, ਉਦੋਂ ਨਿਕਲਦਾ ਹੈ, ਜਦੋਂ ਸਰੀਰ ਵਿੱਚੋਂ ਪ੍ਰਾਣ ਨਿਕਲ ਜਾਂਦੇ ਨੇ। ਜਿਤਨਾ ਕੋਈ ਜਤਨ ਕਰਦਾ ਹੈ ਨਿਕਲਣ ਦਾ, ਉਤਨਾ ਹੀ ਉਸ ਘੁੰਮਣ-ਘੇਰੀ ਵਿਚ ਫਸਦਾ ਹੈ, ਉਤਨਾ ਹੀ ਡੁੱਬਦਾ ਹੈ, ਉਤਨਾ ਹੀ ਗੋਤੇ ਖਾਂਦਾ ਹੈ ਔਰ ਜਿਤਨਾ ਸੰਘਰਸ਼ ਕਰਦਾ ਹੈ, ਉਤਨੇ ਹੀ ਪ੍ਰਾਣ ਨਿਕਲਣੇ ਸ਼ੁਰੂ ਹੋ ਜਾਂਦੇ ਹਨ ਔਰ ਜਦ ਸਾਰੇ ਪ੍ਰਾਣ ਨਿਕਲ



Sri Satguru Jagjit Singh Ji eLibrary NamdhariElibrary@gmail.com

ਜਾਂਦੇ ਨੇ, ਤਦ ਇਹ ਘੁੰਮਣ-ਘੇਰੀ ਵਿੱਚੋਂ ਨਿਕਲਦਾ ਹੈ। ਪਰਿਵਾਰ ਦਾ ਮੋਹ, ਧਨ ਦਾ ਮੋਹ, ਸੰਪਦਾ ਦਾ ਮੋਹ, ਜੀਵਨ ਦਾ ਮੋਹ, ਮਾਣ-ਮਰਯਾਦਾ ਦਾ ਮੋਹ, ਐਸੀ ਘੁੰਮਣ-ਘੇਰੀ ਹੈ ਕਿ ਜਨਮ ਲੈ ਕੇ ਜਦ ਮਨੁੱਖ ਮੋਹ ਦੀ ਘੁੰਮਣ-ਘੇਰੀ ਵਿਚ ਫਸਦਾ ਹੈ, ਤਾਂ ਮਰਨ ਤੋਂ ਬਾਅਦ ਹੀ ਉਸ ਘੁੰਮਣ-ਘੇਰੀ ਵਿੱਚੋਂ ਨਿਕਲਦਾ ਹੈ। ਔਰ ਇਹ ਇਥੇ ਹੀ ਬਸ ਨਹੀਂ, ਅੱਗੇ ਵੀ ਜਨਮ-ਮਰਨ ਦੀ ਘੁੰਮਣ-ਘੇਰੀ ਹੈ। ਫਿਰ ਜਨਮ ਹੋਣਾ ਹੈ, ਫਿਰ ਘੁੰਮਣ-ਘੇਰੀ, ਇਸ ਤਰ੍ਹਾਂ ਅਨੰਤ ਜਨਮ ਘੁੰਮਣ-ਘੇਰੀ ਵਿਚ ਫਸਦਾ ਹੈ, ਮਰਦਾ ਹੈ, ਮਰਦਾ ਹੈ, ਫਸਦਾ ਹੈ। ਇਸ ਤਰ੍ਹਾਂ ਅਨੰਤ ਜਨਮ ਦੁੱਖਾਂ ਵਿਚ ਬਤੀਤ ਹੁੰਦੇ ਨੇ। ਅਨੰਤ ਜਨਮਾਂ ਦਾ ਸੰਤਾਪ ਮਨੁੱਖ ਦੇ ਕੋਲ ਜਮ੍ਹਾਂ ਹੁੰਦਾ ਜਾ ਰਿਹਾ ਹੈ। ਠੀਕ ਹੀ ਆਖਿਆ ਹੈ ਕਿ ਮੋਹ ਘੁੰਮਣ-ਘੇਰੀ ਹੈ। ਭਰਥਰੀ ਨੇ ਠੀਕ ਹੀ ਆਖਿਆ ਹੈ ਕਿ ਮੋਹ ਇਕ ਐਸੀ ਘੁੰਮਣ-ਘੇਰੀ ਹੈ, ਜਿਸ ਵਿਚ ਮਨੁੱਖ ਫਸ ਕੇ ਰਹਿ ਜਾਂਦਾ ਹੈ, ਜਿਸ ਵਿਚ ਮਨੁੱਖ ਤੜਪ ਕੇ ਰਹਿ ਜਾਂਦਾ ਹੈ ਔਰ ਜਿਊਂਦੇ ਜੀਅ ਨਿਕਲਣਾ ਉਸ ਲਈ ਔਖਾ ਹੋ ਜਾਂਦਾ ਹੈ, ਕਠਿਨ ਹੋ ਜਾਂਦਾ ਹੈ। ਲਿਹਾਜ਼ਾ ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਮੋਹ ਨੂੰ ਜੋ ਪਹਿਲ ਦਿੱਤੀ ਹੈ, ਇਥੋਂ ਹੀ ਮਨੁੱਖ ਦੀਆਂ ਮੂਲ ਕਮਜ਼ੋਰੀਆਂ ਦਾ ਆਰੰਭ ਕਰਦੇ ਨੇ। ਇਹ ਠੀਕ ਹੀ ਹੈ ਔਰ ਵਾਕਈ ਇਹ ਹੀ ਇਕ ਐਸਾ ਚੱਕਰ ਹੈ, ਇਹ ਹੀ ਇਕ ਐਸਾ ਘੇਰਾ ਹੈ, ਜਿਸ ਵਿਚ ਮਨੁੱਖ ਫਸਦਾ ਹੈ ਔਰ ਨਿਕਲਣਾ ਕਠਿਨ ਹੋ ਜਾਂਦਾ ਹੈ। ਅੱਸੀ ਨੱਬੇ ਸਾਲ ਦਾ ਵੀ ਮਨੁੱਖ ਹੋ ਜਾਏ, ਸੌ ਸਾਲ ਦਾ ਵੀ ਮਨੁੱਖ ਹੋ ਜਾਏ, ਜੀਵਨ ਦਾ ਮੋਹ, ਸੰਬੰਧੀਆਂ ਦਾ ਮੋਹ, ਧਨ-ਸੰਪਦਾ ਦਾ ਮੋਹ ਛੋੜਦਾ ਨਹੀਂ, ਮਨੁੱਖ ਹੋਰ ਹੋਰ ਫਸਦਾ ਜਾਂਦਾ ਹੈ।

ਜਦ ਕਦੀ ਐਸੀ ਵਿਚਾਰ ਚੱਲੇ, ਮੈਨੂੰ ਇਕ ਹੋਰ ਬਿਰਧ ਮਾਤਾ ਚੇਤੇ ਆਉਂਦੀ ਹੈ। ਗ਼ਾਲਿਬਨ 90 ਸਾਲ ਦੀ, ਕੁਬੜਾ ਸਰੀਰ, ਹੱਡੀਆਂ ਦਾ ਢਾਂਚਾ, ਬੜੀ ਮੁਸ਼ਕਲ ਨਾਲ ਚੱਲ ਕੇ ਮੇਰੇ ਕੋਲ ਆਈ। ਹੱਥ ਜੋੜ ਕੇ ਕਹਿਣ ਲੱਗੀ—ਗਿਆਨੀ ਜੀ, ਮੇਰੇ ਲਈ ਅਰਦਾਸ ਕਰੋ। ਮੈਂ ਸੋਚੀਂ ਪੈ ਗਿਆ ਕਿ ਚੋਲਾ ਪੁਰਾਣਾ ਹੋ ਗਿਐ ਸਰੀਰ ਦਾ, ਇਹ ਹੀ ਆਖਦੀ ਹੋਵੇਗੀ ਕਿ ਪਰਮਾਤਮਾ ਸੰਭਾਲ ਲਵੇ। ਮੈਂ ਕਿਹਾ—ਦੱਸੋ ਮਾਂ ਜੀ! ਕੀ ਅਰਦਾਸ ਕਰਨੀ ਹੈ? ਕਹਿਣ ਲੱਗੀ—ਉਹ ਸਾਹਮਣੇ ਮੇਰਾ ਪੜਪੋਤਰਾ ਖੇਡ ਰਿਹਾ ਹੈ, ਬਸ ਇਸ ਦਾ ਵਿਆਹ ਵੇਖ ਕੇ ਮਰਾਂ, ਅਰਦਾਸ ਕਰੋ। ਮੈਂ ਆਖਿਆ—ਨਹੀਂ ਮਾਂ, ਇਹ ਅਰਦਾਸ ਨਹੀਂ ਹੋ ਸਕਦੀ। ਤੂੰ ਆਪਣਾ ਵਿਆਹ ਵੇਖਿਆ, ਨਹੀਂ ਰੱਜੀ; ਪੁੱਤਰਾਂ ਦਾ ਵਿਆਹ ਵੇਖਿਆ, ਨਹੀਂ ਰੱਜੀ; ਪੋਤਰਿਆਂ ਦਾ ਵਿਆਹ ਵੇਖਿਆ, ਨਹੀਂ ਰੱਜੀ, ਨਹੀਂ ਤ੍ਰਿਪਤ ਹੋਈ। ਯਾਦ ਰੱਖ, ਪੜਪੋਤਰੇ ਦਾ ਵਿਆਹ ਦੇਖ ਕੇ ਵੀ ਨਹੀਂ ਰੱਜੇਂਗੀ, ਇਹ ਮੋਹ ਦਾ ਘੇਰਾ ਹੋਰ ਵੱਡਾ ਹੁੰਦਾ ਜਾਏਗਾ, ਔਰ ਮਰਨ ਤੋਂ ਪਹਿਲਾਂ ਇਹ



Sri Satguru Jagjit Singh Ji eLibrary NamdhariElibrary@gmail.com

ਘੇਰਾ ਟੁੱਟਦਾ ਹੀ ਨਹੀਂ। ਧੰਨ ਨੇ ਉਹ ਮਨੁੱਖ ਜੋ ਮਰਨ ਤੋਂ ਪਹਿਲੇ, ਪ੍ਰਾਣਾਂ ਦੇ ਨਿਕਲਣ ਤੋਂ ਪਹਿਲੇ, ਮੋਹ ਦੇ ਘੇਰੇ ਵਿੱਚੋਂ ਨਿਕਲ ਜਾਂਦੇ ਨੇ। ਬੜੇ ਸੂਰਬੀਰ ਨੇ ਜਿਨ੍ਹਾਂ ਮੋਹ ਨੂੰ ਜਿੱਤ ਲਿਆ। ਜੋ 'ਮੇਰ' ਨੂੰ ਜਿੱਤ ਲੈਂਦਾ ਹੈ, ਮੋਹ ਨੂੰ ਜਿੱਤ ਲੈਂਦਾ ਹੈ, ਪ੍ਰਭੂ ਉਸ ਨੂੰ ਗਲਵਕੜੀ ਵਿਚ ਲੈਂਦਾ ਹੈ ਔਰ ਉਹ ਆਪਣੇ ਜੀਵਨ ਦੀ ਬਾਜ਼ੀ ਜਿੱਤ ਲੈਂਦਾ ਹੈ, ਉਹ ਵਾਕਈ ਜੀਵਨ ਦੀ ਬਾਜ਼ੀ ਸਫਲ ਕਰ ਲੈਂਦਾ ਹੈ।

ਸਤਿਗੁਰੂ ਜੀ ਮੋਹ ਨੂੰ ਅਜਿੱਤ ਸੂਰਮਾ ਕਹਿੰਦੇ ਨੇ, ਕਿਉਂਕਿ ਮੋਹ ਬੜਿਆਂ ਬੜਿਆਂ ਦਾ ਮਰਦਨ ਕਰ ਦਿੰਦਾ ਹੈ:

**ਹੇ ਅਜਿਤ ਸੂਰ ਸੰਗ੍ਰਾਮੰ ਅਤਿ ਬਲਨਾ ਬਹੁ ਮਰਦਨਹ ॥**

ਹੇ ਅਜਿੱਤ, ਹੇ ਸੰਗ੍ਰਾਮ ਦੇ ਸੂਰਮੇ, ਹੇ ਅਤਿ ਬਲ ਰੱਖਣ ਵਾਲੇ! ਤੂੰ ਬੜਿਆਂ ਬੜਿਆਂ ਨੂੰ ਮਰਦਨ ਕਰ ਕੇ ਰੱਖ ਦਿੱਤਾ ਹੈ, ਮਲ ਕੇ ਰੱਖ ਦਿੱਤਾ ਹੈ। ਕਿਹੜਿਆਂ ਕਿਹੜਿਆਂ ਨੂੰ? ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਗਿਣਤੀ ਕਰਦੇ ਨੇ:

**ਗਣ ਗੰਧਰਬ ਦੇਵ ਮਾਨੁਖੵੰ ਪਸੁ ਪੰਖੀ ਬਿਮੋਹਨਹ ॥**

ਬੜੇ ਬੜੇ ਗਣ-ਗੰਧਰਬ, ਚੋਟੀ ਦੇ ਸੰਗੀਤਕਾਰ, ਚੋਟੀ ਦੇ ਦਾਰਸ਼ਨਿਕ, ਫ਼ਿਲਾਸਫ਼ਰ, ਵਿਚਾਰਕ, ਦੇਵ, ਦੇਵਤੇ, ਮਨੁੱਖ, ਚੰਗੇ ਚੰਗੇ ਮਨੁੱਖ, ਸਿਆਣੇ ਮਨੁੱਖ। "ਗਣ ਗੰਧਰਬ ਦੇਵ ਮਾਨੁਖੵੰ ਪਸੁ ਪੰਖੀ ਬਿਮੋਹਨਹ ॥" ਫਿਰ ਐ ਮੋਹ! ਤੇਰੀ ਲਪੇਟ ਦੇ ਵਿਚ ਪਸ਼ੂ ਵੀ ਆ ਗਏ, ਪੰਛੀ ਵੀ ਆ ਗਏ; ਮਾਨੋ ਸਾਰਾ ਜਗਤ, ਸਾਰਾ ਬ੍ਰਹਿਮੰਡ, ਐ ਮੋਹ! ਤੂੰ ਆਪਣੀ ਗ੍ਰਿਫ਼ਤ ਵਿਚ ਲੈ ਲਿਆ, ਤੂੰ ਆਪਣੀ ਪਕੜ ਵਿਚ ਲੈ ਲਿਆ। ਬੰਦਰੀ ਆਪਣੇ ਮਰੇ ਹੋਏ ਬੱਚੇ ਨੂੰ ਵੀ ਸੀਨੇ ਨਾਲ ਲਾਈ ਫਿਰਦੀ ਹੈ। ਸਿਆਣੇ ਕਹਿੰਦੇ ਨੇ ਕਿ ਚੀਥੜਾ ਚੀਥੜਾ ਹੋ ਜਾਏ, ਹੱਡੀਆਂ ਦਾ ਢਾਂਚਾ ਹੋ ਜਾਏ, ਚੂਰਾ ਹੋ ਕੇ ਗਿਰਨ ਲੱਗ ਜਾਏ, ਤਾਂ ਵੀ ਬੰਦਰੀ ਬੱਚੇ ਨੂੰ ਛੋੜਦੀ ਨਹੀਂ, ਸੁੱਟਦੀ ਨਹੀਂ। ਜਿਤਨਾ ਚਿਰ ਉਸ ਦੀ ਦੁਬਾਰਾ ਕੁੱਖ ਹਰੀ ਨਹੀਂ ਹੁੰਦੀ, ਬੱਚਾ ਨਹੀਂ ਹੁੰਦਾ, ਨਹੀਂ ਛੋੜਦੀ। ਇਤਨਾ ਮੋਹ, ਇਤਨਾ ਪ੍ਰਬਲ ਮੋਹ, 'ਮੇਰਾ, ਮੇਰਾ', ਤੋ ਸਿਰਫ਼ ਮਨੁੱਖ ਹੀ ਨਹੀਂ, ਪਸ਼ੂ ਪਕਸ਼ੀ ਵੀ; ਸਿਰਫ਼ ਮਨੁੱਖ ਹੀ ਨਹੀਂ, ਦਿਵ ਸ਼ਕਤੀ ਰੱਖਣ ਵਾਲੇ ਦੇਵਤੇ, ਬੜੇ ਬੜੇ ਦਾਰਸ਼ਨਿਕ, ਫ਼ਿਲਾਸਫ਼ਰ, ਗਣ, ਗੰਧਰਬ, ਸੰਗੀਤਕਾਰ, ਸਾਰੇ ਇਸ ਦੀ ਲਪੇਟ ਵਿਚ ਨੇ। ਸਾਰਿਆਂ ਦਾ ਮਰਦਨ ਕਰ ਕੇ ਰੱਖ ਦਿੱਤਾ ਹੈ। ਬਚਾਉ ਕਿਸ ਤਰ੍ਹਾਂ ਕਰੀਏ? ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਇਸ ਸਲੋਕ ਦੀ ਅਖ਼ੀਰਲੀ ਪੰਗਤੀ ਵਿਚ ਇੰਜ ਫ਼ੁਰਮਾਨ ਕਰਦੇ ਨੇ:

**ਹਰਿ ਕਰਣਹਾਰੰ ਨਮਸਕਾਰੰ ਸਰਣਿ ਨਾਨਕ ਜਗਦੀਸ੍ਵਰਹ ॥**



Sri Satguru Jagjit Singh Ji eLibrary NamdhariElibrary@gmail.com

ਜੋ ਕਰਣਹਾਰ ਕਰਤਾਰ ਹੈ, ਸਮੂਹ ਬ੍ਰਹਿਮੰਡ ਦੇ ਬਣਾਣ ਵਾਲਾ, ਸਮਝੋ ਕਿ ਮੋਹ ਦਾ ਕਰਤਾ ਵੀ ਉਹ ਹੀ ਹੈ। ਤੂੰ ਮੋਹ ਨੂੰ ਸਿਜਦਾ ਨਾ ਕਰ, ਕਿਰਤ ਨੂੰ ਸਿਜਦਾ ਨਾ ਕਰ, ਕਰਤੇ ਨੂੰ ਸਿਜਦਾ ਕਰ। "ਹਰਿ ਕਰਣਹਾਰੰ ਨਮਸਕਾਰੰ"। ਸਿਜਦਾ ਕਰ ਪ੍ਰਭੂ ਨੂੰ, ਹੱਥ ਜੋੜ ਪਰਮਾਤਮਾ ਦੇ ਅੱਗੇ, ਅਰਦਾਸ ਕਰ ਔਰ ਆਖ—ਤੇਰੀ ਸ਼ਰਣ, ਤੇਰੀ ਸ਼ਰਣ। "ਸਰਣਿ ਨਾਨਕ ਜਗਦੀਸੁਰਹ" ਹੇ ਜਗਤ ਦੇ ਈਸ, ਹੇ ਜਗਤ ਦੇ ਮਾਲਕ! ਤੇਰੀ ਸਰਣ ਤੇਰੀ ਸਰਣ। ਬਚਣ ਦਾ ਕੇਵਲ ਇਹ ਹੀ ਉਪਾਉ ਹੈ। ਸਿੱਧੇ ਰੂਪ ਵਿਚ ਮੋਹ ਨਾਲ ਯੁੱਧ ਕਠਿਨ ਹੈ, ਔਖਾ ਹੈ। ਮਨੁੱਖ ਦੀ ਬਿਸਾਤ ਤੋਂ ਪਰੇ ਦੀ ਗੱਲ ਹੈ, ਮਨੁੱਖ ਦੀ ਪਹੁੰਚ ਤੋਂ ਪਰੇ ਦੀ ਗੱਲ ਹੈ। ਮੋਹ ਮੇਰਾ, ਮੋਹ ਮੇਰਾ। ਕਦੇ ਕਦਾਈਂ ਰੂਏ ਜ਼ਮੀਨ 'ਤੇ ਮਨੁੱਖੀ ਦੁਨੀਆ ਵਿਚ ਐਸੇ ਫੁੱਲ ਖਿੜਦੇ ਨੇ, ਜਿਨ੍ਹਾਂ ਵਿੱਚੋਂ ਨਿਰਮੋਹ ਦੀ ਸੁਗੰਧ ਆਉਂਦੀ ਹੈ; ਮੋਹ ਦੀ ਬਦਬੋ ਨਹੀਂ, ਨਿਰਮੋਹ ਦੀ ਮਹਿਕ। ਮੋਹ ਦਾ ਅੰਧਕਾਰ ਨਹੀਂ, ਨਿਰਮੋਹ ਦਾ ਚਾਨਣ; ਮੋਹ ਦੀ ਕਠੋਰਤਾ ਨਹੀਂ, ਨਿਰਮੋਹ ਦੀ ਦਇਆ ਔਰ ਇਹ ਦਇਆ ਸੀਮਿਤ ਨਹੀਂ, ਮੋਹ-ਗ੍ਰਸੇ ਮਨੁੱਖ ਦੀ ਹੀ ਦਇਆ ਸੀਮਿਤ ਹੁੰਦੀ ਹੈ। ਆਪਣੇ ਬੱਚਿਆਂ 'ਤੇ ਦਇਆ, ਪਰ ਪੜੋਸੀ ਦੇ ਬੱਚੇ ਦੇ ਗੁਣ ਵੀ ਚੰਗੇ ਨਹੀਂ ਲਗਦੇ। ਆਪਣਾ ਕੁਰੂਪ ਬੱਚਾ ਵੀ ਚੰਗਾ ਲਗਦਾ ਹੈ, ਪੜੋਸੀ ਦਾ ਸੁੰਦਰ ਬਾਲਕ ਵੀ ਚੰਗਾ ਨਹੀਂ ਲਗਦਾ। ਮੋਹ-ਗ੍ਰਸੇ ਦੀ ਦਇਆ ਬਹੁਤ ਸੀਮਿਤ ਹੁੰਦੀ ਹੈ, ਮੋਹ-ਗ੍ਰਸੇ ਦਾ ਪ੍ਰੇਮ ਬੜਾ ਸੀਮਿਤ ਹੁੰਦਾ ਹੈ, ਮੋਹ-ਗ੍ਰਸੇ ਦੀ ਸਾਂਝ ਵੀ ਬੜੀ ਸੀਮਿਤ ਹੁੰਦੀ ਹੈ। ਮੋਹ-ਗ੍ਰਸਿਆ ਸੀਮਾ ਵਿਚ ਹੀ ਜਿਊਂਦਾ ਹੈ, ਕੋਈ ਸੰਬੰਧ ਨਹੀਂ। ਬੜੇ ਬੜੇ ਸ਼ਕਤੀਸ਼ਾਲੀ, ਮਹਾਂਬਲੀ ਕਹਿਲਾਣ ਵਾਲੇ ਵੀ ਇਸ ਮੋਹ ਦੀ ਸੀਮਾ ਦੀ ਕੈਦ ਤੋਂ ਆਜ਼ਾਦ ਨਾ ਹੋ ਸਕੇ। ਮੁਗ਼ਲ ਸਮਰਾਟ (ਮੁਗ਼ਲੇ ਆਜ਼ਮ) ਜਨਾਬ ਜਲਾਲ-ਉਦ-ਦੀਨ ਅਕਬਰ, ਅੱਧਖੜ ਜਿਹੀ ਉਮਰ ਵਿਚ ਇਸ ਦੇ ਘਰ ਔਲਾਦ ਹੋਈ, ਸ਼ਹਿਜ਼ਾਦਾ ਸਲੀਮ। ਪਤਾ ਨਹੀਂ ਕਿਤਨੇ ਪੀਰਾਂ, ਫ਼ਕੀਰਾਂ ਦੇ ਮਜ਼ਾਰਾਂ 'ਤੇ ਚਾਦਰਾਂ ਚਾੜ੍ਹਦਾ ਰਿਹਾ। ਧੰਨ ਗੁਰੂ ਅਮਰਦਾਸ ਜੀ ਮਹਾਰਾਜ ਦੇ ਦਰਬਾਰ ਵਿਚ ਵੀ ਨੰਗੇ ਪੈਰੀਂ ਆਇਆ ਦਰਸ਼ਨ ਕਰਨ ਲਈ। ਲੇਕਿਨ ਦਰਸ਼ਨ ਵਿਚ ਕਾਮਨਾ ਸੀ ਇਕ ਬੱਚੇ ਦੀ। ਭਾਗ ਲੱਗੇ, ਸਮਾਂ ਪਾ ਕੇ। ਅੱਧਖੜ ਜਿਹੀ ਉਮਰ ਵਿਚ ਇਸ ਮੁਗ਼ਲ ਸਮਰਾਟ ਦੇ ਘਰ ਸੁੰਦਰ ਬਾਲਕ ਦਾ ਜਨਮ ਹੋਇਆ, ਜਿਸ ਦਾ ਨਾਮ ਸਲੀਮ ਰੱਖਿਆ। ਕਾਫ਼ੀ ਦਿਨਾਂ ਦਾ ਅਕਬਰ ਦਾ ਰੁਕਿਆ ਹੋਇਆ ਮੋਹ ਹੜ੍ਹ ਦੀ ਤਰ੍ਹਾਂ ਵਗ ਉਠਿਆ। ਔਰ ਹੁਣ ਰਾਜਪਾਟ ਵਿਚ ਇਤਨਾ ਧਿਆਨ ਨਹੀਂ, ਬੱਚੇ ਨਾਲ ਖੇਡਣਾ, ਖਿਡਾਣਾ, ਇਸ ਵਿਚ ਧਿਆਨ ਹੈ। ਡੁਲ੍ਹ ਡੁਲ੍ਹ ਕੇ ਅਕਬਰ ਦੀ ਮਮਤਾ ਸਲੀਮ 'ਤੇ ਪੈ ਗਈ। ਚੁੱਕਦੈ, ਚੁੰਮਦਾ ਰੱਖਦਾ ਹੈ, ਵੇਖਦਾ ਹੈ, ਖ਼ੁਸ਼ ਹੁੰਦਾ ਹੈ, ਪ੍ਰਸੰਨ ਹੁੰਦਾ ਹੈ। ਇਕ ਦਿਨ



Sri Satguru Jagjit Singh Ji eLibrary NamdhariElibrary@gmail.com

ਸਲੀਮ ਗੋਦ ਵਿਚ ਹੈ। ਖ਼ਾਦਿਮਾ (ਨੌਕਰਾਨੀ) ਮਹਿਲਾਂ ਦੇ ਫ਼ਰਸ਼ 'ਤੇ ਪੋਚਾ ਲਾ ਰਹੀ ਹੈ। ਅਕਬਰ ਖ਼ਾਦਿਮਾ ਨੂੰ ਕਹਿੰਦਾ ਹੈ—ਖ਼ਾਦਿਮਾ, ਸਲੀਮ ਬਹੁਤ ਸੁੰਦਰ ਹੈ। ਵਿਚਾਰੀ ਖ਼ਾਦਿਮਾ, ਨੌਕਰਾਨੀ ਕੀ ਆਖੇ। ਕਹਿਣ ਲੱਗੀ—ਜਹਾਂ ਪਨਾਹ, ਬਹੁਤ ਸੁੰਦਰ ਹੈ, ਸਭ ਤੋਂ ਸੁੰਦਰ ਹੈ। ਖ਼ਾਦਿਮਾ! ਮੈਂ ਐਸਾ ਸੋਚ ਰਿਹਾ ਹਾਂ ਕਿ ਖ਼ੁਦਾ ਨੇ ਸਲੀਮ ਤੋਂ ਜ਼ਿਆਦਾ ਖ਼ੂਬਸੂਰਤ ਕਿਸੇ ਨੂੰ ਵੀ ਨਹੀਂ ਬਣਾਇਆ। ਹੱਥ ਜੋੜ ਕੇ ਖ਼ਾਦਿਮਾ ਕਹਿਣ ਲੱਗੀ—ਜਹਾਂ ਪਨਾਹ, ਇਹ ਹੋ ਹੀ ਨਹੀਂ ਸਕਦਾ ਕਿ ਸਲੀਮ ਤੋਂ ਜ਼ਿਆਦਾ ਕੋਈ ਸੁੰਦਰ ਹੋਵੇ। ਇਹ ਕਿਸ ਤਰ੍ਹਾਂ ਹੋ ਸਕਦੈ। ਖ਼ੁਸ਼ ਹੋ ਕੇ, ਪ੍ਰਸੰਨ ਹੋ ਕੇ ਪੰਜ ਮੋਹਰਾਂ ਖ਼ਾਦਿਮਾ ਦੀ ਹਥੇਲੀ 'ਤੇ ਟਿਕਾਈਆਂ ਤੇ ਆਖਿਆ—ਖ਼ਾਦਿਮਾ, ਤੂੰ ਇਹ ਕੰਮ ਛੋੜ ਕੇ ਜਾਹ ਆਗਰੇ ਸ਼ਹਿਰ ਦੇ ਵਿਚ, ਲੱਭ ਕੋਈ ਐਸਾ ਬੱਚਾ ਜੋ ਸਲੀਮ ਨਾਲੋਂ ਜ਼ਿਆਦਾ ਖ਼ੂਬਸੂਰਤ ਹੋਵੇ। ਮੈਂ ਤੈਨੂੰ ਵੀ ਮਾਲਾਮਾਲ ਕਰ ਦਿਆਂਗਾ, ਬੱਚੇ ਨੂੰ ਵੀ ਮਾਲਾਮਾਲ ਕਰ ਦਿਆਂਗਾ, ਦੋਹਾਂ ਦੀਆਂ ਝੋਲੀਆਂ ਭਰ ਦਿਆਂਗਾ। ਮੈਂ ਜਾਣਨਾ ਚਾਹੁੰਦਾ ਹਾਂ ਕਿ ਸਲੀਮ ਤੋਂ ਵੀ ਜ਼ਿਆਦਾ ਖ਼ੂਬਸੂਰਤ ਕੋਈ ਬੱਚਾ ਹੈ ? ਮੋਹ ਦਾ ਮਾਰਿਆ ਇਹ ਅਕਬਰ ਆਪਣੀ ਖ਼ਾਦਿਮਾ ਦੇ ਨਾਲ ਇਸ ਤਰ੍ਹਾਂ ਦੀਆਂ ਗੱਲਾਂ ਕਰ ਰਿਹਾ ਹੈ ਔਰ ਕਹਿ ਰਿਹਾ ਹੈ ਕਿ ਜਾ ਲੱਭ ਕੇ ਲਿਆ। ਹੁਕਮ ਮੰਨ ਕੇ ਖ਼ਾਦਿਮਾ ਚੱਲ ਪਈ। ਸਵੇਰ ਦੀ ਗਈ, ਦਿਨ ਢਲਦਿਆਂ ਵਾਪਿਸ ਆਈ, ਦੱਬੇ ਹੋਏ ਪੈਰਾਂ ਨਾਲ, ਤਰ੍ਹਾਂ ਤਰ੍ਹਾਂ ਦੇ ਵਿਚਾਰਾਂ ਵਿਚ ਡੁੱਬੀ ਹੋਈ। ਗੋਦ ਵਿਚ ਇਕ ਬੱਚਾ ਲਿਆ ਹੋਇਐ, ਸਿੱਧੀ ਅਕਬਰ ਦੇ ਪਾਸ ਆਈ। ਦੇਖ ਕੇ ਅਕਬਰ ਖ਼ੁਸ਼ ਹੋਇਆ ਕਿ ਬੱਚਾ ਲਿਆਈ ਹੈ ਗੋਦ ਵਿਚ। ਖ਼ਾਦਿਮਾ! ਤੂੰ ਲਿਆਈ ਹੈਂ ਕੋਈ ਐਸਾ ਬੱਚਾ ਜੋ ਸਲੀਮ ਤੋਂ ਵੀ ਜ਼ਿਆਦਾ ਖ਼ੂਬਸੂਰਤ ਹੈ ? ਹਾਂ, ਜਹਾਂ ਪਨਾਹ, ਮੈਂ ਲਿਆਈ ਹਾਂ। ਅਕਬਰ ਨੇ ਚਾਦਰ ਇਕ ਪਾਸੇ ਕੀਤੀ, ਚੀਥੜਿਆਂ ਵਿਚ ਲਿਪਟਿਆ ਹੋਇਆ ਇਕ ਕੁਰੂਪ ਔਰ ਮੈਲਾ ਬੱਚਾ ਖ਼ਾਦਿਮਾ ਦੀ ਗੋਦ ਵਿਚ ਹੈ। ਹੈਰਾਨ ਹੋ ਕੇ ਅਕਬਰ ਕਹਿੰਦਾ ਹੈ ਕਿ ਇਹ ਬੱਚਾ! ਇਹ ਕਿਸਦਾ ਬੱਚਾ ਹੈ ? ਜਹਾਂ ਪਨਾਹ, ਇਹ ਮੇਰਾ ਹੀ ਬੱਚਾ ਹੈ। ਮੈਂ ਸਾਰਾ ਆਗਰਾ ਸ਼ਹਿਰ ਗਾਹ ਮਾਰਿਆ ਜਹਾਂ ਪਨਾਹ, ਇਸ ਬੱਚੇ ਤੋਂ ਜ਼ਿਆਦਾ ਖ਼ੂਬਸੂਰਤ ਕੋਈ ਨਹੀਂ ਦਿੱਸਿਆ। ਸੱਚ ਪੁੱਛੋਂ ਔਰ ਮੇਰੀ ਜਾਨ ਬਖ਼ਸ਼ੀ ਕਰੋਂ ਐ ਜਹਾਂ ਪਨਾਹ, ਤਾਂ ਸਲੀਮ ਵੀ ਇਸ ਦੇ ਸਾਹਮਣੇ ਕੁਛ ਨਹੀਂ। ਕਹਿੰਦੇ ਨੇ ਨੌਕਰਾਨੀ ਦੇ ਇਨ੍ਹਾਂ ਬੋਲਾਂ ਨੇ ਅਕਬਰ ਦੀਆਂ ਅੱਖਾਂ ਖੋਲ੍ਹ ਦਿੱਤੀਆਂ। ਖ਼ਿਆਲ ਆਇਆ ਕਿ ਜਿਵੇਂ ਮੈਂ ਮੋਹ ਦੀ ਨਜ਼ਰ ਨਾਲ ਸਲੀਮ ਨੂੰ ਦੇਖ ਰਿਹਾ ਹਾਂ, ਇਹ ਵੀ ਮੋਹ ਦੀ ਨਜ਼ਰ ਨਾਲ ਆਪਣੇ ਬੱਚੇ ਨੂੰ ਦੇਖ ਰਹੀ ਹੈ। ਮੋਹ ਕਰਕੇ ਸਾਰੇ ਜਹਾਨ ਵਿੱਚੋਂ ਇਸ ਨੌਕਰਾਨੀ ਨੂੰ ਆਪਣਾ ਬੱਚਾ ਹੀ ਸੁੰਦਰ ਦਿਖਾਈ ਦੇ ਰਿਹਾ ਹੈ ਔਰ ਮੋਹ ਕਰਕੇ ਹੀ ਸਲੀਮ



Sri Satguru Jagjit Singh Ji eLibrary NamdhariElibrary@gmail.com

ਮੈਨੂੰ ਸਭ ਤੋਂ ਸੁੰਦਰ ਦਿਖਾਈ ਦੇ ਰਿਹਾ ਹੈ। ਸਿਆਣਾ ਸੀ, ਆਲਮਾਂ ਫ਼ਾਜ਼ਲਾਂ ਨੂੰ ਆਪਣੀ ਸਭਾ ਵਿਚ ਰੱਖਦਾ ਸੀ, ਇਕਦਮ ਗੱਲ ਸਮਝ ਵਿਚ ਆ ਗਈ, ਪਕੜ ਵਿਚ ਆ ਗਈ। ਔਰ ਇਹ ਅਸੀਂ ਰੋਜ਼ਮੱਰਾ ਦੀ ਜ਼ਿੰਦਗੀ ਵਿਚ ਦੇਖਦੇ ਹਾਂ ਕਿ ਮਨੁੱਖ ਨੂੰ ਆਪਣੇ ਔਗੁਣਾਂ ਨਾਲ ਵੀ ਮੋਹ ਹੋ ਜਾਂਦਾ ਹੈ, ਕਿਸੇ ਦੇ ਗੁਣ ਵੀ ਉਸਨੂੰ ਚੰਗੇ ਨਹੀਂ ਲਗਦੇ। ਆਪਣਾ ਕੁਰੂਪ ਬੱਚਾ ਵੀ ਮਹਾਨ ਹੈ, ਯੂਸਫ਼ ਹੈ, ਲੇਕਿਨ ਪੜੋਸੀ ਦਾ ਸੁੰਦਰ ਬੱਚਾ ਵੀ ਕੁਰੂਪ ਹੈ। ਸੁਹੱਪਣ ਉਜਾਗਰ ਕਰਦਾ ਹੈ ਮੋਹ। ਪਰ ਸੁਹੱਪਣ ਬਨਾਉਟੀ ਹੁੰਦਾ ਹੈ, ਵਕਤੀ ਹੁੰਦਾ ਹੈ, ਆਰਜ਼ੀ ਹੁੰਦਾ ਹੈ। ਮਨੁੱਖ ਇਸੇ ਵਿਚ ਹੀ ਫਸਿਆ ਰਹਿੰਦਾ ਹੈ। ਕਦੀ ਕਦਾਈਂ ਹੀ ਕੋਈ ਮਨੁੱਖ ਪ੍ਰਭੂ ਦੀ ਸ਼ਰਣ ਪਕੜਦਾ ਹੈ, ਪ੍ਰਭੂ ਦਾ ਚਿੰਤਨ ਕਰਦਾ ਹੈ, ਨਾਮ ਦੇ ਗੀਤ ਗਾਂਦਿਆਂ ਗਾਂਦਿਆਂ ਮੋਹ ਦੇ ਪਰਦੇ ਨੂੰ ਪਰੇ ਸੁੱਟਦਾ ਹੈ, ਨਿਰਮੋਹ ਹੋ ਜਾਂਦਾ ਹੈ। ਨਿਰਮੋਹੀ ਲਈ ਸਾਰਾ ਸੰਸਾਰ ਉਸਦਾ ਆਪਣਾ ਹੈ। ਮੋਹ-ਗ੍ਰਸੇ ਲਈ ਕੇਵਲ ਉਸਦਾ ਪਰਿਵਾਰ, ਔਰ ਉਸ ਦੇ ਵਿੱਚੋਂ ਵੀ ਮੋਹ ਦਿਸਦਾ ਹੈ। ਸਭ ਕੁਝ ਉਸਦੇ ਆਪਣੇ ਹੀ ਨੇ, ਬਾਕੀ ਸਾਰੇ ਦਾ ਸਾਰਾ ਪਰਾਇਆ। ਇਤਨਾ ਵੱਡਾ ਜਗਤ ਤੇ ਓਪਰਾ ਹੋਵੇ ਤੇ ਪਰਾਇਆ ਹੋਵੇ, ਤੋ ਫਿਰ ਮਨੁੱਖ ਭੈਅ ਵਿਚ ਜੀਵੇਗਾ, ਡਰ ਦੇ ਵਿਚ ਜੀਵੇਗਾ, ਦੁੱਖ ਦੇ ਵਿਚ ਜੀਵੇਗਾ। ਮੋਹ-ਗ੍ਰਸਿਆ ਭੈਅ ਦੇ ਵਿਚ ਤੇ ਦੁੱਖ ਵਿਚ ਜਿਊਂਦਾ ਹੈ। ਸਾਰਾ ਜਗਤ ਆਪਣਾ ਹੈ, ਪ੍ਰੇਮੀ ਲਈ ਸਾਰਾ ਸੰਸਾਰ ਆਪਣਾ ਹੈ, ਤੋ ਉਹ ਨਿਰਭੈ ਹੋ ਕੇ ਵਿਚਰਦਾ ਹੈ, ਆਨੰਦ ਵਿਚ ਵਿਚਰਦਾ ਹੈ, ਸੁੱਖ ਨਾਲ ਰਮਣ ਕਰਦਾ ਹੈ, ਸਭ ਜੁ ਆਪਣੇ ਨੇ। ਮੋਹ ਦੀ ਸੀਮਾ ਹੁੰਦੀ ਹੈ, ਨਿਰਮੋਹ ਅਸੀਮ ਹੁੰਦਾ ਹੈ। ਨਿਰਮੋਹੀ ਲਈ ਸਾਰਾ ਸੰਸਾਰ ਉਸਦਾ ਆਪਣਾ ਹੈ, ਮੋਹ-ਗ੍ਰਸੇ ਲਈ ਪਰਿਵਾਰ ਹੀ ਉਸਦਾ ਆਪਣਾ ਹੈ। ਮੋਹ-ਗ੍ਰਸੇ ਦੀ ਦੁਨੀਆ ਬਹੁਤ ਛੋਟੀ ਹੁੰਦੀ ਹੈ। ਜਿਸਦੀ ਦੁਨੀਆ ਛੋਟੀ, ਉਸਦੀ ਅਕਲ ਛੋਟੀ, ਉਸਦੀ ਸੋਚਣੀ ਛੋਟੀ, ਔਰ ਉਸਦਾ ਸਭ ਕੁਛ ਛੋਟਾ। ਮੋਹ-ਗ੍ਰਸਿਆ ਬਹੁਤ ਛੋਟੇ ਤਲ 'ਤੇ ਜਿਊਂਦਾ ਹੈ, ਪਰ ਨਿਰਮੋਹੀ ਅਸੀਮ ਤਲ 'ਤੇ ਜਿਊਂਦਾ ਹੈ, ਉਸਦੀ ਕੋਈ ਸੀਮਾ ਨਹੀਂ। ਜਿਵੇਂ ਪਰਮਾਤਮਾ ਦੀ ਕੋਈ ਸੀਮਾ ਨਹੀਂ, ਨਿਰਮੋਹੀ ਦੀ ਵੀ ਕੋਈ ਸੀਮਾ ਨਹੀਂ। ਸਾਡੇ ਦੇਸ਼ ਵਿਚ ਇਕ ਐਸਾ ਵੀ ਪੁਰਸ਼ ਹੋਇਐ, ਰਾਜਾ ਸੀ। ਸੁਭਾਵਿਕ ਕਿਸੇ ਸਮੇਂ ਉਸਦੇ ਮਾਂ-ਬਾਪ ਨੇ ਨਾਮ ਰੱਖਿਆ ਸੀ—ਨਿਰਮੋਹ। ਔਰ ਵੱਡਾ ਹੋ ਕੇ ਵੀ ਇਹ ਹੀ ਨਾਮ ਪ੍ਰਚੱਲਤ ਰਿਹਾ, ਨਿਰਮੋਹ, ਰਾਜਾ ਨਿਰਮੋਹ। ਇਤਿਹਾਸਕ ਵਾਰਤਾ ਹੈ: ਇਕ ਰਿਸ਼ੀ ਨੇ ਜਦ ਇਹ ਨਾਮ ਸੁਣਿਆ ਤਾਂ ਸੋਚਿਆ ਕਿ ਰਾਜਾ, ਨਿਰਮੋਹ ਹੋ ਨਹੀਂ ਸਕਦਾ, ਕਠਿਨ ਹੈ, ਔਖੀ ਗੱਲ ਹੈ। ਤੋ ਪ੍ਰੀਖਿਆ ਲਈ ਰਾਜਾ ਨਿਰਮੋਹ ਦੇ ਮਹੱਲ ਲਈ ਚੱਲ ਪਿਆ। ਜੈਸੇ ਹੀ ਮਹੱਲਾਂ ਵਿਚ ਦਾਖ਼ਲ ਹੋਇਆ, ਰਾਜੇ ਨਿਰਮੋਹ ਦੀ ਪਟਰਾਣੀ



Sri Satguru Jagjit Singh Ji eLibrary NamdhariElibrary@gmail.com

ਵੀ ਸੀ। ਇਸ ਰਿਸ਼ੀ ਨੇ ਪਹਿਲੋਂ ਹੀ ਤੌਰ ਤਰੀਕਾ ਬਣਾਇਆ ਹੋਇਆ ਸੀ ਕਿ ਮੈਂ ਸਪੱਸ਼ਟ ਕਰਨਾ ਹੈ ਕਿ ਤੂੰ ਮੋਹ-ਗ੍ਰਸਿਆ ਹੈਂ, ਨਿਰਮੋਹੀ ਨਹੀਂ। ਇਸ ਤੋਂ ਪਹਿਲਾਂ ਰਾਜੇ ਨਿਰਮੋਹ ਦਾ ਲੜਕਾ ਰਿਸ਼ੀ ਦੀ ਕੁਟੀਆ ਵਿਚ ਆਇਆ ਸੀ ਔਰ ਰਿਸ਼ੀ ਉਸ ਬੱਚੇ ਨੂੰ ਬਿਠਾ ਕੇ ਔਰ ਆਖ ਕੇ ਆਇਆ ਸੀ ਕਿ ਜਿਤਨੀ ਦੇਰ ਤਕ ਮੈਂ ਨਾ ਆਵਾਂ ਤੂੰ ਇਥੇ ਹੀ ਬੈਠੀਂ, ਮੈਂ ਥੋੜ੍ਹੀ ਦੇਰ ਤਕ ਆਇਆ। ਰਾਣੀ ਨੂੰ ਰਿਸ਼ੀ ਕਹਿੰਦਾ ਹੈ—'ਰਾਣੀ ਤੁਮ ਕੋ ਅਤੀ ਬਿਪਤਿ ਸੁਤ ਖਾਇਓ ਮ੍ਰਿਗ ਰਾਜ। ਹਮ ਨੇ ਭੋਜਨ ਨਾ ਕੀਉ ਤਿਸ ਮਿਤ੍ਰ ਕੇ ਕਾਜ।' ਹੇ ਰਾਜ ਮਾਤਾ, ਤੁਹਾਡਾ ਸੁਤ ਰਾਜਕੁਮਾਰ ਸ਼ੇਰ ਨੇ ਖਾ ਲਿਐ, ਮੈਂ ਤਾਂ ਭੋਜਨ ਛੱਡ ਕੇ ਦੌੜਿਆਂ ਤੁਹਾਨੂੰ ਖ਼ਬਰ ਸੁਣਾਉਣ ਵਾਸਤੇ। ਪਰ ਇਹ ਰਾਣੀ, ਰਾਜੇ ਨਿਰਮੋਹ ਦੀ ਇਹ ਰਾਣੀ, ਉਸ ਅਸੀਮ ਮਨੁੱਖ ਦੀ ਸੰਗਤ ਵਿਚ ਰਹਿ ਕੇ, ਉਸ ਅਸੀਮ ਮਨੁੱਖ ਦੀ ਪਤਨੀ ਵੀ ਨਿਰੋਮਹੀ ਹੋ ਗਈ ਸੀ, ਮੋਹ ਤੋਂ ਉੱਚੀ ਹੋ ਗਈ ਸੀ। ਰਿਸ਼ੀ ਨੂੰ ਕਹਿਣ ਲੱਗੀ—'ਪੇਡ ਏਕ ਸ਼ਾਖਾ ਘਣੀ ਪੰਖੀ ਬੈਠੇ ਆਇ। ਪੋਹ ਫੁਟੀ, ਚੀਰੀ ਭਈ, ਉਡ ਉਡ ਦਹਿਦਿਸ ਜਾਇ।'—ਸੰਸਾਰ ਇਕ ਬ੍ਰਿਛ ਦੀ ਤਰ੍ਹਾਂ ਹੈ, ਕਈ ਇਸ ਦੀਆਂ ਸ਼ਾਖ਼ਾਂ ਨੇ, ਕਈ ਮੁਲਕ ਨੇ, ਕਈ ਇਲਾਕੇ ਨੇ, ਸੰਸਕਾਰਾਂ ਦੇ ਔਰ ਪ੍ਰਾਰਬਧ-ਵੱਸ ਹੋ ਕੇ, ਸੰਜੋਗ-ਵੱਸ ਹੋ ਕੇ ਇਨ੍ਹਾਂ ਪਰਿਵਾਰਾਂ ਦੀਆਂ ਟਹਿਣੀਆਂ 'ਤੇ ਆ ਕੇ ਪੰਛੀ ਬੈਠਦੇ ਨੇ। ਮੌਤ ਦਾ ਸੂਰਜ ਚੜ੍ਹਦਾ ਏ, ਦਰਗਾਹ ਤੋਂ ਚੀਰੀ ਪਾਟਦੀ ਹੈ, ਇਹ ਪੰਛੀ ਵਾਰੀ ਵਾਰੀ ਉਡ ਕੇ ਆਪਣੀ ਦਿਸ਼ਾ ਨੂੰ ਚਲੇ ਜਾਂਦੇ ਨੇ। ਰਿਸ਼ੀ, ਇਹ ਤੂੰ ਕੋਈ ਨਵੀਂ ਖ਼ਬਰ ਤਾਂ ਲੈ ਕੇ ਨਹੀਂ ਆਇਆ। ਇਹ ਤਾਂ ਰੋਜ਼ ਹੋ ਰਿਹਾ ਹੈ, ਐਸਾ ਹੋ ਰਿਹਾ ਹੈ, ਐਸਾ ਨਿਜ਼ਾਮ ਹੈ, ਐਸੀ ਬਣਤਰ ਹੈ, ਐਸੀ ਪ੍ਰਭੂ ਦੀ ਲੀਲ੍ਹਾ ਹੈ। ਰਿਸ਼ੀ ਦੰਗ ਰਹਿ ਗਿਆ। ਤਪ ਸਾਧਨਾ ਕਰਦਿਆਂ ਕਰਦਿਆਂ ਸਭ ਥਕ ਗਏ, ਪਰਿਵਾਰ ਦੇ ਮੋਹ ਦੀ ਦੀਵਾਰ ਅਜੇ ਵੀ ਨਹੀਂ ਤੋੜ ਸਕੇ। ਧਨ ਦੇ ਮੋਹ ਦਾ ਪਰਦਾ ਅਜੇ ਵੀ ਬਾਕੀ ਹੈ। ਜੀਵਨ ਦੇ ਮੋਹ ਦੀ ਪਕੜ ਅਜੇ ਵੀ ਬਾਕੀ ਹੈ। ਉਹ ਸੋਚਦਾ ਹੈ ਕਿ ਚਲੋ, ਉਸ ਨਾਲ ਤਾਂ ਗੱਲ ਕਰੀਏ, ਜਿਸ ਦਾ ਨਾਮ ਹੀ ਰਾਜਾ ਨਿਰਮੋਹ ਹੈ, ਉਸ ਨੂੰ ਤਾਂ ਵੇਖੀਏ। ਤੇ ਗਿਆ, ਰਾਜ ਸਭਾ ਵਿਚ ਇਹ ਰਿਸ਼ੀ ਦਾਖ਼ਲ ਹੋਇਆ। ਆਉ-ਭਗਤ ਕੀਤੀ, ਰਾਜੇ ਨੇ ਡੰਡੌਤ ਕੀਤੀ, ਸਨਮਾਨ ਦਿੱਤਾ, ਬਿਠਾਇਆ। ਆਉਣ ਦਾ ਕਾਰਨ ਪੁੱਛਿਆ। ਰਿਸ਼ੀ ਰਾਜ, ਕਿਸ ਤਰ੍ਹਾਂ ਪਧਾਰੇ, ਸਾਡੇ ਇਸ ਘਰ ਨੂੰ ਕਿਸ ਤਰ੍ਹਾਂ ਭਾਗ ਲਾਏ ? ਇਸ ਰਾਜ ਸਭਾ ਨੂੰ ਆ ਕੇ ਪਵਿੱਤਰ ਕੀਤਾ, ਆਓ ਭਾਗ ਸਾਡੇ, ਕੋਈ ਸੇਵਾ ਹੋਵੇ ਤਾਂ ਦੱਸੋ। ਰਿਸ਼ੀ ਕਹਿੰਦਾ ਹੈ—ਰਾਜਨ, ਬਹੁਤ ਦੁੱਖ, ਬਹੁਤ ਸੰਤਾਪ, ਬਹੁਤ ਮਾੜੀ ਖ਼ਬਰ ਹੈ, ਦੱਸਣ ਲੱਗਿਆਂ ਮੇਰੀ ਜ਼ਬਾਨ ਲੜਖੜਾਂਦੀ ਹੈ, ਪਰ ਮਜਬੂਰ ਹਾਂ ਦੱਸਣ 'ਤੇ। ਮੁਸਕਰਾਉਂਦੇ ਹੋਏ ਚਿਹਰੇ ਨਾਲ ਰਾਜਾ ਨਿਰਮੋਹ ਕਹਿੰਦੈ ਕਿ



Sri Satguru Jagjit Singh Ji eLibrary NamdhariElibrary@gmail.com

ਦੱਸੋ ਰਾਜ ਰਿਸ਼ੀ, ਸੰਤ ਜਨੋ ਦੱਸੋ। ਰਿਸ਼ੀ ਖੜ੍ਹਾ ਹੋਇਆ ਤੇ ਕਹਿਣ ਲੱਗਾ, 'ਰਾਜਨ ਤੁਮ ਕੋ ਅਤੀ ਬਿਪਤਿ, ਪਲ ਪਲ ਘੜੀ ਘੜੀ ਸੁਤ ਖਾਇਓ ਮ੍ਰਿਗਰਾਜ ਨੇ'—ਮੇਰੇ ਪਾਸ ਮੜ੍ਹੀ, ਪੁੱਤਰ ਦੀ ਲਾਸ਼ ਹੈ। ਸ਼ੇਰ ਨੇ ਹਮਲਾ ਕਰ ਕੇ ਉਸਨੂੰ ਜ਼ਖ਼ਮੀ ਕੀਤੈ, ਮਾਰ ਦਿੱਤੈ, ਉਹਦੀ ਲਾਸ਼ ਮੇਰੇ ਕੋਲ ਹੈ। ਬਸ ਇਹੀ ਸੰਦੇਸ਼ ਦੇਣ ਵਾਸਤੇ ਤੇਰੇ ਪਾਸ ਆਇਆ ਹਾਂ, ਤੁਹਾਨੂੰ ਦੱਸਣ ਲਈ ਆਇਆ ਹਾਂ। ਰਾਜੇ ਨੇ ਪ੍ਰਸੰਨ-ਚਿਤ ਹੋ ਕੇ, ਪ੍ਰਸੰਨ ਮੁਦਰਾ ਵਿਚ ਹੱਸਦਿਆਂ ਹੋਇਆਂ ਕਿਹਾ : 'ਤਪੀਆ ਤਪੁ ਕਿਉਂ ਛਾਡਿਉ ਯਹਾਂ ਹਰਖ ਨਹੀ ਸੋਗ। ਵਾਸਾ ਜਗਤ ਸਰਾਇ ਕੋ ਯਹਾਂ ਸਭੀ ਮੁਸਾਫ਼ਰ ਲੋਗ'—ਅਸੀਂ ਤਾਂ ਕਾਫ਼ੀ ਸਮੇਂ ਤੋਂ ਸਮਝੀ ਬੈਠੇ ਹਾਂ ਕਿ ਇਹ ਸਰਾਏ ਹੈ, ਇਕ ਆਉਂਦਾ ਹੈ ਇਕ ਜਾਂਦਾ ਹੈ; ਇਕ ਫੁੱਲ ਖਿੜਦਾ ਹੈ, ਇਕ ਫੁੱਲ ਮੁਰਝਾਉਂਦਾ ਹੈ। ਇਕ ਫਲ ਫੁੱਲ ਵਿੱਚੋਂ ਨਿਕਲ ਰਿਹਾ ਹੈ, ਇਕ ਫੁੱਲ ਭੁਇੰ 'ਤੇ ਡਿੱਗ ਰਿਹਾ ਹੈ। ਇਕ ਤਾਰਾ ਉਭਰ ਰਿਹਾ ਹੈ, ਇਕ ਤਾਰਾ ਟੁੱਟ ਰਿਹਾ ਹੈ। ਇਹ ਪ੍ਰਭੂ ਦੀ ਲੀਲ੍ਹਾ ਹੈ। ਸਮੁੱਚੀ ਸਰਾਂ ਦੇ ਵਿਚ ਇਹ ਆਵਾਗਉਣ ਬਣਿਆ ਹੋਇਆ ਹੈ ਔਰ ਇਥੇ ਸਾਰੇ ਹੀ ਮੁਸਾਫ਼ਿਰ ਨੇ, ਅਸੀਂ ਵੀ ਮੁਸਾਫ਼ਿਰ ਹਾਂ, ਅਸੀਂ ਵੀ ਇਕ ਦਿਨ ਰੁਖ਼ਸਤ ਹੋ ਜਾਵਾਂਗੇ, ਇਹ ਕੋਈ ਨਵੀਂ ਗੱਲ ਤਾਂ ਨਹੀਂ। ਪਰ ਮੈਨੂੰ ਦੁੱਖ ਹੈ, ਅਫ਼ਸੋਸ ਹੈ, ਐ ਰਿਸ਼ੀ ! ਤੂੰ ਮਹਾਂ ਕਾਰੀਯ ਜੋ ਤਪ ਕਰ ਰਿਹਾ ਸੀ, ਤਪ ਕਿਉਂ ਛੋੜਿਆ, ਇਸ ਫੋਕੇ ਸੰਦੇਸ਼ ਲਈ ਤੂੰ ਆਪਣੀ ਤਪੱਸਿਆ ਕਿਉਂ ਛੋੜੀ। 'ਤਪਿਯਾ ਤਪ ਕਿਉਂ ਛਾਡਿਉ ਯਹਾਂ ਹਰਖ ਨਹੀ ਸੋਗ'—ਐ ਤਪੀਸ਼ਵਰ ! ਤੂੰ ਤਪੱਸਿਆ ਕਿਉਂ ਛੋੜੀ ? ਕਿਤਨੇ ਸੌਖੇ ਢੰਗ ਨਾਲ ਇਹ ਗੱਲ ਰਾਜੇ ਨਿਰਮੋਹ ਦੀ ਬਿਆਨ ਕੀਤੀ ਜਾ ਸਕਦੀ ਹੈ ਪਰ ਜੀਵਨ ਵਿਚ ਧਾਰਨਾ ਉਤਨਾ ਹੀ ਕਠਿਨ ਹੈ। ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਲਖਤੇ ਜਿਗਰ ਅਜੀਤ ਸਿੰਘ, ਜੁਝਾਰ ਸਿੰਘ ਕੋਲ ਬੈਠੇ ਨੇ। ਗੜ੍ਹੀ ਨੂੰ ਚਾਰੋਂ ਪਾਸੇ ਦੁਸ਼ਮਨ ਨੇ ਘੇਰਿਆ ਹੈ। ਸਤਿਗੁਰੂ, ਅਜੀਤ ਸਿੰਘ ਨੂੰ ਤਿਆਰ ਕਰਦੇ ਨੇ। ਹੋਰ ਸਿੱਖਾਂ ਨੂੰ ਨਹੀਂ ਕਹਿੰਦੇ ਕਿ ਕਿਧਰੇ ਸੰਸਾਰ ਇਹ ਇਲਜ਼ਾਮ ਨਾ ਲਗਾ ਦੇਵੇ ਕਿ ਆਪਣੇ ਬੱਚੇ ਬਚਾਅ ਲਏ, ਸਿਖ ਮਰਵਾ ਲਏ। ਨਹੀਂ, ਸਗੋਂ ਅਜੀਤ ਸਿੰਘ ਨੂੰ ਤਿਆਰ ਕੀਤਾ ਔਰ ਸਤਿਗੁਰ ਜੋ ਕੁਛ ਉਸਨੂੰ ਕਹਿੰਦੇ ਨੇ, ਅੱਲਾਹ ਯਾਰ ਜੋਗੀ ਨੇ ਇੰਜ ਕਲਮਬੰਦ ਕੀਤਾ ਹੈ :

"ਐ ਮੇਰੇ ਬੱਚੇ ਇਕ ਖ਼ਾਹਿਸ਼ ਹੈ ਮੇਰੀ, ਤੂੰ ਪੂਰੀ ਕਰ।"

ਅਜੀਤ ਸਿੰਘ ਹੱਥ ਜੋੜ ਕੇ ਕਹਿੰਦਾ ਹੈ, "ਗੁਰਦੇਵ ਪਿਤਾ, ਤੁਸੀਂ ਸਾਰਿਆਂ ਦੀਆਂ ਖ਼ਾਹਿਸ਼ਾਂ ਪੂਰੀਆਂ ਕਰਨ ਵਾਲੇ ਹੋ, ਅਸੀਂ ਤੁਹਾਡੀ ਖ਼ਾਹਿਸ਼ ਕੀ ਪੂਰੀ ਕਰ ਸਕਦੇ ਹਾਂ।"

"ਹਾਂ, ਤੂੰ ਹੀ ਕਰ ਸਕਦਾ ਹੈਂ।"



Sri Satguru Jagjit Singh Ji eLibrary NamdhariElibrary@gmail.com

"ਹੁਕਮ ਦਿਓ ਗੁਰਦੇਵ ਪਿਤਾ, ਮੈਂ ਤਾਬਿਆਦਾਰ ਹਾਂ।"
ਧੰਨ ਗੁਰੂ ਗੋਬਿੰਦ ਸਿੰਘ ਜੀ ਫ਼ੁਰਮਾਨ ਕਰਦੇ ਨੇ:

*ਖ਼ਾਹਿਸ਼ ਹੈ ਤੁਮਹਿ ਤੇਗ ਚਲਾਤੇ ਹੂਏ ਦੇਖੇਂ।*

ਬਸ ਇਤਨਾ ਹੀ ਨਹੀਂ, ਪੂਰੀ ਗੱਲ ਸੁਣ:

*ਖ਼ਾਹਿਸ਼ ਹੈ ਤੁਮਹਿ ਤੇਗ ਚਲਾਤੇ ਹੂਏ ਦੇਖੇਂ।*
*ਹਮ ਆਂਖ ਸੇ ਬਰਛੀ ਤੁਮਹਿ ਖਾਤੇ ਹੂਏ ਦੇਖੇਂ।*

ਹੋਣਹਾਰ ਸਾਹਿਬਜ਼ਾਦਾ ਅਜੀਤ ਸਿੰਘ ਹੱਥ ਜੋੜ ਕੇ ਕਹਿੰਦਾ ਹੈ:

*ਨਾਮ ਕਾ ਅਜੀਤ ਹੂੰ ਜੀਤਾ ਨਾ ਜਾਊਂਗਾ।*
*ਜੀਤਾ ਗਿਆ ਤੋ ਹਾਰ ਕੇ ਜੀਤਾ ਨਾ ਆਊਂਗਾ।*

ਸਵੈਮ ਸ਼ਿੰਗਾਰ ਕੇ, ਸ਼ਸਤਰ ਪਹਿਨਾ ਕੇ ਸਤਿਗੁਰ ਭੇਜਦੇ ਨੇ। ਆਪਣੀਆਂ ਅੱਖਾਂ ਦੇ ਸਾਹਮਣੇ, ਸ਼ਹਾਦਤ ਦਾ ਜਾਮ ਪੀਂਦਿਆਂ ਦੋਨਾਂ ਲਖਤੇ ਜਿਗਰਾਂ ਨੂੰ ਦੇਖਦੇ ਨੇ। ਸ਼ੁਕਰ ਕਰਦੇ ਨੇ ਪਰਮਾਤਮਾ ਦਾ, ਈਸ਼ਵਰ ਦਾ, ਅਕਾਲ ਪੁਰਖ ਦਾ। ਅਸੀਮ ਪ੍ਰੇਮ ਦੀ ਦੁਨੀਆ ਵਿਚ ਜਿਊਣ ਵਾਲੇ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਨਾ ਤਾਜ ਦਾ ਮੋਹ, ਨਾ ਤਖ਼ਤ ਦਾ ਮੋਹ, ਨਾ ਪਰਿਵਾਰ ਦਾ ਮੋਹ, ਨਾ ਸੰਸਾਰ ਦਾ ਮੋਹ, ਕੇਵਲ ਪ੍ਰੇਮ ਅਕਾਲ ਪੁਰਖ ਨਾਲ ਹੈ। ਪ੍ਰਭੂ-ਚਿੰਤਨ ਤੇ ਉਸਦੀ ਯਾਦ ਦੇ ਨਾਲ ਮੋਹ, ਪ੍ਰੇਮ ਬਣ ਜਾਂਦਾ ਹੈ ਔਰ ਪ੍ਰੇਮ ਈਸ਼ਵਰ ਦਾ ਰੂਪ ਹੈ:

**ਜੱਤ੍ਰ ਤੱਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ ॥੮੦॥**

*(ਜਾਪ ਸਾਹਿਬ)*

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਪਿਆਰ ਦੀ ਮੂਰਤੀ ਔਰ ਆਪ ਦਾ ਮੂਲ ਫ਼ੁਰਮਾਨ:

**ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥**

*(ਤ੍ਵ ਪ੍ਰਸਾਦਿ ਸਵੱਯੇ)*

ਮੋਹ ਸੀਮਿਤ ਹੈ, ਪ੍ਰੇਮ ਅਸੀਮ ਹੈ। ਸੰਸਾਰ ਦੀ ਸੀਮਾ ਹੈ, ਮੋਹ-ਗੁੱਸੇ ਦੀ ਵੀ ਸੀਮਾ ਹੈ, ਪਰ ਨਿਰੰਕਾਰ ਅਸੀਮ ਹੈ, ਪ੍ਰੇਮੀ ਅਸੀਮ ਹੈ। ਜੈਸੇ ਕੋਈ ਤ੍ਰਾਹ ਤ੍ਰਾਹ ਪ੍ਰਭੂ ਦੀ ਸ਼ਰਨ ਵਿਚ ਜਾਂਦਾ ਹੈ, ਆਸਰਾ ਪਕੜਦਾ ਹੈ, ਅਰਜੋਈ ਕਰਦਾ ਹੈ, ਅਰਦਾਸ ਕਰਦਾ ਹੈ ਔਰ ਉਸਦੀ ਯਾਦ ਵਿਚ ਡੁੱਬਦਾ ਹੈ ਤਾਂ ਮੋਹ, ਪ੍ਰੇਮ ਬਣ ਜਾਂਦਾ ਹੈ। ਫਿਰ ਕੁਛ ਵੀ ਚਲਾ ਗਿਆ, ਕੁਛ ਵੀ ਆ ਗਿਆ, ਨਾ ਹਰਖ ਨਾ ਸੋਗ, ਪ੍ਰੇਮ ਹੀ ਪ੍ਰੇਮ ਹੈ। ਮੋਹ ਵਿਚ ਜੀਵਨ ਬਤੀਤ ਹੋ ਰਿਹਾ ਹੈ, ਇਕ



Sri Satguru Jagjit Singh Ji eLibrary NamdhariElibrary@gmail.com

ਇਕ ਦਿਨ ਜ਼ਾਇਆ ਜਾ ਰਿਹਾ ਹੈ। ਪ੍ਰੇਮ ਵਿਚ ਜੀਵਨ ਬਤੀਤ ਹੋ ਰਿਹਾ ਹੈ, ਇਕ ਇਕ ਘੜੀ ਸਫਲ ਹੋ ਰਹੀ ਹੈ, ਵਕਤ ਸਫਲ ਹੋ ਰਿਹਾ ਹੈ। ਬਹੁਤ ਵਡਮੁੱਲਾ ਹੈ ਵਕਤ। ਤੋ ਮੋਹ—ਧੰਨ ਗੁਰੂ ਅਰਜਨ ਗੁਰੂ ਦੇਵ ਜੀ ਮਹਾਰਾਜ ਆਪਣੀ ਗੱਲ ਮੋਹ ਤੋਂ ਆਰੰਭ ਕਰਦੇ ਨੇ ਔਰ ਦੱਸਦੇ ਨੇ ਕਿ ਇਸ ਮੋਹ ਨੂੰ ਜਿਸਨੇ ਪ੍ਰੇਮ ਬਣਾ ਲਿਆ ਔਰ ਪ੍ਰਭੂ ਦੀ ਸ਼ਰਨ ਵਿਚ ਜਾ ਕੇ ਜਿਸਦਾ ਮੋਹ ਦਾ ਪਰਦਾ ਲਹਿ ਗਿਆ, ਮੋਹ ਦੀ ਦੀਵਾਰ ਜਿਸ ਨੇ ਤੋੜ ਦਿੱਤੀ, ਉਹ ਸੂਰਮਾ ਹੈ, ਕਿਉਂਕਿ ਉਸਨੇ ਮਹਾਨ ਸੂਰਮੇ ਮੋਹ ਨੂੰ ਪਛਾੜ ਕੇ ਰੱਖ ਦਿੱਤਾ ਹੈ, ਪਰ੍ਹੇ ਸੁੱਟ ਕੇ ਰੱਖ ਦਿੱਤਾ ਹੈ। ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਸਰੋਤਿਆਂ 'ਤੇ ਆਪਣੀ ਮਿਹਰ ਕਰਨ, ਐਸੀ ਬਖ਼ਸ਼ਿਸ਼ ਕਰਨ ਕਿ ਅਸੀਮ ਪਰਮਾਤਮਾ ਦੀ ਯਾਦ ਵਿਚ ਡੁੱਬ ਕੇ ਅਸੀਂ ਅਸੀਮ ਪ੍ਰੇਮ ਨੂੰ ਪ੍ਰਾਪਤ ਕਰ ਕੇ, ਸੀਮਿਤ ਮੋਹ ਨੂੰ ਰੇਜ਼ਾ ਰੇਜ਼ਾ ਕਰ ਸਕੀਏ।

•



Sri Satguru Jagjit Singh Ji eLibrary NamdhariElibrary@gmail.com

# ਅਹੰਕਾਰ

**ਹੇ ਜਨਮ ਮਰਣ ਮੂਲੰ ਅਹੰਕਾਰੰ ਪਾਪਾਤਮਾ ॥**
**ਮਿਤ੍ਰੰ ਤਜੰਤਿ ਸਤ੍ਰੰ ਦ੍ਰਿੜੰਤਿ ਅਨਿਕ ਮਾਯਾ ਬਿਸ੍ਤੀਰਨਹ ॥**
**ਆਵੰਤ ਜਾਵੰਤ ਥਕੰਤ ਜੀਆ ਦੁਖ ਸੁਖ ਬਹੁ ਭੋਗਣਹ ॥**
**ਭ੍ਰਮ ਭਯਾਨ ਉਦਿਆਨ ਰਮਣੰ ਮਹਾ ਬਿਕਟ ਅਸਾਧ ਰੋਗਣਹ ॥**
**ਬੈਦੰ ਪਾਰਬ੍ਰਹਮ ਪਰਮੇਸ੍ਵਰ ਆਰਾਧਿ ਨਾਨਕ ਹਰਿ ਹਰਿ ਹਰੇ ॥**

*(ਸਲੋਕ ਸਹਸਕ੍ਰਿਤੀ ਮ: ੫, ਪੰਨਾ 1358)*

ਮਨੁੱਖ ਦੀਆਂ ਮੂਲ ਬੁਨਿਆਦੀ ਕਮਜ਼ੋਰੀਆਂ ਵਿੱਚੋਂ ਪ੍ਰਬਲ ਕਮਜ਼ੋਰੀ ਹੈ ਅਹੰਕਾਰ, ਅਹੰ, ਮੈਂ ਹਾਂ, ਮੈਂ ਹਾਂ, ਮੈਂ ਹਾਂ। ਜਿਤਨੇ ਚਿਰ ਤਕ ਇਹ 'ਮੈਂ' ਰਹਿੰਦੀ ਹੈ, ਇਹ ਅਹੰ ਭਾਵ ਰਹਿੰਦਾ ਹੈ, ਉਤਨੇ ਚਿਰ ਤਕ ਇਹ ਜਨਮ-ਮਰਨ ਬਣਿਆ ਰਹਿੰਦਾ ਹੈ, ਚਲਦਾ ਰਹਿੰਦਾ ਹੈ। ਇਹ ਜਨਮ ਤੇ ਮਰਨ ਦਾ ਮੂਲ ਹੈ, ਜਨਮ ਤੇ ਮਰਨ ਦਾ ਕਾਰਨ ਹੈ। ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਦਾ ਫ਼ੁਰਮਾਨ ਹੈ :

**ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥**
**ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥**

*(ਆਸਾ ਜੀ ਦੀ ਵਾਰ ਮ: ੧, ਪੰਨਾ 466)*

ਹਉਮੈ ਦਾ ਸੁਭਾਉ ਹੈ ਕਿ ਮਨੁੱਖ ਜਿਤਨੇ ਵੀ ਕਰਮ ਕਰਦਾ ਹੈ, ਅਹੰਕਾਰ-ਆਸ਼ਰਿਤ ਨੇ, ਚਾਹੇ ਉਹ ਕਰਮ ਧਾਰਮਿਕ ਨੇ, ਸਮਾਜਿਕ ਨੇ ਯਾ ਰਾਜਨੀਤਿਕ ਨੇ। ਅਹੰ ਮੂਲ ਹੈ, ਅਹੰ ਵਿਸ਼ਵਤ ਹੋ ਜਾਂਦਾ ਹੈ, ਹਰ ਕਰਮ ਵਿਚ ਔਰ ਉਹ ਕਰਮ ਜੋ ਆਸ਼ਰਿਤ ਹੈ, ਜਨਮ ਦਾ ਕਾਰਨ ਹੋ ਜਾਂਦਾ ਹੈ। ਜਨਮ, ਮਰਨ ਦਾ ਕਾਰਨ ਹੈ। ਫਿਰ ਜਨਮ, ਫਿਰ ਮਰਨ। ਇਸ ਤਰ੍ਹਾਂ ਅਹੰ, ਜਨਮ ਤੇ ਮਰਨ ਦੀ ਬਹੁਤ ਲੰਬੀ ਯਾਤਰਾ ਵਿਚ ਪਾ ਦਿੰਦਾ ਹੈ, ਬਹੁਤ ਲੰਬੇ ਗੇੜ ਵਿਚ ਪਾ ਦਿੰਦਾ ਹੈ। ਧੰਨ ਗੁਰੂ ਅਰਜਨ ਦੇਵ ਜੀ ਫ਼ੁਰਮਾਨ ਕਰ ਰਹੇ ਨੇ :

**ਹੇ ਜਨਮ ਮਰਣ ਮੂਲੰ ਅਹੰਕਾਰੰ ਪਾਪਾਤਮਾ ॥**

ਹੇ ਪਾਪ ਆਤਮਾ 'ਅਹੰਕਾਰ', ਤੂੰ ਜਨਮ ਤੇ ਮਰਨ ਦਾ ਕਾਰਨ ਹੈਂ। ਵੱਖ



Sri Satguru Jagjit Singh Ji eLibrary NamdhariElibrary@gmail.com

ਵੱਖ ਜੀਵਾਂ ਵਿਚ ਆਪਣੇ ਆਪਣੇ ਦੋਸ਼ ਪਾਏ ਜਾਂਦੇ ਨੇ। ਜਿਸ ਵਿਚ ਅਸੀਂ ਵੇਖਦੇ ਹਾਂ, ਹਾਥੀ ਵਿਚ ਕਾਮ ਰੋਗ, ਪਤੰਗੇ ਵਿਚ ਦ੍ਰਿਸ਼ਟ ਰੋਗ, ਮੱਛੀ ਵਿਚ ਰਸਨਾ ਦਾ ਔਰ ਇਸੇ ਤਰੀਕੇ ਨਾਲ ਭੌਰੇ ਵਿਚ ਨਾਸਕਾ ਦਾ ਰੋਗ ਹੈ:

**ਹਉਮੈ ਰੋਗੁ ਮਾਨੁਖ ਕਉ ਦੀਨਾ॥**
**ਕਾਮ ਰੋਗਿ ਮੈਗਲੁ ਬਸਿ ਲੀਨਾ॥**
**ਦ੍ਰਿਸਟਿ ਰੋਗਿ ਪਚਿ ਮੁਏ ਪਤੰਗਾ॥**
**ਨਾਦ ਰੋਗਿ ਖਪਿ ਗਏ ਕੁਰੰਗਾ॥** *(ਭੈਰਉ ਮ: ੫, ਪੰਨਾ 1140)*

ਹਿਰਨ ਨੂੰ ਨਾਦ ਦਾ, ਕੰਨਾਂ ਦਾ ਰੋਗ ਹੈ:

**ਜੋ ਜੋ ਦੀਸੈ ਸੋ ਸੋ ਰੋਗੀ॥**
**ਰੋਗ ਰਹਿਤ ਮੇਰਾ ਸਤਿਗੁਰੁ ਜੋਗੀ॥** *(ਭੈਰਉ ਮ: ੫, ਪੰਨਾ 1140)*

ਇਹ ਰੋਗ ਬੰਧਨ ਦਾ ਕਾਰਨ ਬਣ ਗਏ ਨੇ, ਇਹ ਰੋਗ ਦੁੱਖ ਦਾ ਕਾਰਨ ਬਣ ਗਏ ਨੇ ਔਰ ਮਨੁੱਖ ਦੇ ਸਾਰੇ ਦੁੱਖਾਂ ਦਾ ਮੂਲ ਕਾਰਨ ਅਹੰ, ਅਹੰਕਾਰ ਹੈ। ਅਹੰਕਾਰ ਕਿਧਰੇ ਅਸਥੂਲ ਰੂਪ ਧਾਰਨ ਕਰਦਾ ਹੈ, ਕਿਧਰੇ ਸੂਖਸ਼ਮ ਰੂਪ। ਕਿਧਰੇ ਪਦਾਰਥਾਂ ਦਾ ਅਹੰਕਾਰ, ਕਿਧਰੇ ਧਾਰਮਿਕ ਕਰਮ ਜੋ ਪਰਮਾਤਮਾ ਦੇ ਪ੍ਰਤਿ ਕੀਤੇ ਗਏ ਨੇ, ਉਸਦਾ ਅਹੰਕਾਰ। ਕਿਧਰੇ ਇਸ ਜੀਵਨ ਦਾ ਅਹੰਕਾਰ, ਕਿਧਰੇ ਉਸ ਜੀਵਨ ਦੀ ਪ੍ਰਾਪਤੀ ਲਈ, ਜੋ ਸਾਧਨ ਨੇ, ਉਨ੍ਹਾਂ ਦਾ ਅਹੰਕਾਰ। ਮੂਲ ਰੂਪ ਵਿਚ ਇਹ ਅਸਥੂਲ ਅਹੰਕਾਰ, ਧਨ-ਆਸ਼ਰਿਤ ਹੁੰਦਾ ਹੈ। ਜੋਬਨ, ਜਵਾਨੀ, ਸੁਹੱਪਣ ਦੇ ਆਧਾਰ 'ਤੇ ਖੜ੍ਹੇ ਹੁੰਦੇ ਹਨ ਔਰ ਸ਼ਕਤੀ, ਸੱਤਾ, ਤਾਕਤ ਇਸ ਅਹੰਕਾਰ ਦੇ ਆਧਾਰ 'ਤੇ ਖੜ੍ਹੇ ਹੁੰਦੇ ਹਨ:

**ਜੋਬਨੁ ਧਨੁ ਪ੍ਰਭਤਾ ਕੈ ਮਦ ਮੈ ਅਹਿਨਿਸਿ ਰਹੈ ਦਿਵਾਨਾ॥**
*(ਧਨਾਸਰੀ ਮ: ੯, ਪੰਨਾ 685)*

ਦਿਨ ਰਾਤ ਪਾਗਲ ਦੀ ਤਰ੍ਹਾਂ ਘੁੰਮ ਰਿਹਾ ਹੈ। ਜੋਬਨ ਦੀ ਮਸਤੀ ਵਿਚ, ਧਨ ਦੀ ਮਸਤੀ ਵਿਚ ਔਰ ਸੱਤਾ ਦੀ ਮਸਤੀ ਵਿਚ। ਧਨ ਜੇਬ ਦੇ ਵਿਚ ਹੋਵੇ ਯਾ ਮਨ ਦੀ ਸੋਚਣੀ ਦੇ ਵਿਚ, ਜੋਬਨਵੰਤ ਹੋਵੇ ਯਾ ਜੋਬਨ ਦੀ ਚਾਹ ਮਨ ਵਿਚ ਹੋਵੇ, ਸੱਤਾਧਾਰੀ ਹੋਵੇ ਯਾ ਸੱਤਾ ਦਾ ਚਿੰਤਨ ਅੰਦਰ ਚਲਦਾ ਹੋਵੇ, ਦੋਵਾਂ ਹਾਲਤਾਂ ਵਿਚ ਪਾਗਲ ਹੋ ਜਾਂਦਾ ਹੈ। ਸੱਤਾ ਪਾਗਲ ਕਰ ਦੇਂਦੀ ਹੈ। ਸੱਤਾ ਦਾ ਚਿੰਤਨ ਵੀ ਪਗਲਾ ਦਿੰਦਾ ਹੈ। ਜੋਬਨ ਪਾਗਲਪਨ ਦੀ ਸੀਮਾ ਤੱਕ ਲੈ ਜਾਂਦਾ ਹੈ, ਬਲਕਿ ਜੋਬਨ ਦਾ ਚਿੰਤਨ ਵੀ ਪਾਗਲਪਨ ਵਾਲੀ ਹਾਲਤ ਬਣਾਈ ਰੱਖਦਾ ਹੈ। ਇਸੇ ਤਰੀਕੇ ਨਾਲ ਧਨ ਹੈ, ਧਨ ਜੇਬ ਵਿਚ ਹੈ, ਧਨ ਘਰ ਦੇ ਵਿਚ ਹੈ ਯਾ ਧਨ ਸੋਚਾਂ ਵਿਚ ਹੈ ਯਾ ਵਿਚਾਰਾਂ ਦੇ ਵਿਚ ਹੈ, ਮਨੁੱਖ ਤਾਂ ਪਾਗਲ



Sri Satguru Jagjit Singh Ji eLibrary NamdhariElibrary@gmail.com

ਹੋਵੇਗਾ। ਇਸ ਦਾ ਬਹੁਤ ਵੱਡਾ ਪਾਗਲਪਨ ਧਨ-ਆਸ਼ਰਿਤ ਹੈ, ਜੋਬਨ-ਆਸ਼ਰਿਤ ਹੈ ਔਰ ਸੱਤਾ-ਆਸ਼ਰਿਤ ਹੈ। ਤਾਂ ਹੀ ਪਾਤਿਸ਼ਾਹ ਜੀ ਫ਼ੁਰਮਾਨ ਕਰ ਰਹੇ ਨੇ:

**ਜੋਬਨੁ ਧਨੁ ਪ੍ਰਭਤਾ ਕੈ ਮਦ ਮੈ ਅਹਿਨਿਸਿ ਰਹੈ ਦਿਵਾਨਾ॥**

ਦਿਨ ਰਾਤ ਪਾਗਲ ਹੋਇਆ ਫਿਰਦਾ ਹੈ, ਇਸੇ ਕਰਕੇ ਅਹੰਕਾਰੀ ਆਪਣੇ ਆਪ ਨੂੰ ਮਹਾਨ ਸਮਝਦਾ ਹੈ ਤੇ ਦੂਸਰੇ ਨੂੰ ਤੁੱਛ।

**ਆਪਸ ਕਉ ਦੀਰਘੁ ਕਰਿ ਜਾਨੈ ਅਉਰਨ ਕਉ ਲਗ ਮਾਤ॥**
**ਮਨਸਾ ਬਾਚਾ ਕਰਮਨਾ ਮੈ ਦੇਖੇ ਦੋਜਕ ਜਾਤ॥**

*(ਮਾਰੂ ਕਬੀਰ ਜੀਉ, ਪੰਨਾ 1105)*

ਹਰ ਇਕ ਨੂੰ ਛੋਟਾ ਸਮਝਦਾ ਹੈ, ਭਾਵੇਂ ਉਹ ਮਹਾਨ ਹੋਵੇ। ਚਾਹੇ ਸਵੈਮ ਤੁੱਛ ਹੋਵੇ, ਆਪਣੇ ਆਪ ਨੂੰ ਮਹਾਨ ਸਮਝਦਾ ਹੈ, ਉੱਚਾ ਸਮਝਦਾ ਹੈ, ਸਭ ਤੋਂ ਉੱਚਾ ਸਮਝਦਾ ਹੈ। ਇਰਾਨੀ ਸੂਫ਼ੀ ਸੰਤ ਹਾਫ਼ਿਜ਼ ਫ਼ੁਰਮਾਨ ਕਰਦੇ ਨੇ:

*ਦਰ ਮਹਿਫਿਲੇ ਕੇ ਖ਼ੁਰਸ਼ੀਦ ਅੰਦਰ ਸੁਮਾਰ ਜ਼ਰਰਾ ਅਸਤ।*

ਜਿਸਦੀ ਮਹਿਫ਼ਲ ਵਿਚ ਸੂਰਜ (ਖ਼ੁਰਸ਼ੀਦ) ਇਕ ਜ਼ੱਰਾ ਹੈ, ਇਕ ਨਿੱਕਾ ਜਿਹਾ ਰੇਤ ਦਾ ਜ਼ੱਰਾ ਹੈ:

*ਦਰ ਮਹਿਫ਼ਿਲੇ ਕਿ ਖ਼ੁਰਸ਼ੀਦ ਅੰਦਰ ਸ਼ੁਮਾਰਿ ਜ਼ੱਰਾ ਅਸਤ।*
*ਖ਼ੁਦ ਰਾ ਬਜ਼ੁਰਗ ਦੀਦਨ ਸ਼ੰਰਤਿ ਅਦਬ ਨ ਬਾਸ਼ਦ।*

ਉਸ ਮਹਿਫ਼ਲ 'ਚ ਤੂੰ ਆਖੇਂ ਕਿ ਮੈਂ ਵੱਡਾ ਹਾਂ, ਮੈਂ ਮਹਾਨ ਹਾਂ, ਜਿਥੇ ਸੂਰਜ ਵੀ ਇਕ ਨਿੱਕੇ ਜਿਹੇ ਜ਼ੱਰੇ ਵਰਗਾ ਹੈ, ਇਸ ਦੀ ਕੋਈ ਔਕਾਤ ਨਹੀਂ। ਪਰ ਮਨੁੱਖ ਦੀ ਭੁੱਲ, ਮਨੁੱਖ ਦਾ ਗਿਆਨ, ਔਰ ਜਿਤਨਾ ਪ੍ਰਬਲ ਅਗਿਆਨੀ ਹੋਵੇਗਾ, ਉਤਨਾ ਅਹੰਕਾਰੀ ਹੋਵੇਗਾ। ਇਕ ਉਰਦੂ ਦੇ ਮਹਾਨ ਸ਼ਾਇਰ ਇਸ ਨੂੰ ਇਕ ਹੋਰ ਢੰਗ ਨਾਲ ਵੀ ਬਿਆਨ ਕਰਦੇ ਨੇ:

*ਇਲਮ ਕੇ ਜਹੂਲ ਸੇ ਬਿਹਤਰ ਹੈ ਜਹੂਲ ਕਾ ਇਲਮ।*
*ਮੈਨੇ ਯਿਹ ਦਰਸ ਪਾਇਆ ਅਪਨੀ ਬਸੀਰਤ ਸੇ।*

ਗਿਆਨ ਦੀ ਮੂਰਖਤਾ ਨਾਲੋਂ ਬਿਹਤਰ ਹੈ ਮੂਰਖਤਾ ਦਾ ਗਿਆਨ। ਇਲਮ ਦੀ ਜਹਾਲਤ ਨਾਲੋਂ ਚੰਗਾ ਹੈ, ਜਹਾਲਤ ਦਾ ਇਲਮ। ਅਗਰ ਥੋੜ੍ਹਾ ਬਹੁਤ ਕੋਈ ਸਮਝ ਜਾਂਦੈ, ਆਲਮ ਹੋ ਜਾਂਦੈ, ਵਿਦਵਾਨ ਹੋ ਜਾਂਦੈ, ਤਾਂ ਉਹ ਕਈ ਗੁਣਾਂ ਵੱਧ ਅਹੰਕਾਰ ਨਾਲ ਭਰ ਜਾਂਦੈ। ਤੇ ਅਹੰਕਾਰ ਇਸ ਗੱਲ ਦਾ ਸਬੂਤ ਹੈ ਕਿ ਜੋ ਇਲਮ ਹੈ, ਉਹ ਅਮਲ ਦੇ ਵਿਚ ਨਹੀਂ ਔਰ ਇਹ ਅਹੰਕਾਰ ਮੂਰਖਤਾ 'ਤੇ ਖੜ੍ਹਾ ਹੈ। "ਇਲਮ ਕੇ ਜਹੂਲ ਸੇ ਬਿਹਤਰ ਹੈ ਜਹੂਲ ਕਾ ਇਲਮ।" ਗਿਆਨ



Sri Satguru Jagjit Singh Ji eLibrary NamdhariElibrary@gmail.com

ਦੀ ਮੂਰਖਤਾ ਦੇ ਨਾਲੋਂ ਬਿਹਤਰ ਹੈ, ਮੂਰਖਤਾ ਦਾ ਗਿਆਨ। ਅਹੰਕਾਰ, ਅਗਿਆਨ 'ਤੇ ਖੜ੍ਹਾ ਹੁੰਦਾ ਹੈ। ਗਿਆਨੀ ਵੀ ਅਗਿਆਨੀ ਸਮਝੋ, ਅਗਰ ਅਹੰਕਾਰੀ ਹੈ। ਭਗਤ ਸਿਰਮੌਰ ਸ੍ਰੀ ਰਵਿਦਾਸ ਜੀ ਮਹਾਰਾਜ ਬੜਾ ਸੁੰਦਰ ਫ਼ੁਰਮਾਨ ਕਰ ਰਹੇ ਨੇ:

**ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ॥**
**ਗਿਆਨੀ ਗੁਨੀ ਸੂਰ ਹਮ ਦਾਤੇ ਇਹ ਬੁਧਿ ਕਬਹਿ ਨ ਨਾਸੀ॥**
**ਕਹੁ ਰਵਿਦਾਸ ਸਭੈ ਨਹੀ ਸਮਝਸਿ ਭੂਲਿ ਪਰੇ ਜੈਸੇ ਬਉਰੇ॥**

*(ਰਾਮਕਲੀ ਸ੍ਰੀ ਰਵਿਦਾਸ ਜੀ, ਪੰਨਾ 974)*

ਇਹ ਤਾਂ ਸਾਰੇ ਭੁੱਲ ਕੇ ਪਾਗਲ ਹੋਏ ਪਏ ਨੇ। "ਹਮ ਬਡ ਕਬਿ"—ਮੈਂ ਬਹੁਤ ਵੱਡਾ ਕਵੀ, ਮੇਰੀ ਕਵਿਤਾ ਮਹਾਨ! ਬਸ ਏਹੀ ਜਹਾਲਤ ਲਈ ਫਿਰਦੀ ਹੈ। "ਕੁਲੀਨ ਹਮ ਪੰਡਿਤ"—ਮੇਰੀ ਕੁਲ ਬਹੁਤ ਉੱਚੀ, ਤੋ ਮੈਂ ਉੱਚਾਂ, ਮੈਂ ਪੰਡਿਤ ਹਾਂ, ਇਸ ਵਾਸਤੇ ਮੈਂ ਮਹਾਨ ਹਾਂ। "ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ॥"—ਮੈਂ ਬਹੁਤ ਵੱਡਾ ਜੋਗੀ ਹਾਂ, ਇਸ ਵਾਸਤੇ ਬਹੁਤ ਵੱਡਾ ਹਾਂ। ਮੈਂ ਬਹੁਤ ਵੱਡਾ ਸੰਨਿਆਸੀ, ਬਹੁਤ ਵੱਡਾ ਜੋਗੀ, ਇਸ ਵਾਸਤੇ ਮੈਂ ਬਹੁਤ ਵੱਡਾ ਹਾਂ। ਮੈਂ ਬਹੁਤ ਵੱਡਾ ਸੰਨਿਆਸੀ ਹਾਂ, ਇਸ ਵਾਸਤੇ ਮੈਂ ਬਹੁਤ ਵੱਡਾ ਗਿਆਨੀ ਹਾਂ। "...ਗੁਨੀ ਸੂਰ ਹਮ ਦਾਤੇ ਇਹ ਬੁਧਿ ਕਬਹਿ ਨ ਨਾਸੀ॥"—ਮੈਂ ਬਹੁਤ ਵੱਡਾ ਸੂਰਬੀਰ, ਮੈਂ ਬਹੁਤ ਵੱਡਾ ਦਾਨੀ! ਕਹਿੰਦੇ ਨੇ ਕਿ ਅਹੰਕਾਰ ਅਕਸਰ ਗੁਣਾਂ 'ਤੇ ਖੜ੍ਹਾ ਹੁੰਦਾ ਹੈ ਔਰ ਗੁਣਵਾਨ ਹੀ ਜ਼ਿਆਦਾ ਅਹੰਕਾਰੀ ਹੁੰਦਾ ਹੈ, ਕਿਉਂਕਿ ਅਉਗੁਣਾਂ ਦੇ ਆਸਰੇ ਅਹੰਕਾਰ ਨੂੰ ਮੂਲ ਰੂਪ ਧਾਰਨ ਦਾ ਅਸਥੂਲ ਬਲ ਮਿਲਦਾ ਹੈ। ਇਹ ਗੱਲ ਵੱਖਰੀ ਹੈ ਕਿ ਮੂਰਖ ਗੁਣ ਨਾ ਹੁੰਦਿਆਂ ਹੋਇਆਂ ਵੀ ਜਲਦਾ ਹੈ, ਪਰ ਉਸਦਾ ਅਹੰਕਾਰ ਇਤਨਾ ਬੋਝਲ ਨਹੀਂ ਹੁੰਦਾ, ਉਸਨੂੰ ਇਤਨਾ ਬੋਝਲ ਨਹੀਂ ਕਰਦਾ, ਭਾਵੇਂ ਕਿ ਉਹ ਅਹੰਕਾਰ ਮੂਰਖਤਾ 'ਤੇ ਖੜ੍ਹਾ ਹੈ, ਅਉਗੁਣਾਂ 'ਤੇ ਖੜ੍ਹਾ ਹੈ:

**ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤ॥**

*(ਸਲੋਕ ਮਹਲਾ ੧, ਪੰਨਾ 1411)*

"ਇਕਨਾ ਨਾਦੁ ਨ ਬੇਦੁ"—ਇਕਨਾ ਨੂੰ ਨਾ ਕਿਸੇ ਪ੍ਰਕਾਰ ਦੀ ਵਿਦਿਆ ਦਾ ਗਿਆਨ, ਨਾ ਸੰਗੀਤ ਦਾ ਗਿਆਨ। "...ਗੀਅ ਰਸੁ ਰਸੁ ਕਸੁ ਨ ਜਾਣੰਤਿ॥ ਇਕਨਾ ਸਿਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ॥" ਅੱਖਰ ਦਾ ਕੋਈ ਬੋਧ ਨਹੀਂ। ਅਕਲ ਦੇ ਤਲ 'ਤੇ ਨਹੀਂ ਜੀਅ ਰਿਹਾ। ਸੰਗੀਤ ਦਾ ਕੋਈ ਬੋਧ ਨਹੀਂ, ਕਿਸੇ ਸੰਗੀਤ ਦਾ ਕੋਈ ਗਿਆਨ ਨਹੀਂ, ਲੇਕਿਨ ਫਿਰ ਵੀ ਅਹੰਕਾਰ। "ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤ॥"



Sri Satguru Jagjit Singh Ji eLibrary NamdhariElibrary@gmail.com

ਇਹ ਅਸਲੀ ਖੋਤੇ ਨੇ, ਅਹੰਕਾਰ ਦੀ ਪੰਡ ਚੁੱਕੀ ਫਿਰਦੇ ਨੇ। ਪਰ ਬੜਾ ਪ੍ਰਬਲ ਅਸਥੂਲ ਅਹੰਕਾਰ। ਪ੍ਰਗਟ ਅਹੰਕਾਰ ਤਾਂ ਗੁਣਾਂ 'ਤੇ ਖੜ੍ਹਾ ਹੁੰਦਾ ਹੈ ਔਰ ਅਹੰਕਾਰੀ ਦੀਆਂ ਅੱਖਾਂ, ਅਹੰਕਾਰੀ ਦਾ ਮਸਤਕ, ਅਹੰਕਾਰੀ ਦੀ ਚਾਲ ਸਪੱਸ਼ਟ ਰੂਪ ਵਿਚ ਅਹੰਕਾਰ ਦੀ ਪ੍ਰਦਰਸ਼ਨੀ ਕਰਦੀ ਹੈ। ਸ਼੍ਰੋਮਣੀ ਭਗਤ ਕਬੀਰ ਜੀ ਕਹਿੰਦੇ ਨੇ:

**ਚਲਤ ਕਤ ਟੇਢੇ ਟੇਢੇ ਟੇਢੇ॥**
**ਅਸਤਿ ਚਰਮ ਬਿਸਟਾ ਕੇ ਮੂੰਦੇ ਦੁਰਗੰਧ ਹੀ ਕੇ ਬੇਢੇ॥**

*(ਕੇਦਾਰਾ ਕਬੀਰ ਜੀ, ਪੰਨਾ 1124)*

ਅਹੰਕਾਰੀ ਕਦੀ ਸਿੱਧਾ ਚੱਲ ਹੀ ਨਹੀਂ ਸਕਦਾ। ਅਗਰ ਸਿੱਧਾ ਚਲੇ ਤਾਂ ਉਸਦੀ ਚਾਲ ਦਾ ਪਤਾ ਨਹੀਂ ਚਲਦਾ। ਟੇਢਾ ਚਲਦਾ ਹੈ ਤਾਂ ਕਿ ਲੋਕਾਂ ਦੀਆਂ ਨਿਗਾਹਾਂ ਮੇਰੇ 'ਤੇ ਹੋਵਣ। ਨਿਰਮਾਣ ਮਨੁੱਖ ਚਾਹੁੰਦਾ ਹੈ ਕਿ ਪਰਮਾਤਮਾ ਦੀ ਨਿਗਾਹ ਥੱਲੇ ਆ ਜਾਵਾਂ, ਅਹੰਕਾਰੀ ਚਾਹੁੰਦਾ ਹੈ ਕਿ ਸਾਰਿਆਂ ਦੀਆਂ ਨਿਗਾਹਾਂ ਮੇਰੇ 'ਤੇ ਆਉਣ, ਸਭ ਮੈਨੂੰ ਹੀ ਦੇਖਣ:

**ਚਲਤ ਕਤ ਟੇਢੇ ਟੇਢੇ ਟੇਢੇ॥**
**ਅਸਤਿ ਚਰਮ ਬਿਸਟਾ ਕੇ ਮੂੰਦੇ ਦੁਰਗੰਧ ਹੀ ਕੇ ਬੇਢੇ॥**

ਤੂੰ ਹੈਂ ਕੀ ? ਹੱਡੀਆਂ; ਹੱਡੀਆਂ 'ਤੇ ਚੜ੍ਹਿਆ ਹੋਇਆ ਮਾਸ। ਮਾਸ 'ਤੇ ਚੜ੍ਹੀ ਹੋਈ ਚਰਬੀ ਔਰ ਚਰਬੀ ਦੇ ਉੱਤੇ ਲਿਪਟੀ ਹੋਈ ਇਹ ਚਮੜੀ। ਹੋਰ ਕੀ ਹੈਂ ਤੂੰ ? ਹੱਡੀਆਂ ਦਾ ਮਾਣ, ਜੋਬਨ, ਜਵਾਨੀ ਦਾ ਮਾਣ, ਮਾਸ ਦਾ ਮਾਣ, ਮਿੱਝ ਦਾ ਮਾਣ ਔਰ ਖਲੜੀ ਦਾ ਮਾਣ, ਇਸ ਤੋਂ ਇਲਾਵਾ ਹੋਰ ਹੈ ਕੀ ? ਇਹ ਕਾਇਆ ਤਾਂ ਇਤਨੀ ਨਾਪਾਕ ਹੈ, ਕੋਈ ਵੀ ਪਵਿੱਤਰ ਚੀਜ਼ ਇਸ ਨਾਲ ਛੂਹ ਜਾਏ, ਮੈਲੀ ਹੋ ਜਾਂਦੀ ਹੈ। ਔਰ ਇਸ ਕਾਇਆ ਦਾ ਅਹੰਕਾਰ, ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਫ਼ੁਰਮਾਨ ਕਰਦੇ ਨੇ:

**ਕਰਪੂਰ ਪੁਹਪ ਸੁਗੰਧਾ ਪਰਸ ਮਾਨੁਖੵ ਦੇਹੰ ਮਲੀਣੰ॥**
**ਮਜਾ ਰੁਧਿਰ ਦ੍ਰੁਗੰਧਾ ਨਾਨਕ ਅਥਿ ਗਰਬੇਣ ਅਗੵਾਨਣੋ॥**

*(ਮਹਲਾ ੫ ਗਾਥਾ, ਪੰਨਾ 1360)*

ਕਪੂਰ ਤੇ ਚੰਦਨ, ਫੁੱਲਾਂ ਜੈਸੀਆਂ ਪਵਿੱਤਰ ਵਸਤੂਆਂ, ਮਨੁੱਖੀ ਤਨ ਨਾਲ ਛੂੰਹਦਿਆਂ, ਸਪਰਸ਼ ਕਰਦਿਆਂ ਮੈਲੀਆਂ ਹੋ ਜਾਂਦੀਆਂ ਨੇ। "ਮਜਾ ਰੁਧਿਰ ਦ੍ਰੁਗੰਧਾ ਨਾਨਕ ਅਥਿ ਗਰਬੇਣ ਅਗੵਾਨਣੋ॥" ਹੈ ਕੀ ? ਦੁਰਗੰਧ, ਖ਼ੂਨ, ਮਿੱਝ, ਮਾਸ, ਖਲੜੀ, ਅਗਿਆਨੀ ਐਵੇਂ ਤਨ ਦਾ ਅਹੰਕਾਰ ਕਰਦੈ। ਜੋਬਨ ਦਾ ਐਵੇਂ ਅਹੰਕਾਰ ਕਰਦੈ ਤੇ ਫਿਰ ਧਨ ਦਾ ਅਹੰਕਾਰ:



Sri Satguru Jagjit Singh Ji eLibrary NamdhariElibrary@gmail.com

**ਧਨਵੰਤਾ ਹੋਇ ਕਿਆ ਕੋ ਗਰਬੈ॥**
**ਜਾ ਸਭੁ ਕਿਛੁ ਤਿਸ ਕਾ ਦੀਆ ਦਰਬੈ॥**

*(ਗਉੜੀ ਸੁਖਮਨੀ ਮ: ੫, ਪੰਨਾ 282)*

ਪੁਰਖਾ ! ਈਸ਼ਵਰ ਵਸੀਲਾ ਨਾ ਬਣੇ ਤਾਂ ਧਨ ਕਿਥੇ ? ਉਸਦੇ ਵਸਾਇਲ ਨਾਲ ਹੀ ਸਭ ਕੁਛ ਪ੍ਰਾਪਤ ਹੁੰਦਾ ਹੈ ਔਰ ਸਭ ਤੋਂ ਵੱਡਾ ਵਸੀਲਾ ਇਹ ਤਨ ਔਰ ਇਹ ਤਨ ਉਸਦੀ ਦੇਣ ਹੈ। ਇਹ ਦਿਮਾਗ਼ ਉਸਦੀ ਦੇਣ ਹੈ। ਇਸ ਤਨ ਤੇ ਮਨ ਦੇ ਆਸਰੇ ਤੋਂ ਤੂੰ ਧਨ ਇਕੱਠਾ ਕਰ ਲਿਆ, ਵਸੀਲਾ ਤਾਂ ਪ੍ਰਭੂ ਹੈ, ਵਸੀਲਾ ਤਾਂ ਪਰਮਾਤਮਾ ਹੈ ਪਰ ਧਨ ਦਾ ਅਹੰਕਾਰ, ਸੱਤਾ, ਪ੍ਰਭੁਤਾ, ਇਸਦਾ ਅਹੰਕਾਰ ਹੈ। ਅਗਾਂਹ ਚਲੀਏ—ਅਹੰਕਾਰ ਨੂੰ ਬੈਠਣ ਵਾਸਤੇ ਕਈ ਗੁਣਾਂ ਦਾ ਸਿੰਘਾਸਨ ਚਾਹੀਦਾ ਹੈ—ਦਾਨ ਦਾ ਅਹੰਕਾਰ, ਗਿਆਨ ਦਾ ਅਹੰਕਾਰ, ਸੇਵਾ ਦਾ ਅਹੰਕਾਰ। ਬੜੇ ਨਵੇਂ ਤੋਂ ਨਵੇਂ ਸਿੰਘਾਸਨ, ਅਹੰਕਾਰ ਆਪਣੇ ਬੈਠਣ ਲਈ ਬਣਾਉਂਦਾ ਹੈ, ਬਣਾਈ ਜਾਂਦਾ ਹੈ ਔਰ ਗੁਣਾਂ ਦੇ ਆਸਰੇ 'ਤੇ ਬੈਠ ਕੇ ਇਹ ਬੜਾ ਪ੍ਰਸੰਨ ਹੁੰਦਾ ਹੈ, ਕਿਉਂਕਿ ਜਗਤ ਤੋਂ ਜੱਸ ਬੜਾ ਮਿਲਦਾ ਹੈ, ਜਗਤ ਤੋਂ ਮਾਣ ਮਿਲਦਾ ਹੈ ਅਤੇ ਉਹ ਮਾਣ ਇਸ ਦੇ ਜੱਸ ਨੂੰ ਹੋਰ ਵਧਾਂਦਾ ਹੈ। ਦੇਖਣ ਵਿਚ ਆਇਆ ਹੈ ਕਿ ਧਨ ਹੈ ਤਾਂ ਧਨ ਦਾ ਅਹੰਕਾਰ ਹੈ। ਫਿਰ ਧਨ ਦਾ ਤਿਆਗ ਹੈ ਤੇ ਤਿਆਗ 'ਤੇ ਆ ਕੇ ਅਹੰਕਾਰ ਖੜ੍ਹਾ ਹੋ ਗਿਆ ਹੈ। ਹੁਣ ਤਿਆਗ ਦਾ ਅਹੰਕਾਰ ਸੱਤਾ ਕੋਲ ਹੈ, ਹੁਣ ਸੱਤਾ ਦਾ ਅਹੰਕਾਰ ਹੈ। ਸੱਤਾ ਦਾ ਤਿਆਗ ਕਰ ਦਿੱਤਾ, ਹੁਣ ਤਿਆਗ ਦਾ ਅਹੰਕਾਰ। ਐਸਾ ਅਕਸਰ ਦੇਖਣ ਨੂੰ ਮਿਲਦਾ ਹੈ ਕਿ ਜੋ ਕੋਲ ਹੈ ਉਸਦਾ ਅਹੰਕਾਰ ਹੈ; ਫਿਰ ਜੋ ਕੋਲ ਹੈ, ਉਸਦਾ ਤਿਆਗ ਕੀਤਾ, ਉਸਦਾ ਅਹੰਕਾਰ ਹੋ ਗਿਆ। ਅਹੰਕਾਰ ਨਵੇਂ ਤੋਂ ਨਵੇਂ ਰਸਤੇ ਲੱਭਦਾ ਹੈ। ਅਹੰਕਾਰ ਤੋਂ ਬਚਣਾ ਔਖੈ। ਜਿਹੜਾ ਸਿੰਘਾਸਨ ਅਸਾਂ ਬਣਾਇਆ ਸੀ ਕਿ ਭਗਵਾਨ ਆ ਕੇ ਬੈਠੇ, ਨਿਰੰਕਾਰ ਆ ਕੇ ਬੈਠੇ, ਪਰ ਅਹੰਕਾਰ ਆ ਕੇ ਬੈਠ ਜਾਂਦਾ ਹੈ। ਸੇਵਾ ਕਰ ਰਹੇ ਸੀ ਤਾਂ ਕਿ ਸੇਵਾ ਦੇ ਸਿੰਘਾਸਨ 'ਤੇ ਪ੍ਰਭੂ ਆ ਕੇ ਬੈਠੇ, ਪਰ ਅਹੰਕਾਰ ਆ ਕੇ ਬੈਠ ਗਿਐ। ਸਿਮਰਨ ਮਾਲਾ ਦੇ ਰਾਹੀਂ, ਰਸਨਾ ਦੇ ਨਾਲ, ਜਪ ਦੇ ਰਾਹੀਂ ਆਰੰਭ ਕੀਤਾ ਤਾਂ ਕਿ ਇਹ ਜਪ, ਇਹ ਮਾਲਾ ਦਾ ਫਿਰਨਾ, ਪ੍ਰਭੂ ਪ੍ਰਾਪਤੀ ਦਾ ਸਾਧਨ ਬਣ ਜਾਏ, ਪਰ ਇਸ 'ਤੇ ਵੀ ਅਹੰਕਾਰ ਖੜ੍ਹਾ ਹੋ ਗਿਐ। ਅਹੰਕਾਰੀ ਨੂੰ ਦੂਸਰੇ ਤੁੱਛ ਪ੍ਰਤੀਤ ਹੁੰਦੇ ਨੇ। ਅਹੰਕਾਰੀ ਆਪਣੇ ਆਪ ਨੂੰ ਮਹਾਨ ਸਮਝਦਾ ਹੈ ਔਰ ਕਈ ਦਫ਼ਾ ਅਹੰਕਾਰ ਇਤਨੀ ਚਰਮ ਸੀਮਾ 'ਤੇ ਪਹੁੰਚਦਾ ਹੈ ਕਿ ਉਸਦੀ ਦ੍ਰਿਸ਼ਟੀ ਵਿਚ ਨਿਰੰਕਾਰ ਵੀ ਕੁਛ ਨਹੀਂ ਭਾਸਦਾ। ਉਹ ਸਵੈਮ ਆਪ ਹੀ ਨਿਰੰਕਾਰ ਬਣਨ ਦਾ ਦਾਅਵਾ ਕਰ ਬੈਠਦਾ ਹੈ ਕਿ ਮੈਂ ਹੀ ਨਿਰੰਕਾਰ ਹਾਂ। ਦਾਅਵਾ ਕੀਤਾ ਸੀ ਹਰਨਾਕਸ਼ ਨੇ ਕਿ ਮੈਂ ਪਰਮਾਤਮਾ ਹਾਂ,



Sri Satguru Jagjit Singh Ji eLibrary NamdhariElibrary@gmail.com

ਕੌਣ ਹੁੰਦਾ ਹੈ ਪਰਮਾਤਮਾ। ਦਾਅਵਾ ਕੀਤਾ ਸੀ ਨਮਰੂਦ ਨੇ ਕਿ ਮੈਂ ਹਾਂ ਖ਼ੁਦਾ, ਕੌਣ ਹੁੰਦਾ ਹੈ ਖ਼ੁਦਾ।

ਅਹੰਕਾਰੀ ਆਪਣੇ ਤੋਂ ਵੱਡਾ ਕਿਸੇ ਨੂੰ ਵੀ ਮੰਨਣ ਨੂੰ ਤਿਆਰ ਨਹੀਂ, ਇਸ ਵਾਸਤੇ ਅਹੰਕਾਰੀ ਦਾ ਸਿਰ ਕਿਸੇ ਅੱਗੇ ਝੁਕਦਾ ਹੀ ਨਹੀਂ, ਆਕੜਿਆ ਰਹਿੰਦਾ ਹੈ। ਔਰ ਉਸਦੇ ਸਾਹਮਣੇ ਮਾਤਾ ਛੋਟੀ ਹੈ, ਪਿਤਾ ਛੋਟਾ ਹੈ, ਗੁਰੂ ਛੋਟਾ ਹੈ, ਪ੍ਰਭੂ ਛੋਟਾ ਹੈ, ਕੋਈ ਵੀ ਵੱਡਾ ਨਹੀਂ। ਸਿਰਫ਼ ਉਹ ਖ਼ੁਦ ਵੱਡਾ ਬਣਦਾ ਹੈ ਔਰ ਵੱਡਾ ਹੋਣ ਦੀ ਕੋਸ਼ਿਸ਼ ਕਰਦਾ ਹੈ। ਸਾਰੀ ਭੱਜ ਦੌੜ ਅਹੰਕਾਰ ਲਈ ਹੈ, ਨਿਰੰਕਾਰ ਲਈ ਨਹੀਂ; ਕਿਸੇ ਤਰ੍ਹਾਂ ਮੈਂ ਸਾਰੀ ਦੁਨੀਆ ਦਾ ਮਰਕਜ਼ ਬਣ ਜਾਵਾਂ, ਕੇਂਦਰ ਬਣ ਜਾਵਾਂ, ਹਰ ਇਕ ਦੀ ਨਿਗਾਹ ਮੇਰੇ 'ਤੇ ਟਿਕੇ ਔਰ ਹਰ ਇਕ ਦਾ ਮਾਣ ਮੈਂ ਹੋ ਜਾਵਾਂ। ਮੇਰੇ 'ਤੇ ਮਾਣ ਕਰਨ ਔਰ ਮੇਰਾ ਅਹੰਕਾਰ ਸਿਖਰ 'ਤੇ ਪਹੁੰਚੇ। ਸਾਰੀ ਭੱਜ ਦੌੜ ਅਹੰਕਾਰ ਦੀ ਹੀ ਹੈ। ਇੰਜ ਕਹਿ ਲਈਏ ਕਿ ਯਾਤਰਾਵਾਂ ਤਾਂ ਦੋ ਤਰ੍ਹਾਂ ਦੀਆਂ ਹੀ ਹਨ: ਅਹੰਕਾਰ ਦੀ ਯਾਤਰਾ ਅਤੇ ਨਿਰੰਕਾਰ ਦੀ ਯਾਤਰਾ। ਨਿਰੰਕਾਰ ਦੀ ਯਾਤਰਾ ਆਰੰਭ ਹੁੰਦੀ ਹੈ—ਤੂੰ ਹੈਂ, ਤੂੰ ਹੈਂ, ਤੂੰ ਹੈਂ। ਅਹੰਕਾਰ ਦੀ ਯਾਤਰਾ ਆਰੰਭ ਹੁੰਦੀ ਹੈ—ਮੈਂ ਹਾਂ, ਮੈਂ ਹਾਂ, ਮੈਂ ਹਾਂ, ਮੈਂ ਹਾਂ; ਔਰ ਇਹ ਜਨਮ-ਮਰਨ ਦਾ ਕਾਰਨ ਬਣ ਜਾਂਦੀ ਹੈ। ਤੂੰ ਹੈਂ, ਤੂੰ ਹੈਂ, ਤੂੰ ਹੈਂ—ਇਹ ਜਨਮ-ਮਰਨ ਨੂੰ ਮਿਟਾ ਕੇ ਪ੍ਰਭੂ ਦਾ ਹੀ ਰੂਪ ਬਣਾ ਦਿੰਦੀ ਹੈ। ਬੂੰਦ ਸਾਗਰ ਵਿਚ ਲੀਨ ਹੋ ਜਾਂਦੀ ਹੈ। ਪ੍ਰਭੂ ਦਾ ਹੀ ਰੂਪ ਹੋ ਜਾਂਦੀ ਹੈ। ਭਗਤ ਕਬੀਰ ਜੀ ਕਹਿੰਦੇ ਨੇ:

**ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ॥**
**ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ॥**

*(ਸਲੋਕ ਕਬੀਰ ਜੀ, ਪੰਨਾ 1375)*

ਤੂੰ ਹੈਂ, ਤੂੰ ਹੈਂ, ਤੂੰ ਹੈਂ—ਇਸ ਬਿਰਤੀ ਨੇ, ਇਸ ਜਪ ਨੇ ਤੇਰਾ ਹੀ ਰੂਪ ਬਣਾ ਦਿੱਤਾ:

**ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ॥**
**ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥**

*(ਰਾਮਕਲੀ ਕਬੀਰ ਜੀ, ਪੰਨਾ 969)*

ਤੂੰ ਹੈਂ, ਤੂੰ ਹੈਂ, ਤੂੰ ਹੈਂ, ਇਸ ਨੇ ਭਗਵਾਨ ਦਾ ਰੂਪ ਬਣਾ ਦਿੱਤਾ। ਮੈਂ ਹਾਂ, ਮੈਂ ਹਾਂ, ਮੈਂ ਹਾਂ; ਇਹ ਮੈਂ, ਮੈਂ, ਸ਼ੈਤਾਨ ਦਾ ਰੂਪ ਬਣਾ ਦਿੰਦੀ ਹੈ। ਸ਼ੈਤਾਨ ਹੀ ਹੈ ਉਹ ਜਿਹੜਾ ਸ਼ੈਤਾਨ-ਆਸ਼ਰਿਤ ਖੜ੍ਹਾ ਹੈ। ਭਗਵਾਨ ਦਾ ਰੂਪ ਹੈ, ਜਿਸਦੇ ਰੋਮ ਰੋਮ ਦੇ ਵਿਚ, ਜਿਸ ਦੀਆਂ ਸਾਰੀਆਂ ਕਿਰਿਆਵਾਂ ਵਿਚ ਭਗਵਤ ਦੀ



Sri Satguru Jagjit Singh Ji eLibrary NamdhariElibrary@gmail.com

ਪ੍ਰਦਰਸ਼ਨੀ ਹੋ ਰਹੀ ਹੈ, ਪਰਮਾਤਮਾ ਹੀ ਪ੍ਰਗਟ ਹੋ ਰਿਹਾ ਹੈ। ਭਗਤ ਕਬੀਰ ਜੀ ਸਹੀ ਫ਼ੁਰਮਾ ਰਹੇ ਨੇ:

**ਜਬ ਹਮ ਹੋਤੇ ਤਬ ਤੁਮ ਨਾਹੀ ਅਬ ਤੁਮ ਹਹੁ ਹਮ ਨਾਹੀ॥**

*(ਗਉੜੀ ਕਬੀਰ ਜੀ, ਪੰਨਾ 339)*

ਜਦ ਮੈਂ ਸੀ, ਤੂੰ ਨਹੀਂ ਸੀ; ਹੁਣ ਤੂੰ ਹੈਂ, ਮੈਂ ਨਹੀਂ ਹਾਂ। ਇਹ ਤੂੰ ਤੇ ਮੈਂ ਇੱਕੋ ਸਿੰਘਾਸਨ 'ਤੇ ਨਹੀਂ ਬੈਠ ਸਕਦੇ। ਮਹਾਰਾਜ ਦੀ ਬਾਣੀ ਦਾ ਫ਼ੁਰਮਾਨ ਹੈ:

**ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥**

*(ਵਡਹੰਸੁ ਮ: ੩, ਪੰਨਾ 560)*

ਮੈਂ ਤੇ ਤੂੰ ਦੋਵੇਂ ਇਕੱਠੇ ਨਹੀਂ ਰਹਿ ਸਕਦੇ। ਤੂੰ ਹੈਂ ਯਾ ਮੈਂ ਹਾਂ। ਅਹੰਕਾਰੀ ਦੀ ਸਾਰੀ ਸਾਧਨਾ ਹੈ—ਮੈਂ ਹਾਂ, ਮੈਂ ਹਾਂ। ਉਸਦੀ ਸਾਰੀ ਭੱਜ ਦੌੜ, ਉਸ ਦੀ ਸਾਰੀ ਕਿਰਿਆ, ਉਸਦੀ ਸਾਰੀ ਤਪੱਸਿਆ, ਉਸਦੀ ਸਾਰੀ ਮਿਹਨਤ ਇਹ ਕਿਸ ਕਾਰਨ ਹੋ ਰਹੀ ਹੈ—ਮੈਂ, ਮੈਂ, ਮੈਂ—ਪਰ ਸਨਿਮਰ ਮਨੁੱਖ ਦੀ ਸਮਝ ਵਿਚ ਤੂੰ ਹੈਂ, ਤੂੰ ਹੀ ਹੈਂ, ਤੂੰ ਹੀ ਹੈਂ, ਤੂੰ ਹੀ ਹੈਂ। ਉਥੇ ਮੈਂ ਦੀ ਚਿੰਗਾਰੀ ਕੋਈ ਨਹੀਂ ਰਹਿੰਦੀ। ਜਿਸ ਵਿਚ ਗੁਣ ਭਸਮ ਹੋ ਜਾਂਦੇ ਨੇ। ਬਸ ਤੂੰ ਹੀ, ਤੂੰ ਹੀ, ਤੂੰ ਹੀ। ਇਕ ਆਲਮ ਦਾ ਕਹਿਣਾ ਹੈ:

*ਅਜ਼ ਰਾਹ ਚੂੰ ਆਰ, ਅਜ਼ ਰਾਹ ਚੂੰ ਆਰ ਕਿ ਸਲਾਮਤ ਨ ਕੁਨਦ।*

ਇਸ ਢੰਗ ਨਾਲ ਰਸਤੇ 'ਤੇ ਚੱਲ ਕਿ ਕਿਸੇ ਦਾ ਸਿਰ ਮਜਬੂਰਨ ਨਾ ਝੁਕੇ। ਬਹੁਤਾ ਆਕੜ ਕੇ ਨਾ ਚੱਲ:

*ਬਾ ਖ਼ਲਕਤ ਚੁਨੀ ਮਾਂਦ ਕਿ ਕਿਆਮਤ ਨ ਕੁਨਦ।*

ਖ਼ਲਕਤ ਵਿਚ ਇਸ ਢੰਗ ਨਾਲ ਰਹਿ ਕਿ ਤੇਰੇ ਰਹਿਣ ਨਾਲ ਕਿਆਮਤ ਨਾ ਹੋਵੇ:

*ਦਰ ਮਸਜਦੀ ਰਵੀ ਕਿ ਚੁਨਾ ਜੋ ਕਿ ਤੁਰਾ,*<br>*ਦਰ ਪੇਸ਼ ਨਾ ਖੁਆਨਦ ਕਿ ਆਮਦ ਨਾ ਕੁਨਦ।*

ਜੇ ਕਿਧਰੇ ਇਬਾਦਤ ਕਰਨ ਨੂੰ ਤੇਰਾ ਜੀ ਨਾ ਕਰੇ ਤਾਂ ਨਿਮਾਜ਼ੀਆਂ ਦੇ ਪਿੱਛੇ ਹੋ ਕੇ ਨਿਮਾਜ਼ ਪੜ੍ਹੀਂ; ਕਿਧਰੇ ਅੱਗੇ ਹੋ ਕੇ ਨਹੀਂ, ਐਸਾ ਨਾ ਹੋਵੇ ਕਿ ਤੇਰੇ ਅੰਦਰ ਇਮਾਮ ਬਣਨ ਦਾ ਚਾਉ ਪੈਦਾ ਹੋ ਜਾਏ ਔਰ ਨਮਾਜ਼ ਪੜ੍ਹਦਿਆਂ, ਮਸਜਿਦ ਵਿਚ ਵੀ ਤੂੰ ਕਹਿ ਉਠੇਂ ਕਿ ਮੈਂ ਹੀ ਸਭ ਤੋਂ ਵੱਡਾ ਹਾਂ।

ਅਕਸਰ ਧਾਰਮਿਕ ਮੰਦਿਰਾਂ ਵਿਚ ਵੀ ਲੋਕੀ ਪ੍ਰਧਾਨਗੀ ਮੰਗਦੇ ਨੇ ਯਾ



Sri Satguru Jagjit Singh Ji eLibrary NamdhariElibrary@gmail.com

ਫਿਰ ਜਿਸ ਦਾ ਸਾਰਾ ਅਹੰਕਾਰ ਮਿਟ ਗਿਆ ਹੈ ਉਹ ਪ੍ਰਧਾਨ ਹੋ ਸਕਦਾ ਹੈ:

**ਸਗਲ ਪੁਰਖ ਮਹਿ ਪੁਰਖੁ ਪ੍ਰਧਾਨੁ ॥**
**ਸਾਧਸੰਗਿ ਜਾ ਕਾ ਮਿਟੈ ਅਭਿਮਾਨੁ ॥**

*(ਗਉੜੀ ਸੁਖਮਨੀ ਮ: ੫, ਪੰਨਾ 266)*

ਜੋ ਸੰਗਤ ਦੇ ਚਰਨਾਂ ਦੀ ਧੂੜ ਹੋ ਗਿਆ, ਮਸਤਕ ਦਾ ਤਿਲਕ ਫਿਰ ਉਹ ਹੀ ਬਨਦਾ ਹੈ। ਪਰ ਜੋ ਪਹਿਲੇ ਹੀ ਮਸਤਕ ਦੇ ਉੱਤੇ ਅਸਵਾਰ ਹੋ ਕੇ ਬੈਠਾ ਹੈ, ਸ਼ਾਇਦ ਉਸਨੂੰ ਮਖ਼ਲੂਕ ਦੇ ਕਦਮਾਂ ਵਿਚ ਵੀ ਥਾਂ ਨਾ ਮਿਲੇ। ਪਰ ਅਹੰਕਾਰੀ ਤਾਂ ਸਿਰ 'ਤੇ ਬੈਠਣ ਦੀ ਕੋਸ਼ਿਸ਼ ਕਰਦਾ ਹੈ, ਅਹੰਕਾਰੀ ਦੇ ਆਸਨ ਸਿੰਘਾਸਨ ਲੋਕਾਂ ਦੇ ਸਿਰ ਦੇ ਉੱਤੇ ਹੀ ਹੁੰਦੇ ਨੇ। ਸਾਰੀ ਰਾਜਨੀਤੀ, ਸਾਰੀ ਸੱਤਾ ਅਹੰਕਾਰ-ਆਸ਼ਰਿਤ ਹੈ ਔਰ ਅਹੰਕਾਰੀ ਸਿਰਾਂ 'ਤੇ ਹੀ ਬੈਠਦਾ ਹੈ। ਕਈ ਵਾਰੀ ਸਿਰ ਹਿੱਲ ਜਾਂਦੇ ਨੇ, ਫਿਰ ਥੱਲੇ ਗਿਰ ਜਾਂਦਾ ਹੈ। ਇਸ ਵਾਸਤੇ ਕਹਿੰਦੇ ਨੇ—'ਗ਼ਰੂਰ ਕਾ ਸਿਰ ਨੀਚਾ।' ਆਖ਼ਰ ਜੋ ਲੋਕਾਂ ਦੇ ਸਿਰ ਝੁਕਾਣਾ ਚਾਹੁੰਦਾ ਹੈ, ਇਕ ਦਿਨ ਇਸਦਾ ਆਪਣਾ ਸਿਰ ਨੀਵਾਂ ਹੋ ਕੇ ਰਹਿ ਜਾਂਦਾ ਹੈ। ਅਹੰਕਾਰੀ ਸ਼ਰਮਸਾਰ ਹੋ ਕੇ ਰਹਿ ਜਾਂਦਾ ਹੈ। ਇਸ ਵਾਸਤੇ ਅਹੰਕਾਰ, ਮਨੁੱਖ ਅਤੇ ਪਰਮਾਤਮਾ ਦੇ ਦਰਮਿਆਨ ਇਕ ਬਹੁਤ ਵੱਡੀ ਦੀਵਾਰ ਹੈ, ਬਹੁਤ ਵੱਡੀ। ਸਾਰੀ ਧਾਰਮਿਕ ਸਾਧਨਾ ਇਸੇ ਦੀਵਾਰ ਨੂੰ ਤੋੜਨ ਦੀ ਹੈ, ਪਰ ਅਹੰਕਾਰ ਬੜਾ ਹੀ ਚਾਲਾਕ ਹੈ, ਇਹ ਧਾਰਮਿਕ ਸਾਧਨਾ ਨੂੰ ਵੀ ਆਪਣਾ ਸਿੰਘਾਸਨ ਬਣਾ ਦਿੰਦਾ ਹੈ। ਬੈਠਣਾ ਸੀ ਪ੍ਰਭੂ ਨੇ, ਪਰ ਆਪ ਹੀ ਬੈਠ ਜਾਂਦਾ ਹੈ:

**ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥**
**ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ ॥**

*(ਸਲੋਕ ਮਹਲਾ ੯, ਪੰਨਾ 1428)*

ਧਾਰਮਿਕ ਸਾਧਨਾ ਹਾਥੀ ਦਾ ਇਸ਼ਨਾਨ ਬਣ ਕੇ ਰਹਿ ਜਾਂਦੀ ਹੈ। ਅਹੰਕਾਰ ਸਾਰੇ ਧਰਮ ਨੂੰ ਅਧਰਮ ਵਿਚ ਬਦਲ ਕੇ ਰੱਖ ਦਿੰਦਾ ਹੈ ਔਰ ਇਸ ਤਰ੍ਹਾਂ ਅਹੰਕਾਰ ਤੋਂ ਪੈਦਾ ਇਹ ਅਧਰਮ, ਜਨਮ ਤੇ ਮਰਨ ਦਾ ਕਾਰਨ ਬਣਦਾ ਹੈ:

**ਹੇ ਜਨਮ ਮਰਣ ਮੂਲੰ ਅਹੰਕਾਰੰ ਪਾਪਾਤਮਾ ॥**

ਹੇ ਪਾਪ ਆਤਮਾ ਅਹੰਕਾਰ! ਤੂੰ ਜਨਮ ਤੇ ਮਰਨ ਦਾ ਮੂਲ ਹੈਂ।

**ਹੇ ਜਨਮ ਮਰਣ ਮੂਲੰ ਅਹੰਕਾਰੰ ਪਾਪਾਤਮਾ ॥**
**ਮਿਤ੍ਰੰ ਤਜੰਤਿ ਸਤ੍ਰੰ ਦ੍ਰਿੜੰਤਿ ਅਨਿਕ ਮਾਯਾ ਬਿਸ੍ਤੀਰਨਹ ॥**

ਹੇ ਅਹੰਕਾਰ! ਤੈਨੂੰ ਦੁਸ਼ਮਣ ਹੀ ਬਣਾਉਣੇ ਆਉਂਦੇ ਨੇ, ਮਿੱਤਰ ਬਣਾਉਣ ਦੀ ਤੈਨੂੰ ਜਾਚ ਨਹੀਂ। ਅਹੰਕਾਰੀ ਦੇ ਮੂੰਹੋਂ 'ਨਾਂਹ' ਨਿਕਲਦੀ ਹੈ,



Sri Satguru Jagjit Singh Ji eLibrary NamdhariElibrary@gmail.com

ਅਹੰਕਾਰੀ 'ਹਾਂ' ਨਹੀਂ ਕਰ ਸਕਦਾ। ਜੇ ਸਾਰਾ ਮਾਹੌਲ ਹੀ ਐਸਾ ਹੋਵੇ ਔਰ 'ਹਾਂ' ਕਹਿਣ ਦੀ ਸਹੂਲੀਅਤ ਵੀ ਹੋਵੇ, ਕੁਛ ਵਿਗੜਦਾ ਵੀ ਨਾ ਹੋਵੇ, ਅਹੰਕਾਰੀ ਤਦ ਵੀ 'ਹਾਂ' ਨਹੀਂ ਕਰੇਗਾ—ਬਸ ਨਾਂਹ, ਨਾਂਹ। ਜਿਤਨੀ ਤਾਕਤ ਜ਼ਿਆਦਾ ਹੋਵੇ, ਉਤਨਾ ਹੀ ਜ਼ਬਾਨ 'ਤੇ ਆ ਜਾਂਦਾ ਹੈ, ਨਾ, ਨਹੀਂ। ਕੋਈ ਕੰਮ ਹੈ ਅਤੇ ਅਕਸਰ ਕੰਮ-ਕਾਰ ਲਈ ਲੋਕੀ ਦਫ਼ਤਰਾਂ ਵਿਚ ਜਾਂਦੇ ਨੇ। ਜਿਤਨੀ ਜਿਸ ਕੋਲ ਸਮਰੱਥਾ ਹੈ, ਵਕਤ ਹੈ, ਉਸੇ ਹਿਸਾਬ ਨਾਲ ਉਹ ਨਾਂਹ ਕਰਦਾ ਹੈ। ਨਾਂਹ ਕਰ ਕੇ ਦੱਸਣਾ ਚਾਹੁੰਦਾ ਹੈ ਕਿ ਮੈਂ ਤੈਨੂੰ ਰੋਕ ਸਕਦਾ ਹਾਂ, ਮੈਂ ਤੇਰੇ ਕੰਮ ਨੂੰ ਰੋਕ ਸਕਦਾ ਹਾਂ—ਅਹੰਕਾਰ। ਇਸ ਮਾਅਨੇ ਵਿਚ ਤਾਂ ਭਾਰਤ ਬਹੁਤ ਅਹੰਕਾਰੀ ਦੇਸ਼ ਹੋ ਗਿਆ ਹੈ; ਨਾਂਹ, ਨਾਂਹ, ਨਾਂਹ, ਹਾਂ ਕਹਿਣਾ ਹੀ ਭੁੱਲ ਗਿਆ ਹੈ। ਹਾਂ ਕਹਿਣ ਵਿਚ ਇਸ ਨੂੰ ਆਪਣਾ ਛੋਟਾਪਨ ਪ੍ਰਤੀਤ ਹੁੰਦਾ ਹੈ। ਜਾਇਜ਼ ਗੱਲ ਵੀ ਨੌਕਰ ਨੇ ਕਹਿ ਦਿੱਤੀ ਹੈ, ਜਾਇਜ਼ ਮੰਗ ਵੀ ਇਕ ਨੌਕਰ ਨੇ ਮੰਗੀ ਹੈ, ਤਾਂ ਵੀ ਮਾਲਕ ਕਹਿੰਦਾ ਹੈ—ਨਾਂਹ। ਨੌਕਰ ਦੀ ਹਾਂ ਵਿਚ ਹਾਂ ਮਿਲਾ ਦੇਈਏ—ਨਾਂਹ। ਅਹੰਕਾਰੀ ਨਾਂਹ ਕਰਦਾ ਹੈ, ਸਭ ਨੂੰ ਨਾਂਹ ਕਰਦਾ ਹੈ ਔਰ ਜਿਥੇ ਤਕ ਇਸ ਦੀ ਸੱਤਾ ਹੈ, ਉਥੇ ਤਕ ਨਾਂਹ ਕਰਦਾ ਹੈ ਔਰ ਜਿਤਨਾ 'ਨਾਂਹ ਨਾਂਹ' ਕਰੀ ਜਾਂਦਾ ਹੈ, ਉਤਨੀ ਦੁਸ਼ਮਣੀ ਵਧਦੀ ਜਾਂਦੀ ਹੈ। ਤੇ ਪਾਤਿਸ਼ਾਹ ਠੀਕ ਕਹਿ ਰਹੇ ਨੇ : "ਮਿਤ੍ਰੂ ਤਜੰਤਿ ਸਤ੍ਰੂ ਦ੍ਰਿੜੰਤਿ ਅਨਿਕ ਮਾਯਾ ਬਿਸ੍ਤੀਰਨਹ ॥" ਅਹੰਕਾਰੀ ਦੀ ਮਾਇਆ ਦਾ ਇਸ ਤਰੀਕੇ ਨਾਲ ਵਿਸਤਾਰ ਹੁੰਦਾ ਹੈ ਤੇ ਦੁਸ਼ਮਣੀ ਵਧਦੀ ਹੈ। ਇਰਾਨੀ ਸੂਫ਼ੀ ਸੰਤ ਜਨਾਬ ਹਾਫ਼ਿਜ਼ ਕਹਿੰਦੇ ਨੇ :

*ਦਿਰਖ਼ਤੇ ਦੋਸਤੀ ਬਿਨਿਸ਼ਾਨ ਕਿ ਕਾਮੇ ਦਿਲ ਬਿਬਾਰ ਆਰਦ।*
*ਨਿਹਾਲੇ ਦੁਸ਼ਮਨੀ ਬਰ ਕੁਨ ਕਿ ਰੰਜੇ ਬੇਸ਼ਮਾਰ ਆਰਦ।*

ਦੋਸਤੀ ਦਾ ਬੂਟਾ ਲਗਾ, ਮਿਲਾਪ ਦਾ ਬੂਟਾ ਲਗਾ, ਜੇ ਤੂੰ ਖ਼ੁਦਾ ਦਾ ਮਿਲਾਪ ਚਾਹੁੰਦਾ ਹੈਂ। ਜੇ ਕਿਧਰੇ ਤੂੰ ਦੁਸ਼ਮਣੀ ਦਾ ਬੂਟਾ ਲਗਾ ਵੀ ਬੈਠਾ ਹੈਂ, ਇਸ ਨੂੰ ਅੱਜ ਹੀ ਜੜ੍ਹੋਂ ਪੁੱਟ ਦੇ, ਸਿਵਾਏ ਦੁੱਖਾਂ ਦੇ ਇਸ ਬੂਟੇ ਨੂੰ ਹੋਰ ਕੁਛ ਵੀ ਨਹੀਂ ਲੱਗਦਾ। ਅੰਮ੍ਰਿਤ ਫਲ ਖਾਣਾ ਚਾਹੁੰਦਾ ਹੈਂ ਤਾਂ ਦੋਸਤੀ ਦਾ ਬੂਟਾ ਲਗਾ। ਭਗਤ ਆਤਮ-ਦਰਸ਼ੀ ਮਨੁੱਖ ਤਾਂ ਸਾਰੇ ਜਹਾਨ ਨੂੰ ਮਿੱਤਰ ਬਣਾ ਲੈਂਦਾ ਹੈ :

**ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ ॥**
**ਦੂਰਿ ਪਰਾਇਓ ਮਨ ਕਾ ਬਿਰਹਾ ਤਾ ਮੇਲੁ ਕੀਓ ਮੇਰੈ ਰਾਜਨ ॥**

*(ਧਨਾਸਰੀ ਮ: ੫, ਪੰਨਾ 671)*



Sri Satguru Jagjit Singh Ji eLibrary NamdhariElibrary@gmail.com

ਪਸ਼ੂ, ਪੰਛੀਆਂ ਤਕ, ਜੜ੍ਹ ਚੇਤਨ, ਸਭ ਨੂੰ ਆਪਣਾ ਮਿੱਤਰ ਬਣਾ ਲਿਆ। ਜ਼ਿੰਦਗੀ ਤਾਂ ਬੜੀ ਛੋਟੀ ਹੈ, ਦੁਨੀਆ ਬੜੀ ਵੱਡੀ ਹੈ। ਸਾਰਿਆਂ ਨੂੰ ਮਿੱਤਰ ਬਣਾਇਆ। ਆਖ਼ਰ ਕਿਸ ਤਰੀਕੇ ਨਾਲ ? ਗੁਰਬਾਣੀ ਢੰਗ ਦੱਸਦੀ ਹੈ :

**ਇਕੁ ਸਜਣੁ ਸਭਿ ਸਜਣਾ ਇਕੁ ਵੈਰੀ ਸਭਿ ਵਾਦਿ॥**
**ਗੁਰਿ ਪੂਰੈ ਦੇਖਾਲਿਆ ਵਿਣੁ ਨਾਵੈ ਸਭ ਬਾਦਿ॥**

*(ਰਾਮਕਲੀ ਮ: ੫, ਪੰਨਾ 957)*

ਇਕ ਨਾਲ ਜਦ ਸੱਜਣਤਾ ਦਾ ਰਿਸ਼ਤਾ ਜੁੜਦਾ ਹੈ, ਤਾਂ ਸਮਝੋ ਕਿ ਸਾਰੀ ਅਨੇਕਤਾ ਉਸ ਇਕ 'ਤੇ ਖੜ੍ਹੀ ਹੈ ਤੇ ਸਾਰੀ ਅਨੇਕਤਾ ਹੀ ਸੱਜਣ ਬਣ ਜਾਂਦੀ ਹੈ, ਜੀਵਨ ਧੰਨ ਹੋ ਜਾਂਦਾ ਹੈ। ਕਹਿੰਦੇ ਨੇ ਕਿ ਮਿੱਤਰਾਂ ਵਿਚ ਜਿਊਣਾ ਸਵਰਗ ਦੇ ਵਿਚ ਜਿਊਣਾ ਹੈ, ਦੁਸ਼ਮਣਾਂ ਵਿਚ ਜਿਊਣਾ ਨਰਕ ਵਿਚ ਜਿਊਣਾ ਹੈ। ਨਰਕ ਹੀ ਭੋਗ ਰਹੇ ਨੇ ਜੋ ਕਹਿੰਦੇ ਨੇ ਕਿ ਗਲੀਆਂ ਦੇ ਕੱਖ ਵੀ ਵੈਰੀ ਨੇ। ਪਰ ਸਵਰਗ ਵਿਚ ਉਹ ਨੇ ਜਿਨ੍ਹਾਂ ਨੇ ਸ਼ੈਤਾਨ ਨੂੰ ਵੀ ਮਿੱਤਰ ਬਣਾ ਲਿਆ ਹੈ, ਦੁਸ਼ਟਾਂ ਨੂੰ ਵੀ ਮਿੱਤਰ ਬਣਾ ਲਿਆ ਹੈ। ਸਭ ਮਿੱਤਰ ਨੇ—"ਸਭੁ ਕੋ ਮੀਤ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ॥" ਪਰ ਇਹ ਜੁਗਤ ਅਹੰਕਾਰੀ ਦੇ ਕੋਲ ਨਹੀਂ ਹੁੰਦੀ। ਅਹੰਕਾਰੀ ਜੇ ਅਸਥੂਲ ਢੰਗ ਨਾਲ ਨਹੀਂ, ਜੇ ਉਹ ਧਾਰਮਿਕ ਹੈ, ਤਾਂ ਸੂਖਸ਼ਮ ਢੰਗ ਨਾਲ ਚੋਟ ਪਹੁੰਚਾਵੇਗਾ। ਇਕ ਬੜੀ ਸੁੰਦਰ ਗਾਥਾ ਹੈ—ਇਕ ਸੰਤ ਬੈਰਾਗੀ ਜੰਗਲ ਵਿਚ ਕੁਟੀਆ ਬਣਾ ਕੇ ਸਾਧਨਾ ਵਿਚ ਲੀਨ ਹੈ ਤੇ ਸਾਧਨਾ ਸਾਰੀ ਅਹੰਕਾਰ ਨੂੰ ਮਾਰਨ ਵਾਸਤੇ ਹੈ ਔਰ ਜਿਸ ਦਿਨ ਅਹੰਕਾਰ ਮਰਦਾ ਹੈ, ਨਿਰੰਕਾਰ ਪ੍ਰਗਟ ਹੁੰਦਾ ਹੈ। ਅਹੰਕਾਰ ਜਿਤਨਾ ਚਿਰ ਹੈ, ਜਨਮ ਤੇ ਮਰਨ ਚਲਦਾ ਹੈ। ਔਰ ਜੈਸੇ ਹੀ ਨਿਰੰਕਾਰ ਪ੍ਰਗਟ ਹੁੰਦਾ ਹੈ, ਉਸੇ ਵੇਲੇ ਜਨਮ ਤੇ ਮਰਨ ਮਿਟ ਜਾਂਦਾ ਹੈ। ਤੋ ਸਾਧਨਾ ਵਿਚ ਲੀਨ ਹੈ ਇਹ ਜੋਗੀ, ਇਹ ਸੰਤ। ਇਕ ਰਾਜਾ ਆਇਆ ਦਰਸ਼ਨਾਂ ਲਈ। ਤਪੱਸਿਆ ਸਾਧਨਾ ਦੀ ਧੂਮ ਬੜੀ ਦੂਰ ਦੂਰ ਤਕ ਫੈਲੀ ਹੈ। ਬਹੁਤ ਤਪੀਸ਼ਵਰ ਹੈ, ਬਹੁਤ ਜਪੀਸ਼ਵਰ ਹੈ, ਬੜਾ ਸੰਜਮੀ ਹੈ। ਰਾਜਾ ਦਰਸ਼ਨਾਂ ਲਈ ਆਇਆ, ਦਰਸ਼ਨ ਕਰ ਕੇ ਬਹੁਤ ਪ੍ਰਸੰਨ ਹੋਇਆ। ਉਸਨੇ ਇਕ ਬੜੇ ਕੀਮਤੀ ਮੋਤੀਆਂ ਨਾਲ ਜੜਤ ਪੁਸ਼ਾਕ ਭੇਟ ਕੀਤੀ। ਸਾਧੂ ਕਹਿਣ ਲੱਗਾ ਕਿ ਹੁਣ ਅਸਾਂ ਇਸ ਤਰ੍ਹਾਂ ਦੇ ਚੋਲੇ ਪਹਿਨਣੇ ਛੱਡ ਦਿੱਤੇ ਨੇ, ਅਸੀਂ ਤਾਂ ਤਨ 'ਤੇ ਸਿਰਫ਼ ਕੰਬਲੀ ਧਾਰਨ ਕਰਦੇ ਹਾਂ। ਪਰ ਰਾਜਾ ਕਹਿਣ ਲੱਗਾ ਕਿ ਆਖ਼ਰ ਮੈਂ ਖ਼ਾਲੀ ਹੱਥ ਕਿਸ ਤਰ੍ਹਾਂ ਆਪ ਦੇ ਦਰਸ਼ਨ ਕਰਾਂ। ਇਹ ਨਜ਼ਰਾਨਾ ਹੈ, ਇਹ ਭੇਟ ਹੈ। ਚਲੋ ਨਹੀਂ ਪਾਣਾ, ਆਪ ਰੱਖ ਲਓ, ਦੇ ਦੇਣਾ ਕਿਸੇ ਨੂੰ। ਰਾਜਾ ਇਹ ਨਜ਼ਰਾਨਾ ਰੱਖ ਕੇ ਚਲਾ ਗਿਆ। ਕੁਛ ਦਿਨਾਂ ਬਾਅਦ ਇਸ ਤਿਆਗੀ ਵੈਰਾਗੀ ਦਾ ਇਕ ਮਿੱਤਰ, ਗੂੜ੍ਹਾ ਮਿੱਤਰ, ਬਚਪਨ



Sri Satguru Jagjit Singh Ji eLibrary NamdhariElibrary@gmail.com

ਦਾ ਦੋਸਤ, ਔਰ ਉਹ ਵੀ ਸਾਧੂ ਸੀ, ਉਹ ਵੀ ਤਪੱਸਵੀ ਸੀ, ਮਿਲਣ ਲਈ ਆਇਆ। ਗ਼ਾਲਿਬਨ ਦਸ ਮੀਲ ਵੀ ਵਾਟ ਤੈਅ ਕਰ ਕੇ, ਚੱਲ ਕੇ ਇਹ ਜੰਗਲ ਵਿਚ ਸੰਤ ਦੀ ਕੁਟੀਆ ਵਿਚ ਪਹੁੰਚਿਆ। ਇਸ ਸੰਤ ਨੇ ਉਸਦਾ ਸਵਾਗਤ ਕੀਤਾ ਔਰ ਸਤਿਕਾਰ ਮਾਣ ਨਾਲ ਬਿਠਾਇਆ। ਰਸਮੀ ਗੁਫ਼ਤਗੂ ਤੋਂ ਬਾਅਦ ਜੋ ਭਿਕਸ਼ਾ ਤੇ ਭੋਜਨ ਆਇਆ ਸੀ, ਉਸਨੂੰ ਛਕਾਇਆ। ਰਾਤ ਬੜੇ ਸੋਹਣੇ ਢੰਗ ਨਾਲ ਪ੍ਰਭੂ-ਚਰਚਾ ਕਰਦਿਆਂ ਬਤੀਤ ਹੋਈ। ਸਵੇਰੇ ਇਸ ਬੈਰਾਗੀ ਸਾਧੂ ਨੇ ਕੋਈ ਤਿੰਨ ਘਰਾਂ ਵਿਚ ਨਾਲ ਦੇ ਪਿੰਡ ਵਿਚ ਜਾਣਾ ਹੈ, ਉਨ੍ਹਾਂ ਨੇ ਆਪਣੇ ਘਰਾਂ ਵਿਚ ਚਰਨ ਪਾਉਣ ਲਈ ਬੁਲਾਇਆ ਹੈ। ਇਹ ਬੈਰਾਗੀ ਸਾਧੂ ਆਏ ਹੋਏ ਮਹਿਮਾਨ ਮਿੱਤਰ ਨੂੰ ਕਹਿੰਦਾ ਹੈ ਕਿ ਇਥੇ ਇਕੱਲੇ ਬੈਠਿਆਂ ਤੁਸੀਂ ਤੰਗ ਹੋ ਜਾਉਗੇ, ਆਉ ਮੇਰੇ ਨਾਲ ਚਲੋ, ਮੈਂ ਤਿੰਨ ਘਰਾਂ ਵਿਚ ਜਾਣਾ ਹੈ। ਤੁਸੀਂ ਮੇਰੇ ਨਾਲ ਚਲੋ ਫਿਰ ਵਾਪਸ ਆ ਜਾਂਦੇ ਹਾਂ। ਇਸ ਬੈਰਾਗੀ ਸਾਧੂ ਨੇ, ਉਹ ਜੋ ਰਾਜੇ ਨੇ ਚੋਲਾ ਦਿੱਤਾ ਸੀ, ਮੋਤੀਆਂ ਨਾਲ ਜੜਤ, ਬੜਾ ਖ਼ੂਬਸੂਰਤ, ਉਹ ਕੱਢ ਕੇ ਦਿੱਤਾ ਔਰ ਆਖਿਆ ਕਿ ਕਸਬੇ ਵਿਚ ਚੱਲੇ ਹਾਂ, ਤੁਸੀਂ ਇਹ ਪਾ ਲਵੋ। ਉਹ ਸਾਧੂ ਕੁਛ ਬੇ-ਨਿਆਜ਼ ਹੈ। ਮਿੱਤਰ ਸਾਧੂ ਜੋ ਆਇਆ ਹੈ, ਰਮਜ਼ੀ ਮਨੁੱਖ, ਹਰਖ ਸੋਗ ਤੋਂ ਉੱਚਾ ਮਨੁੱਖ, ਪਹਿਨ ਲਿਆ ਉਸ ਨੇ ਉਹ ਚੋਲਾ, ਕੀਮਤੀ ਚੋਲਾ। ਜੈਸੇ ਹੀ ਦੋਵੇਂ ਕਸਬੇ ਦੇ ਅੰਦਰ ਦਾਖ਼ਿਲ ਹੁੰਦੇ ਨੇ, ਸਾਰਿਆਂ ਦੀਆਂ ਨਿਗਾਹਾਂ ਮਿੱਤਰ ਸਾਧੂ ਉਪਰ ਨੇ, ਉਸ ਦੇ ਚੋਲੇ 'ਤੇ ਨੇ। ਦੁਖੀ ਹੋ ਗਿਆ ਬੈਰਾਗੀ ਸਾਧੂ। ਕੱਲ ਤਕ ਮੈਂ ਜਦ ਇਸ ਕਸਬੇ ਵਿਚ ਆਉਂਦਾ ਸੀ, ਸਾਰਿਆਂ ਦੀਆਂ ਨਿਗਾਹਾਂ ਮੇਰੇ 'ਤੇ, ਅੱਜ ਇਹ ਨਿਗਾਹਾਂ ਫਿਰ ਗਈਆਂ ਨੇ, ਅੱਜ ਮੇਰੇ ਮਿੱਤਰ 'ਤੇ ਨੇ। ਚੋਲਾ ਦਿੱਤਾ ਹੈ, ਲੇਕਿਨ ਅੰਦਰ ਖ਼ਿਆਲ ਆਇਆ—ਹੈਂ, ਇਹ ਤਾਂ ਮੇਰੇ ਨਾਲੋਂ ਮਹਾਨ ਪ੍ਰਤੀਤ ਹੁੰਦਾ ਹੈ, ਸਾਰੇ ਇਸ ਨੂੰ ਪਏ ਵੇਖਦੇ ਨੇ। ਖ਼ੈਰ! ਜਿਸ ਘਰ ਵਿਚ ਜਾਣਾ ਸੀ, ਗਏ। ਆਉ-ਭਗਤ ਹੋਈ। ਸਨਮਾਨ ਨਾਲ ਬਿਠਾਏ ਗਏ। ਘਰ ਵਾਲਿਆਂ ਸੁਭਾਵਿਕ ਹੀ ਉਸ ਬੈਰਾਗੀ ਸਾਧੂ ਕੋਲੋਂ ਪੁੱਛਿਆ ਕਿ ਇਹ ਜੋ ਨਾਲ ਆਏ ਨੇ, ਇਹ ਕੌਣ ਨੇ ? ਕਿਉਂਕਿ ਸਾਰੇ ਘਰ ਵਾਲੇ ਅੱਖਾਂ ਫਾੜ ਫਾੜ ਕੇ ਉਸਨੂੰ ਵੇਖ ਰਹੇ ਨੇ। ਸੋਹਣਾ ਚੋਲਾ ਪਹਿਨਿਆ ਹੋਇਆ ਹੈ, ਮੁੱਖੜੇ ਤੋਂ ਸ਼ਾਂਤੀ ਝਲਕਦੀ ਹੈ, ਨਿਰਮਾਣਤਾ ਬਿਖਰਦੀ ਹੈ, ਰਹੱਸ, ਬਿਸਮਾਦ ਅੱਖਾਂ ਦੇ ਵਿਚ ਹੈ ਔਰ ਘਰ ਵਾਲੇ ਉਸ ਤੋਂ ਪ੍ਰਭਾਵਿਤ ਨੇ। ਪੁੱਛਦੇ ਨੇ ਕਿ ਸੰਤ ਜੀ, ਇਹ ਤੁਹਾਡੇ ਨਾਲ ਕੌਣ ਆਏ ਨੇ ? ਦੁੱਖਿਤ ਹੋ ਕੇ ਕਹਿੰਦਾ ਹੈ ਕਿ ਮੇਰੇ ਮਿੱਤਰ ਨੇ, ਕੱਲ ਆਏ ਸਨ, ਮੇਰੇ ਬਚਪਨ ਦੇ ਦੋਸਤ ਨੇ, ਸਾਧੂ ਨੇ, ਸਾਧਨਾ ਕਰਦੇ ਨੇ। ਬੜੇ ਗਿਆਨੀ ਨੇ, ਜਪੀਸ਼ਵਰ ਨੇ, ਤਪੀਸ਼ਵਰ ਨੇ। ਪਰ ਇਹ ਜੋ ਚੋਲਾ ਹੈ, ਇਹ ਮੇਰਾ ਹੈ। ਹੁਣ ਇਸ ਢੰਗ ਨਾਲ ਤਆਰੁਫ਼ ਤਾਂ ਨਹੀਂ ਕਰਾਈਦਾ,



Sri Satguru Jagjit Singh Ji eLibrary NamdhariElibrary@gmail.com

ਲੇਕਿਨ ਅਹੰਕਾਰ ਉੱਬਲ ਪਿਆ, ਬੁਲਵਾ ਦਿੱਤਾ ਅਹੰਕਾਰ ਨੇ ਕਿ ਮੇਰਾ ਹੈ, ਚੋਲਾ ਮੇਰਾ ਹੈ। ਖ਼ੈਰ! ਜਦ ਉਸ ਘਰ ਤੋਂ ਰੁਖ਼ਸਤ ਹੋਏ, ਉਸ ਮਹਿਮਾਨ ਸਾਧੂ ਨੇ ਕਿਹਾ ਕਿ ਮਿੱਤਰ! ਤੂੰ ਕਪੜੇ ਪਵਾ ਕੇ ਵੀ ਮੈਨੂੰ ਨੰਗਾ ਕੀਤੈ। ਚੋਲਾ ਪਵਾ ਕੇ ਵੀ ਤੂੰ ਮੇਰੇ ਕਪੜੇ ਉਤਾਰੇ, ਕੋਈ ਇਸ ਤਰ੍ਹਾਂ ਤਆਰੁਫ਼ ਕਰਾਈਦਾ ਹੈ? ਖ਼ੈਰ, ਮੁਆਫ਼ੀ ਮੰਗਣ ਲੱਗ ਪਿਆ। ਕਹਿਣ ਲੱਗਾ ਕਿ ਨਹੀਂ, ਅਚਾਨਕ ਮੇਰੇ ਮੂੰਹੋਂ ਇਹ ਬੋਲ ਨਿਕਲ ਗਏ, ਤੁਸੀਂ ਬੁਰਾ ਨਾ ਮਨਾਉ। ਦੂਸਰੇ ਘਰ ਗਏ, ਦੂਸਰੇ ਘਰ ਵਾਲਿਆਂ ਦੀ ਨਿਗਾਹ ਵੀ ਇਸ ਸਾਧੂ 'ਤੇ, ਅੱਖਾਂ ਵਿਚ ਰਮਜ਼ ਹੈ, ਵਿਸਮਾਦ ਹੈ, ਚਿਹਰੇ 'ਤੇ ਸ਼ਾਂਤੀ ਹੈ। ਸਭ ਤੋਂ ਵੱਡੀ ਗੱਲ ਜਿਸ ਤੋਂ ਇਹ ਘਰ ਵਾਲੇ ਪ੍ਰਭਾਵਿਤ ਹੋ ਰਹੇ ਨੇ, ਇਤਨਾ ਕੀਮਤੀ ਚੋਲਾ, ਇਤਨਾ ਸੁੰਦਰ ਚੋਲਾ। ਤੋ ਦੂਸਰੇ ਘਰ ਵਾਲਿਆਂ ਵੀ ਪੁੱਛਿਆ ਕਿ ਸੰਤ ਜੀ, ਇਹ ਦੂਸਰੇ ਮਹਾਤਮਾ ਕੌਣ ਆਏ ਨੇ, ਇਹ ਕੌਣ ਨੇ? ਇਕਦਮ ਬੋਲ ਪਿਆ—ਇਹ ਮੇਰੇ ਬਚਪਨ ਦੇ ਦੋਸਤ ਨੇ, ਬਾਲ ਸਖਾ ਨੇ ਔਰ ਸਾਧੂ ਨੇ, ਤਪੱਸਵੀ ਨੇ, ਗਿਆਨੀ ਨੇ। ਰਹਿ ਗਈ ਗੱਲ ਇਸ ਚੋਲੇ ਦੀ, ਇਹ ਚੋਲਾ ਮੇਰਾ ਨਹੀਂ ਹੈ, ਬਿਲਕੁਲ ਮੇਰਾ ਨਹੀਂ ਹੈ। ਇਸਦੇ ਵਿਚ ਹੀ ਸਭ ਕੁਝ ਕਹਿ ਗਿਆ ਕਿ ਮੇਰਾ ਹੈ। ਖ਼ੈਰ, ਉਸ ਘਰ ਤੋਂ ਵੀ ਨਿਕਲੇ, ਇਹ ਬੈਰਾਗੀ ਸਾਧੂ ਫਿਰ ਮੁਆਫ਼ੀ ਮੰਗਦਾ ਹੈ ਕਿ ਮੇਰੇ ਕੋਲੋਂ ਗ਼ਲਤੀ ਹੋਈ ਹੈ, ਮੈਨੂੰ ਇਸ ਤਰ੍ਹਾਂ ਵੀ ਨਹੀਂ ਸੀ ਕਹਿਣਾ ਚਾਹੀਦਾ, ਪਰ ਨਿਕਲ ਗਈ ਇਹ ਗੱਲ, ਤੂੰ ਸਹਿਣ ਕਰ ਲੈ, ਹੁਣ ਮੈਂ ਨਹੀਂ ਕਹਾਂਗਾ। ਤੀਸਰੇ ਘਰ ਗਏ। ਆਉ-ਭਗਤ ਹੋਈ, ਬਿਠਾਏ ਗਏ। ਪਰ ਚੋਲਾ ਤੀਸਰੇ ਘਰ ਦੇ ਸਾਰੇ ਮਨੁੱਖਾਂ ਨੂੰ ਵੀ ਪ੍ਰਭਾਵਿਤ ਕਰ ਰਿਹਾ ਹੈ। ਨਰ, ਨਾਰੀ, ਬੱਚੇ ਸਭ ਪ੍ਰਭਾਵਿਤ ਨੇ। ਸੁਭਾਵਿਕ ਪੁੱਛ ਲਿਆ ਕਿ ਸੰਤ ਜੀ, ਇਹ ਨਾਲ ਕੌਣ ਆਏ ਨੇ, ਇਹ ਕਿਹੜੇ ਸੰਤ ਨੇ? ਤੋ ਹੁਣ ਤਆਰੁਫ਼ ਕਰਦਾ ਹੈ—ਮੇਰੇ ਬਾਲ ਸਖਾ ਮਿੱਤਰ ਨੇ, ਜਪੀਸ਼ਵਰ ਨੇ, ਤਪੀਸ਼ਵਰ ਨੇ, ਗਿਆਨੀ ਪੁਰਸ਼ ਨੇ, ਪਰ ਰਹਿ ਗਈ ਇਨ੍ਹਾਂ ਕਪੜਿਆਂ ਦੀ ਗੱਲ, ਚੋਲੇ ਦੀ ਗੱਲ, ਮੈਂ ਇਸ ਦੀ ਗੱਲ ਹੀ ਨਹੀਂ ਕਰਨੀ। ਨਹੀਂ ਗੱਲ ਕਰਨੀ ਇਸ ਚੋਲੇ ਦੀ ਤੇ ਗੱਲ ਕਰ ਕੇ ਵੀ ਸਭ ਕਰ ਗਿਆ। ਜਦ ਤੀਸਰੇ ਘਰ ਤੋਂ ਰੁਖ਼ਸਤ ਹੋ ਕੇ ਕੁਟੀਆ ਵਿਚ ਪਹੁੰਚੇ ਤਾਂ ਇਸ ਮਹਿਮਾਨ ਸਾਧੂ ਨੇ, ਇਸ ਦੋਸਤ ਸਾਧੂ ਨੇ ਚੋਲਾ ਉਤਾਰ ਕੇ ਅੱਗੇ ਰੱਖ ਦਿੱਤਾ ਤੇ ਆਖਿਆ ਕਿ ਤੂੰ ਤਿੰਨ ਦਫ਼ਾ ਮੈਨੂੰ ਨੰਗਾ ਕੀਤੈ, ਔਹ ਲੈ ਆਪਣਾ ਚੋਲਾ, ਚੌਥੀ ਦਫ਼ਾ ਮੈਂ ਆਪ ਹੀ ਉਤਾਰ ਦਿੰਦਾ ਹਾਂ। ਤਿੰਨ ਦਫ਼ਾ ਤੂੰ ਉਤਰਵਾਇਐ, ਤਿੰਨ ਦਫ਼ਾ ਤੂੰ ਮੈਨੂੰ ਨਗਨ ਕੀਤਾ। ਤੋ ਅਹੰਕਾਰੀ ਆਪਣੇ ਮਿੱਤਰ ਦਾ ਵੀ ਮਾਣ-ਸਨਮਾਨ ਬਰਦਾਸ਼ਤ ਨਹੀਂ ਕਰ ਸਕਦਾ। ਅਹੰਕਾਰੀ ਆਪਣੇ ਗੁਰੂ ਦੀ ਮਹਾਨਤਾ ਵੀ ਬਰਦਾਸ਼ਤ ਨਹੀਂ ਕਰ ਸਕਦਾ। ਅਹੰਕਾਰੀ ਆਪਣੇ ਮਿੱਤਰ ਨੂੰ ਵੀ ਛੁਪਾਏਗਾ।



Sri Satguru Jagjit Singh Ji eLibrary NamdhariElibrary@gmail.com

ਮਾਂ-ਬਾਪ ਗੁਣਵਾਨ ਨੇ ਤਾਂ ਉਨ੍ਹਾਂ ਨੂੰ ਪਿੱਛੇ ਸੁੱਟੇਗਾ। ਵਿਦਿਆ ਗੁਰੂ ਹੈ ਯਾ ਅਧਿਆਤਮਿਕ ਗੁਰੂ ਹੈ, ਉਸਨੂੰ ਵੀ ਅਹੰਕਾਰੀ ਛੁਪਾਉਣ ਦੀ ਕੋਸ਼ਿਸ਼ ਕਰੇਗਾ, ਪਿੱਛੇ ਸੁੱਟੇਗਾ। ਮਹਾਰਾਜ ਦੀ ਬਾਣੀ ਬੜਾ ਸੁੰਦਰ ਫ਼ੁਰਮਾਨ ਕਰਦੀ ਹੈ:

**ਜਿਨਾ ਗੁਰੁ ਗੋਪਿਆ ਆਪਣਾ ਤੇ ਨਰ ਬੁਰਿਆਰੀ ॥**

*(ਵਾਰ ਸੋਰਠਿ ਮ: 4, ਪੰਨਾ 651)*

ਗੁਰੂ ਨੂੰ ਵੀ ਛੁਪਾਉਂਦੇ ਨੇ। ਕਿਉਂਕਿ ਮੇਰੀ, ਮੈਂ, ਮੇਰਾ ਵਡੱਪਣ ਫਿਰ ਕਿਥੇ ? ਮਿੱਤਰ ਨੂੰ ਛੁਪਾਂਦੇ ਨੇ, ਪੁੱਤਰ ਨੂੰ ਛੁਪਾਂਦੇ ਨੇ, ਅਗਰ ਉਹ ਗੁਣਵਾਨ ਨੇ। ਮਾਂ-ਬਾਪ ਨੂੰ ਵੀ ਪਿੱਛੇ ਸੁੱਟਦੇ ਨੇ, ਸਿਰਫ਼ ਆਪਣੇ ਆਪ ਨੂੰ ਹੀ ਅੱਗੇ ਕਰਨਾ ਜ਼ਿੰਦਗੀ ਦਾ ਲਕਸ਼ ਹੈ, ਔਰ ਯਤਨ, ਕੋਸ਼ਿਸ਼ ਇਹ ਵੀ ਹੁੰਦੀ ਹੈ ਕਿ ਰੱਬ ਨੂੰ ਵੀ ਪਿੱਛੇ ਸੁੱਟੀਏ, ਪਰਮਾਤਮਾ ਨੂੰ ਵੀ ਪਿੱਛੇ ਸੁੱਟੀਏ। ਹਰਨਾਕਸ਼ ਨੇ ਪਿੱਛੇ ਸੁੱਟਣ ਦੀ ਕੋਸ਼ਿਸ਼ ਕੀਤੀ ਸੀ। ਨਮਰੂਦ ਨੇ ਕਹਿ ਦਿੱਤਾ ਕਿ ਕੌਣ ਹੁੰਦਾ ਹੈ ਖ਼ੁਦਾ, ਮੈਂ ਖ਼ੁਦ ਖ਼ੁਦਾ ਹਾਂ। ਤੇ ਅਹੰਕਾਰ ਆਪਣੇ ਤੋਂ ਵੱਡਾ ਕਿਸੇ ਨੂੰ ਨਹੀਂ ਮੰਨ ਸਕਦਾ। ਅਹੰਕਾਰ ਜੀਂਵਦਾ ਹੈ, ਮੈਂ-ਆਸ਼ਰਿਤ, 'ਤੂੰ' ਤਾਂ ਬਿਲਕੁਲ ਭੁੱਲ ਜਾਂਦਾ ਹੈ। ਇਕ ਉਰਦੂ ਸ਼ਾਇਰ ਨੇ ਬੜੀ ਸੁੰਦਰ ਨਜ਼ਮ ਲਿਖੀ ਹੈ। ਬੱਕਰੇ ਦੇ ਬੋਲ ਨੂੰ ਅੱਗੇ ਕਰਕੇ ਤੇ ਬੱਕਰੇ ਦਾ ਬੋਲ ਹੈ 'ਮੈਂ, ਮੈਂ' ਇਸ ਨੂੰ ਆਧਾਰ ਬਣਾ ਕੇ ਇਸ ਸ਼ਾਇਰ ਨੇ ਬੜੀ ਸੁੰਦਰ ਕਲਪਨਾ ਕੀਤੀ ਹੈ:

*ਫ਼ਖ਼ਰ ਬਕਰੇ ਨੇ ਕੀਆ ਬਸ ਮੇਰੇ ਸਿਵਾ ਕੋਈ ਨਹੀਂ।*
*ਮੈਂ ਹੀ ਮੈਂ ਹੂੰ ਬਸ ਜਹਾਨ ਮੇਂ ਦੂਸਰਾ ਕੋਈ ਨਹੀਂ।*
*ਜਬ ਨ ਮੈਂ ਮੈਂ ਤਰਕ ਕੀ ਬੇ ਮਾਇਆ ਬੇ ਅਸਬਾਬ ਨੇ।*
*ਫੇਰ ਦੀ ਤਬ ਜਲ ਕੇ ਗਰਦਨ ਪਰ ਛੁਰੀ ਕਸਾਬ ਨੇ।*

ਕਸਾਈ ਦੇ ਛੁਰੇ ਦੇ ਹੇਠ ਆ ਗਈ, ਜ਼ਿਬ੍ਹਾ ਕਰ ਦਿੱਤਾ, ਸਿਰ ਵੱਢ ਦਿੱਤਾ।

*ਗੋਸ਼ਤ, ਹੱਡੀ ਔਰ ਚਮੜਾ ਜੋ ਥਾ ਜਿਸਮੇ ਯਾਰ ਮੇਂ।*
*ਕੁਛ ਲੁਟਾ, ਕੁਛ ਪਿਸ ਗਇਆ, ਕੁਛ ਬਿਕ ਗਿਆ ਬਾਜ਼ਾਰ ਮੇਂ।*
*ਰਹਿ ਗਈਂ ਤਾਂਤੇਂ ਫ਼ਕਤ ਮੈਂ ਮੈਂ ਮਨਾਨੇ ਕੇ ਲੀਏ।*
*ਲੇ ਗਇਆ ਨੱਦਾਫ਼ ਉਸੇ ਧੁਨਕੀ ਬਨਾਨੇ ਕੇ ਲੀਏ।*

ਆਂਦਰਾਂ ਰਹਿ ਗਈਆਂ, ਸੁੱਟ ਦਿੱਤੀਆਂ ਗਈਆਂ। ਬਾਕੀ ਤੇ ਸਭ ਕੁਛ ਕੰਮ ਆ ਗਿਆ, ਖੱਲ ਕੰਮ ਆ ਗਈ, ਮਾਸ ਕੰਮ ਆ ਗਿਆ, ਹੱਡੀਆਂ ਵੀ ਪਿਸ ਗਈਆਂ, ਕੰਮ ਦੇ ਵਿਚ ਵਰਤੀਆਂ ਗਈਆਂ। ਕੇਵਲ ਆਂਦਰਾਂ ਬਚ ਗਈਆਂ, ਇਹ ਨੱਦਾਫ਼ ਚੁੱਕ ਕੇ ਲੈ ਗਿਆ, ਜੋ ਰੂਈ ਪਿੰਜਦੇ ਨੇ ਧੁਨਕੀ ਦੇ ਨਾਲ ਔਰ ਧੁਨਕੀ ਦੇ ਵਿਚ ਜੋ ਤੰਦ ਲਾਈ ਜਾਂਦੀ ਹੈ, ਉਹ ਬੱਕਰੇ ਦੀ ਆਂਤ



Sri Satguru Jagjit Singh Ji eLibrary NamdhariElibrary@gmail.com

ਹੁੰਦੀ ਹੈ, ਆਂਦਰ ਹੁੰਦੀ ਹੈ। 'ਲੇ ਗਇਆ ਨੱਦਾਫ਼ ਉਸੇ ਧੁਨਕੀ ਬਨਾਨੇ ਕੇ ਲੀਏ।' ਇਹ ਆਂਦਰਾਂ ਹੀ ਰਹਿ ਗਈਆਂ ਸਨ—'ਰਹਿ ਗਈਂ ਤਾਂਤੇਂ ਫ਼ਕਤ ਮੈਂ ਮੈਂ ਮਨਾਨੇ ਕੇ ਲੀਏ। ਲੇ ਗਿਆ ਨੱਦਾਫ਼ ਉਸੇ ਧੁਨਕੀ ਬਨਾਨੇ ਕੇ ਲੀਏ।' ਜ਼ਰਬ ਕੀ ਸੋਟੋਂ ਨੇ ਜਿਸ ਦਮ ਤਾਂਤ ਘਬਰਾਨੇ ਲਗੀ,' ਉਸ ਤਾਂਤ ਦੇ ਉੱਤੇ ਨੱਦਾਫ਼ ਜ਼ੋਰ ਦਾ ਸੋਟਾ ਮਾਰਦਾ ਹੈ, ਬਸ ਉਸ ਨਾਲ ਹੀ ਰੂੰਈਂ ਪਿੰਜੀ ਜਾਂਦੀ ਹੈ। 'ਜ਼ਰਬ ਕੀ ਸੋਟੋਂ ਕੀ ਜਿਸ ਦਮ ਤਾਂਤ ਘਬਰਾਨੇ ਲਗੀ, ਮੈਂ ਮੈਂ ਕੇ ਬਦਲੇ 'ਤੂੰ ਤੂੰ' ਕੀ ਬਸ ਸਦਾ ਆਨੇ ਲਗੀ।' ਉਸ ਆਂਤ ਵਿੱਚੋਂ ਸੋਟੇ ਦੀ ਜ਼ਰਬ ਨਾਲ ਨਿਕਲ ਰਿਹਾ ਹੈ—ਤੂੰ ਹੀ, ਤੂੰ ਹੀ, ਤੂੰ ਹੀ, ਤੂੰ ਹੀ, ਤੂੰ ਹੀ। ਕੋਈ ਇਤਨੀ ਕੁਰਬਾਨੀ ਕਰੇ, ਸਾਧਨਾ ਕਰੇ ਕਿ ਸਾਧਨਾ ਵਿਚ ਲੀਨ ਮਨੁੱਖਾਂ ਦੀ ਖ਼ਾਕ ਨੂੰ ਆਪਣੇ ਮਸਤਕ ਨੂੰ ਰਗੜੇ, ਸਵਾਸ ਸਵਾਸ ਵਾਹਿਗੁਰੂ, ਵਾਹਿਗੁਰੂ ਜਪੇ, ਮੈਂ ਤੂੰ ਵਿਚ ਬਦਲਦੀ ਹੈ, ਜੀਵਨ ਧੰਨ ਧੰਨ ਹੋ ਜਾਂਦਾ ਹੈ, ਮਹਾਨ ਹੋ ਜਾਂਦਾ ਹੈ।

ਅਹੰਕਾਰੀ ਆਪਣੀ ਉਸਤਤਿ ਕਰੇਗਾ, ਦੂਸਰੇ ਦੀ ਨਿੰਦਾ ਕਰੇਗਾ। ਅਗਰ ਦੂਸਰਾ ਵੱਡਾ ਹੈ, ਅਹੰਕਾਰੀ ਲਾਜ਼ਮੀ ਨਿੰਦਾ ਕਰੇਗਾ। ਅਹੰਕਾਰੀ ਨਿੰਦਕ ਹੋ ਹੀ ਜਾਏਗਾ, ਉਹ ਤਾਂ ਆਪਣੀ ਉਪਮਾ ਸੁਣ ਕੇ ਹੀ ਪ੍ਰਸੰਨ ਹੁੰਦਾ ਹੈ। ਉਪਮਾ ਹੋਣ ਲੱਗ ਪਈ ਹੈ ਜੇ ਦੂਜਿਆਂ ਦੀ, ਆਪਣੇ ਮਿੱਤਰ ਦੀ ਤਾਂ ਹੁਣ ਉਸਦੀ ਨਿੰਦਾ ਕਰਦਾ ਫਿਰਦਾ ਹੈ। ਨਿੰਦਾ ਦਾ ਮਤਲਬ ਕੀ ਹੈ ? ਗੱਲ ਨੂੰ ਛੁਟਿਆਣਾ। ਔਰ ਅਕਸਰ ਉਸੇ ਦੀ ਹੀ ਨਿੰਦਾ ਕਰਦਾ ਹੈ, ਜੋ ਕਿਸੇ ਗੱਲ ਵਿਚ ਉਸ ਤੋਂ ਅੱਗੇ ਹੋਵੇ, ਗੁਣਾਂ ਵਿਚ, ਕਲਾ ਵਿਚ, ਗਿਆਨ ਵਿਚ, ਸੀਲ ਸੰਜਮ ਵਿਚ ਯਾ ਫਿਰ ਪ੍ਰਭੂ ਦੀ ਬੰਦਗੀ ਦੇ ਵਿਚ। ਸੰਸਾਰੀ ਤਲ 'ਤੇ ਲੈ ਲਵੋ, ਸੱਤਾ ਵਿਚ, ਧਨ ਦੇ ਵਿਚ, ਸੁਹੱਪਣ ਦੇ ਵਿਚ, ਕਿਸੇ ਵੀ ਪੱਖ ਤੋਂ ਜੋ ਅੱਗੇ ਹੈ, ਉਸਦੀ ਅਹੰਕਾਰੀ ਤਾਰੀਫ਼ ਨਹੀਂ ਕਰ ਸਕਦਾ। ਅਹੰਕਾਰੀ ਸੱਚ ਦੀ ਗੱਲ ਨਹੀਂ ਕਰ ਸਕਦਾ, ਅਹੰਕਾਰੀ ਨਿੰਦਾ ਕਰੇਗਾ ਔਰ ਅਹੰਕਾਰੀ ਬੜਾ ਪ੍ਰਬਲ ਨਿੰਦਕ ਹੁੰਦਾ ਹੈ। ਛੁਟਿਆਣ ਦੀ ਕੋਸ਼ਿਸ਼ ਕਰਦਾ ਹੈ, ਘਟਾਣ ਦੀ ਕੋਸ਼ਿਸ਼ ਕਰਦਾ ਹੈ। ਭਗਤ ਨਾਮਦੇਵ ਜੀ, ਉਨ੍ਹਾਂ ਦੀ ਤਪੱਸਿਆ ਇਤਨੀ ਕਿ ਪਰਮਾਤਮਾ ਉਨ੍ਹਾਂ ਦੇ ਸਨਮੁਖ ਹੋਇਆ, ਪ੍ਰਭੂ ਸਾਹਮਣੇ ਹੋਇਆ, ਲੇਕਿਨ ਅਹੰਕਾਰੀ ਬ੍ਰਾਹਮਣਾਂ ਨੇ ਮਾਰ ਮਾਰ ਕੇ ਮੰਦਿਰ ਵਿੱਚੋਂ ਕੱਢਿਆ ਔਰ ਮੰਦਿਰ ਦੇ ਪਿਛਵਾੜੇ ਬਿਠਾ ਦਿੱਤਾ। ਮਾਰਿਆ, ਕੁੱਟਿਆ, ਇਹ ਵਿਚਾਰਾ ਮੰਦਿਰ ਦੇ ਪਿੱਛੇ ਬੈਠ ਗਿਆ। ਪਹਿਲੇ ਤਾਂ ਮੂਰਤੀ ਦੇ ਸਨਮੁਖ ਸੀ, ਮੂਰਤੀ ਨਾਮਦੇਵ ਦੇ ਸਨਮੁਖ ਸੀ, ਪਰ ਹੁਣ ਪਿੱਛੇ ਹੈ। ਪਾਤਿਸ਼ਾਹ ਦੀ ਬਾਣੀ ਕਹਿੰਦੀ ਹੈ :

**ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮਦੇਉ ਮੁਖਿ ਲਾਇਆ॥**

*(ਆਸਾ ਮ: ੪, ਪੰਨਾ 451)*



Sri Satguru Jagjit Singh Ji eLibrary NamdhariElibrary@gmail.com

ਅਹੰਕਾਰੀ ਨਿੰਦਕ ਹੁੰਦਾ ਹੈ ਔਰ ਅਹੰਕਾਰੀ ਤੇ ਨਿੰਦਕ ਦੀ ਤਰਫ਼ ਪਰਮਾਤਮਾ ਦੀ ਪਿੱਠ ਹੁੰਦੀ ਹੈ। ਜੋ ਗੁਣਾਂ ਦੀ ਸਿਫ਼ਤੋ-ਸਾਲਾਹ ਕਰਦਾ ਹੈ, ਉਹ ਪਰਮਾਤਮਾ ਦੀ ਸਿਫ਼ਤੋ-ਸਾਲਾਹ ਕਰਦਾ ਹੈ। ਗੁਣ ਕਿਸੇ ਮਨੁੱਖ ਵਿਚ ਪ੍ਰਗਟ ਹੋਏ ਨੇ, ਗੁਣ ਤਾਂ ਸਾਰੇ ਪਰਮਾਤਮਾ ਦੇ ਵਿਚ ਹੁੰਦੇ ਨੇ। ਗੁਣਾਂ ਦੀ ਤਾਰੀਫ਼ ਪਰਮਾਤਮਾ ਦੀ ਤਾਰੀਫ਼ ਹੁੰਦੀ ਹੈ, ਪਰ ਅਹੰਕਾਰੀ ਤਾਂ ਨਿੰਦਾ ਕਰਦਾ ਹੈ, ਗੁਣਾਂ ਦੀ ਨਿੰਦਾ ਕਰਦਾ ਹੈ, ਕਿਉਂਕਿ ਅਹੰਕਾਰੀ ਹੈ। ਤੇ ਪਰਮਾਤਮਾ ਦੀ ਉਸ ਵੱਲ ਪਿੱਠ ਹੁੰਦੀ ਹੈ ਔਰ ਜਿਸ ਵੱਲ ਪਰਮਾਤਮਾ ਦੀ ਪਿੱਠ ਹੋ ਗਈ, ਸਮਝੋ ਸਭ ਦੀ ਪਿੱਠ ਹੋ ਗਈ। ਅਹੰਕਾਰੀ ਦੁੱਖਾਂ ਦੀ ਦਲਦਲ ਵਿਚ ਫਸ ਜਾਂਦਾ ਹੈ। ਧੰਨ ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਫ਼ੁਰਮਾਨ ਕਰਦੇ ਨੇ:

**ਆਵੰਤ ਜਾਵੰਤ ਥਕੰਤ ਜੀਆ ਦੁਖ ਸੁਖ ਬਹੁ ਭੋਗਣਹ॥**

ਐ ਅਹੰਕਾਰ! ਤੇਰੇ ਕਰਕੇ ਜੀਵ ਜੰਮਦੇ ਨੇ, ਮਰਦੇ ਨੇ; ਆਉਂਦੇ ਨੇ, ਜਾਂਦੇ ਨੇ; ਦੁੱਖ ਭੋਗਦੇ ਨੇ, ਸੁੱਖ ਭੋਗਦੇ ਨੇ; ਥੱਕ ਜਾਂਦੇ ਨੇ, ਟੁੱਟ ਜਾਂਦੇ ਨੇ। ਐ ਅਹੰਕਾਰ! ਤੂੰ ਤਾਂ ਕਈਆਂ ਨੂੰ ਤੋੜ ਕੇ ਰੱਖ ਦਿੰਦਾ ਹੈਂ:

**ਭ੍ਰਮ ਭਯਾਨ ਉਦਿਆਨ ਰਮਣੰ ਮਹਾ ਬਿਕਟ ਅਸਾਧ ਰੋਗਣਹ॥**

ਇਹ ਬੜਾ ਅਸਾਧ ਰੋਗ ਹੈ। ਅਹੰਕਾਰੀ ਦੇ ਹਾਲਾਤ ਐਸੇ ਬਣ ਜਾਂਦੇ ਨੇ ਜੈਸੇ ਕੋਈ ਭਿਆਨਕ ਜੰਗਲ, ਉਦਿਆਨ ਦੇ ਵਿਚ ਰਮਣ ਕਰ ਰਿਹਾ ਹੋਵੇ, ਭ੍ਰਮਣ ਕਰ ਰਿਹਾ ਹੋਵੇ। ਉਹਦੇ ਗੂੜ੍ਹੇ ਮਿੱਤਰ ਨਹੀਂ ਰਹਿ ਜਾਂਦੇ, ਉਸ ਤੋਂ ਸਭ ਦੂਰ ਹੋ ਜਾਂਦੇ ਨੇ ਔਰ ਅਹੰਕਾਰੀ ਇਕੱਲਾ ਰਹਿ ਜਾਂਦਾ ਹੈ ਔਰ ਐਸਾ ਰਹਿ ਜਾਂਦਾ ਹੈ ਜੈਸੇ ਉਦਿਆਨ ਵਿਚ, ਭਿਆਨਕ ਜੰਗਲ ਦੇ ਵਿਚ ਮਨੁੱਖ ਤਨਹਾ ਰਹਿ ਗਿਆ ਹੋਵੇ। ਤੇ ਅਸਾਧ ਰੋਗ ਹੈ, ਕਿਸੇ ਵੈਦ ਕੋਲ ਇਸ ਦੀ ਦਵਾਈ ਨਹੀਂ ਹੈ, ਕੋਈ ਇਲਾਜ ਨਹੀਂ ਹੈ। ਇਸ ਸਲੋਕ ਦੀ ਅੰਤਲੀ ਪੰਗਤੀ ਵਿਚ ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਇੰਜ ਫ਼ੁਰਮਾਨ ਕਰਦੇ ਨੇ:

**ਬੈਦੵੰ ਪਾਰਬ੍ਰਹਮ ਪਰਮੇਸੁਰ ਆਰਾਧਿ ਨਾਨਕ ਹਰਿ ਹਰਿ ਹਰੇ॥**

ਹੇ ਵੈਦ, ਹੇ ਹਕੀਮ ਪਰਮਾਤਮਾ! ਕਿਹੜੀ ਦਵਾਈ ਹੈ ਉਸਦੇ ਕੋਲ? ਬਸ ਪਰਮਾਤਮਾ ਦੇ ਨਾਮ ਦੀ ਦਵਾਈ ਹੈ ਉਸ ਕੋਲ। ਔਰ ਇਹ ਦਵਾਈ ਕਿਧਰੋਂ ਬਾਹਰੋਂ ਨਹੀਂ ਲਿਆਉਣੀ, ਕਿਧਰੋਂ ਬਾਹਰੋਂ ਨਹੀਂ ਲੱਭਣੀ, ਇਹ ਦਵਾਈ ਅੰਦਰ ਹੀ ਪਈ ਹੈ, ਜੈਸੇ ਕਿ ਅਹੰਕਾਰ ਦਾ ਰੋਗ ਅੰਦਰ ਪਿਆ ਹੈ:

**ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥** *(ਪੰਨਾ 466)*

ਪਰ ਇਸਦਾ ਇਹ ਮਤਲਬ ਨਹੀਂ ਕਿ ਦਾਰੂ ਨਹੀਂ ਹੈ। ਅਹੰਕਾਰ ਅੰਦਰ



Sri Satguru Jagjit Singh Ji eLibrary NamdhariElibrary@gmail.com

ਹੈ, ਔਸ਼ਧੀ ਵੀ ਅੰਦਰ ਹੈ। ਮੈਂ ਮੈਂ ਅੰਦਰੋਂ ਨਿਕਲ ਰਿਹਾ ਹੈ। ਹੁਣ ਜੇ ਅੰਦਰੋਂ ਨਿਕਲੇ 'ਤੂੰ, ਤੂੰ, ਤੂੰ' ਇਹ ਤਾਂ ਹੋ ਗਈ ਔਸ਼ਧੀ। 'ਮੈਂ, ਮੈਂ, ਮੈਂ' ਇਹ ਤਾਂ ਰੋਗ ਹੋ ਗਿਆ। ਇਹ ਰੋਗ ਤੇ ਔਸ਼ਧੀ ਦੋਵੇਂ ਮਨੁੱਖ ਦੇ ਅੰਦਰ ਹੀ ਹਨ। ਇਸਦੀ ਮਰਜ਼ੀ ਹੈ ਕਿ ਰੋਗ ਨੂੰ ਵਧਾਣਾ ਹੈ ਕਿ ਔਸ਼ਧੀ ਨਾਲ ਇਸ ਰੋਗ ਨੂੰ ਘਟਾਣਾ ਤੇ ਮਿਟਾਣਾ ਹੈ। ਮੈਂ, ਮੈਂ, ਮੈਂ ਅੰਦਰੋਂ ਨਿਕਲੇਗਾ, ਮੇਰਾ ਧਨ, ਮੇਰੀ ਕੁਲ, ਮੇਰਾ ਰੂਪ, ਮੇਰੀ ਪ੍ਰਭੁਤਾ, ਮੇਰੀ ਜ਼ਾਤ, ਮੇਰਾ ਕੁਲ ਅੰਦਰੋਂ ਨਿਕਲੇਗਾ। ਤੂੰ ਹੈਂ, ਤੂੰ ਹੈਂ, ਤੂੰ ਹੈਂ, ਕੁਛ ਵੀ ਨਹੀਂ ਮੇਰਾ :

**ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ॥**
**ਈਘੈ ਨਿਰਗੁਨ ਊਘੈ ਸਰਗੁਨ ਕੇਲ ਕਰਤ ਬਿਚਿ ਸੁਆਮੀ ਮੇਰਾ॥**

*(ਪੰਨਾ 827)*

ਇਹ ਜੁ 'ਤੇਰਾ ਤੇਰਾ' ਹੈ, ਇਹ ਵੀ ਅੰਦਰੋਂ ਨਿਕਲੇਗਾ ਔਰ ਇਹ ਜੋ 'ਮੇਰਾ ਮੇਰਾ' ਹੈ, ਇਹ ਵੀ ਅੰਦਰੋਂ ਨਿਕਲੇਗਾ। ਇਸ ਵਾਸਤੇ ਰੋਗ ਵੀ ਅੰਦਰ ਹੈ, ਦਵਾਈ ਵੀ ਅੰਦਰ ਹੈ। ਸਤਿਸੰਗ ਇਸੇ ਵਾਸਤੇ ਹੈ। ਔਰ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਇਹ ਫ਼ੁਰਮਾਨ, ਇਹ ਵਾਕ, ਪ੍ਰੇਰਨਾ ਦੇ ਰਿਹਾ ਹੈ ਕਿ ਰੋਗ ਅੰਦਰ ਹੈ, ਤੋ ਵੈਦ ਵੀ ਅੰਦਰ ਬੈਠਾ ਹੈ, ਔਸ਼ਧੀ ਵੀ ਅੰਦਰ ਹੈ। ਤੂੰ ਉਸ ਔਸ਼ਧੀ ਦਾ ਸੇਵਨ ਕਰ ਤੇ ਕਹਿ—ਸਭ ਕੁਛ ਤੂੰ ਹੀ ਹੈਂ। 'ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ', ਤੂੰ ਹੀ ਹੈਂ। ਜਿਤਨਾ ਕਹਿੰਦਾ ਜਾਏਂਗਾ, ਉਤਨੀ ਹੀ 'ਮੈਂ' ਮਿਟਦੀ ਜਾਏਗੀ। ਜੈਸੇ ਹੀ ਅਹੰਕਾਰ ਪੂਰਨ ਤੌਰ 'ਤੇ ਮਿਟ ਜਾਏਗਾ, ਵੈਸੇ ਹੀ ਨਿਰੰਕਾਰ ਪੂਰਨ ਤੌਰ 'ਤੇ ਪ੍ਰਗਟ ਹੋ ਜਾਏਗਾ ਔਰ ਤੂੰ ਨਿਰੰਕਾਰ ਦਾ ਰੂਪ ਹੋ ਜਾਏਂਗਾ, ਈਸ਼ਵਰ ਦਾ ਰੂਪ ਹੋ ਜਾਏਂਗਾ :

**ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ॥**
**ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ॥**

*(ਸੋਰਠਿ ਮਹਲਾ ੯, ਪੰਨਾ 633)*

ਇਸ ਤਰ੍ਹਾਂ ਤੂੰ ਪ੍ਰਭੂ ਦਾ ਹੀ ਰੂਪ ਹੋ ਜਾਏਂਗਾ।

•



Sri Satguru Jagjit Singh Ji eLibrary NamdhariElibrary@gmail.com

# ਚਾਰ ਯੁਗ

ਮੈਂ ਜਿਸ ਅਛੂਤੇ ਵਿਸ਼ੇ ਨੂੰ ਅੱਜ ਵਿਚਾਰ ਦੇ ਰਾਹੀਂ ਛੂਹਣ ਲੱਗਾ ਹਾਂ, ਉਹ ਹੈ ਚਾਰ ਯੁਗ। ਵੈਸੇ ਤਾਂ ਭਾਰਤ ਦੇ ਮੁਨੀਸ਼ ਤਕਰੀਬਨ ਤਕਰੀਬਨ ਮਨੁੱਖਤਾ ਨੂੰ ਹਰ ਸਮੇਂ ਚਾਰ ਹਿੱਸਿਆਂ ਵਿਚ ਵੰਡਦੇ ਰਹੇ ਹਨ, ਉਨ੍ਹਾਂ ਜੀਵਨ ਦੇ ਢੰਗ ਵੀ ਚਾਰ ਦੱਸੇ ਨੇ। ਜੈਸੇ:

1. ਖੱਤਰੀ, 2. ਬ੍ਰਾਹਮਣ, 3. ਸ਼ੂਦਰ, 4. ਵੈਸ਼।

ਇਹ ਚਾਰ ਵਰਣ (ਵਰਗ), ਜੀਵਨ ਦੇ ਚਾਰ ਢੰਗ। ਫਿਰ ਚਾਰ ਆਸ਼੍ਰਮ:

1. ਬ੍ਰਹਮਚਾਰੀ, 2. ਗ੍ਰਿਹਸਥੀ, 3. ਬਾਣਪ੍ਰਸਤੀ, 4. ਸੰਨਿਆਸੀ।

ਹੈਰਾਨਗੀ ਹੈ, ਪੁਰਾਣਾ ਮਤ—ਸਨਾਤਨ ਮਤ, ਉਸਦੇ ਮੂਲ ਗ੍ਰੰਥ ਵੀ ਚਾਰ ਹੀ ਨੇ, ਜੋ ਚਾਰ ਵੇਦ ਕਹਿਲਾਂਦੇ ਨੇ:

1. ਰਿਗ ਵੇਦ, 2. ਯਜੁਰ ਵੇਦ, 3. ਸਿਆਮ ਵੇਦ, 4. ਅਥਰਵ ਵੇਦ।

ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਵੀ ਇਸ ਵਿਸ਼ੇ ਨੂੰ ਆਪਣੇ ਵਿਚਾਰਾਂ ਵਿਚ ਪ੍ਰੋਇਆ ਹੈ ਔਰ ਚਾਰ ਵੇਦਾਂ ਦੀ ਬੜੀ ਸੋਹਣੀ ਵਿਆਖਿਆ ਜਗਤ ਦੇ ਸਾਹਮਣੇ ਰੱਖੀ ਹੈ। ਚਾਰ ਯੁਗ, ਇਹਨਾਂ ਨੂੰ ਕਈ ਦ੍ਰਿਸ਼ਟੀਕੋਣਾਂ ਦੇ ਨਾਲ ਨਾਪਣਾ ਤੋਲਣਾ ਪਏਗਾ। ਪਹਿਲਾ ਸਮੇਂ ਵਿਚ ਚਾਰ ਯੁਗ, ਦੂਸਰਾ ਅਸਥਾਨ ਦੇ ਵਿਚ ਚਾਰ ਯੁਗ, ਤੀਸਰਾ ਮਨ ਦੇ ਵਿਚ ਚਾਰ ਯੁਗ। ਮਾਨਸਿਕ ਅਵਸਥਾ ਦੀਆਂ ਚਾਰ ਸ਼੍ਰੇਣੀਆਂ, ਜਿਨ੍ਹਾਂ ਨੂੰ ਅਸੀਂ ਚਾਰ ਯੁਗ ਕਹਿ ਸਕਦੇ ਹਾਂ। ਪ੍ਰਥਮ, ਸਮੇਂ ਵਿਚ: ਐਸਾ ਮੰਨਿਆ ਗਿਆ ਹੈ ਕਿ ਲੱਖ ਡੇਢ ਲੱਖ ਸਾਲ ਬਾਅਦ ਯੁਗ ਬਦਲ ਜਾਂਦੇ ਨੇ, ਔਰ ਪੌਰਾਣਿਕ ਗ੍ਰੰਥਾਂ ਵਿਚ ਯੁਗਾਂ ਦੀ ਉਮਰ ਵੀ ਦੱਸੀ ਗਈ ਹੈ ਕਿ ਇਤਨੇ ਯੁਗਾਂ ਬਾਅਦ, ਇਤਨੇ ਸਮੇਂ ਬਾਅਦ ਯੁਗ ਬਦਲ ਜਾਂਦਾ ਹੈ। ਯੁਗ ਦੀ ਤਬਦੀਲੀ ਸਮੇਂ 'ਤੇ ਖੜ੍ਹੀ ਹੈ ਔਰ ਹਰ ਯੁਗ ਦਾ ਅਵਤਾਰ ਵੀ ਮੰਨਿਆ ਗਿਆ ਹੈ। ਦੂਸਰਾ ਯੁਗ ਅਸਥਾਨ। ਤੀਸਰਾ ਯੁਗ ਮਾਨਸਿਕ ਅਵਸਥਾ। ਇਹ ਤਿੰਨੇ ਪਹਿਲੂ ਮੈਂ ਤੁਹਾਡੇ ਸਾਹਮਣੇ ਉਜਾਗਰ ਕਰਨ ਲੱਗਾ ਹਾਂ।



Sri Satguru Jagjit Singh Ji eLibrary NamdhariElibrary@gmail.com

ਪ੍ਰਥਮ, ਸਮੇਂ ਵਿਚ ਚਾਰ ਯੁਗਾਂ ਦੇ ਇਤਿਹਾਸ ਨੂੰ ਵਾਚੀਏ। ਅੱਜ ਤੋਂ ਪੰਜ ਹਜ਼ਾਰ ਸਾਲ ਪਹਿਲੇ ਸ੍ਰੀ ਰਾਮ ਜੀ ਸਨ। ਅੰਦਾਜ਼ਨ ਸਾਢੇ ਤਿੰਨ ਹਜ਼ਾਰ ਸਾਲ ਪਹਿਲੇ ਸ੍ਰੀ ਕ੍ਰਿਸ਼ਨ ਜੀ ਸਨ। ਕੋਈ ਸਵਾ ਪੰਜ ਸੌ ਸਾਲ ਪਹਿਲੇ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਸਨ। ਪਰ ਇਹ ਤਿੰਨੇ ਅਵਤਾਰ ਪੰਜ ਹਜ਼ਾਰ ਸਾਲ ਦੀ ਅਵਧੀ ਵਿਚ ਹੋ ਜਾਂਦੇ ਹਨ। ਇਕ ਇਕ ਯੁਗ ਦੀ ਲੱਖਾਂ ਸਾਲ ਦੀ ਉਮਰ, ਕਪੋਲ ਕਲਪਨਾ ਤੋਂ ਬਿਨਾਂ ਹੋਰ ਕੁਛ ਨਹੀਂ ਹੋ ਸਕਦੀ। ਕਿਉਂਕਿ ਸ੍ਰੀ ਰਾਮ ਨੂੰ ਤ੍ਰੇਤੇ ਯੁਗ ਦਾ ਅਵਤਾਰ ਮੰਨਦੇ ਨੇ ਤੇ ਪੰਦਰਾਂ ਸੌ ਸਾਲ ਬਾਅਦ ਸ੍ਰੀ ਕ੍ਰਿਸ਼ਨ ਮੌਜੂਦ ਸਨ। ਸ੍ਰੀ ਕ੍ਰਿਸ਼ਨ ਨੂੰ ਦੁਆਪਰ ਯੁਗ ਦਾ ਅਵਤਾਰ ਮੰਨਦੇ ਨੇ ਔਰ ਤਿੰਨ ਹਜ਼ਾਰ ਸਾਲ ਬਾਅਦ ਗੁਰੂ ਨਾਨਕ ਸਾਹਿਬ ਪ੍ਰਗਟ ਹੋ ਗਏ ਔਰ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਕਲਿਯੁਗ ਦਾ ਅਵਤਾਰ ਮੰਨੇ ਜਾਂਦੇ ਨੇ। ਇਹ ਤਾਂ ਸਾਰੇ ਦੇ ਸਾਰੇ ਪੰਜ ਹਜ਼ਾਰ ਸਾਲ ਵਿਚ ਹੋ ਗਏ। ਐਸਾ ਅੰਦਾਜ਼ਾ ਹੈ ਕਿ ਇਕ ਯੁਗ ਦੀ ਉਮਰ ਸਮੇਂ ਵਿਚ ਨਾਪੀਏ ਤਾਂ ਢਾਈ ਹਜ਼ਾਰ ਸਾਲ ਤੋਂ ਬਾਅਦ ਹੋ ਹੀ ਨਹੀਂ ਸਕਦੀ, ਕੁਲ ਅਵਧੀ ਢਾਈ ਹਜ਼ਾਰ ਸਾਲ। ਤੇ ਯੁਗ ਦੀ ਤਬਦੀਲੀ ਕਿਸ ਤਰ੍ਹਾਂ ਹੁੰਦੀ ਹੈ, ਕਿਵੇਂ ਮੰਨ ਲਿਆ ਜਾਏ ਕਿ ਯੁਗ ਬਦਲ ਗਿਆ ਹੈ ? ਹਜ਼ਾਰਾਂ, ਲੱਖਾਂ ਸਾਲ ਪਹਿਲੇ ਜੋ ਸੂਰਜ ਸੀ, ਅੱਜ ਵੀ ਉਹ ਹੀ ਹੈ। ਲੱਖਾਂ ਸਾਲ ਪਹਿਲੇ ਜੋ ਚੰਦ੍ਰਮਾ ਸੀ, ਅੱਜ ਵੀ ਉਹ ਹੀ ਹੈ। ਔਰ ਇਸੇ ਤਰੀਕੇ ਨਾਲ ਧਰਤੀ ਵੀ ਉਹ ਹੀ ਹੈ, ਗ੍ਰਹਿ ਵੀ ਉਹ ਹੀ ਹਨ, ਸਿਤਾਰੇ ਵੀ ਉਹ ਹੀ ਹਨ, ਸਾਗਰ ਵੀ ਉਹ ਹੀ ਹੈ ਔਰ ਕਿਸੇ ਹੱਦ ਤਕ ਕੁਝ ਥੋੜ੍ਹੀਆਂ ਨਦੀਆਂ ਦੇ ਅਦਲ-ਬਦਲ ਤੋਂ ਬਾਅਦ ਸਾਰੀਆਂ ਨਦੀਆਂ ਵੀ ਉਹ ਹੀ ਹਨ। ਪੁਰਾਣੇ ਤੋਂ ਪੁਰਾਣੇ ਇਤਿਹਾਸ ਵਿਚ ਗੰਗਾ ਦਾ ਜ਼ਿਕਰ ਹੈ, ਵਗ ਰਹੀ ਹੈ ਅੱਜ ਵੀ। ਪੁਰਾਣੇ ਇਤਿਹਾਸ ਵਿਚ ਜਮੁਨਾ ਦਾ ਜ਼ਿਕਰ ਹੈ, ਨਰਬਦਾ ਦਾ ਜ਼ਿਕਰ ਹੈ, ਵਗ ਰਹੀਆਂ ਨੇ ਅੱਜ ਵੀ। ਤੇ ਜ਼ਮੀਨ ਉਹੋ ਹੀ ਹੈ, ਦਰਿਆ ਉਹੀ ਹਨ, ਸਾਗਰ ਉਹੋ ਹੀ ਹੈ, ਸੂਰਜ, ਚੰਦ, ਤਾਰੇ ਉਹੀ ਹਨ। ਤੇ ਇਥੋਂ ਗੱਲ ਸਪੱਸ਼ਟ ਹੋ ਗਈ। ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਆਪਣੀ ਬਾਣੀ ਵਿਚ ਫ਼ੁਰਮਾਉਂਦੇ ਨੇ :

**ਸੋਈ ਚੰਦੁ ਚੜਹਿ ਸੇ ਤਾਰੇ ਸੋਈ ਦਿਨੀਅਰੁ ਤਪਤ ਰਹੈ ॥**
**ਸਾ ਧਰਤੀ ਸੋ ਪਉਣੁ ਝੁਲਾਰੇ ਜੁਗ ਜੀਅ ਖੇਲੇ ਥਾਵ ਕੈਸੇ ॥**

*(ਰਾਮਕਲੀ ਮਹਲਾ ੧, ਪੰਨਾ 902)*

ਯੁਗਾਂ ਦੀ ਤਬਦੀਲੀ, ਮਨੁੱਖਾਂ ਦੀ ਤਬਦੀਲੀ 'ਤੇ ਖੜ੍ਹੀ ਹੈ ਨਾ ਕਿ ਸੂਰਜ ਦੇ ਬਦਲਣ 'ਤੇ। ਸੂਰਜ ਤਾਂ ਉਹ ਹੀ ਹੈ, ਚੰਦ੍ਰਮਾ ਉਹ ਹੀ ਹੈ, ਸਭ ਕੁਛ ਉਹ



Sri Satguru Jagjit Singh Ji eLibrary NamdhariElibrary@gmail.com

ਹੀ ਹੈ ਔਰ ਜਦ ਸਭ ਕੁਛ ਉਹ ਹੀ ਹੈ ਤੋ ਫਿਰ ਤਾਂ ਇੱਕੋ ਹੀ ਯੁਗ ਹੋਣਾ ਚਾਹੀਦਾ ਹੈ। ਪਰ ਨਹੀਂ, ਯੁਗਾਂ ਦੀ ਤਬਦੀਲੀ ਮਨੁੱਖ 'ਤੇ ਖੜ੍ਹੀ ਹੈ, ਯੁਗਾਂ ਦੀ ਤਬਦੀਲੀ ਮਨੁੱਖ ਦੀ ਸੋਚ 'ਤੇ ਖੜ੍ਹੀ ਹੈ, ਵਿਚਾਰਧਾਰਾ 'ਤੇ ਖੜ੍ਹੀ ਹੈ ਯਾ ਇੰਜ ਕਹਿ ਲਵੋ ਕਿ ਯੁਗ ਇਕ ਵਿਚਾਰ ਦਾ ਨਾਮ ਹੈ, ਇਕ ਮਾਨਸਿਕ ਅਵਸਥਾ ਦਾ ਨਾਮ ਹੈ। ਮਨੁੱਖ ਦੇ ਵਿਚਾਰ ਬਦਲਦਿਆਂ ਹੀ ਸੰਸਾਰ ਬਦਲ ਜਾਂਦਾ ਹੈ, ਯੁਗ ਬਦਲ ਜਾਂਦਾ ਹੈ। ਅੰਦਾਜ਼ਨ ਢਾਈ ਹਜ਼ਾਰ ਸਾਲ ਤੋਂ ਬਾਅਦ ਜੀਵਨ-ਸ਼ੈਲੀ ਬਦਲ ਜਾਂਦੀ ਹੈ, ਕਿਉਂਕਿ ਮਨੁੱਖ ਦੇ ਵਿਚਾਰ ਬਦਲ ਜਾਂਦੇ ਨੇ। ਮਨੁੱਖ ਇਕ ਐਸਾ ਪ੍ਰਾਣੀ ਹੈ, ਜੋ ਸਭ ਕੁਝ ਦੇ ਵਿਚ ਤਬਦੀਲੀ ਚਾਹੁੰਦਾ ਹੈ। ਪਰਿਵਾਰਕ ਢਾਂਚੇ ਬਦਲਦੇ ਰਹੇ ਨੇ, ਰਾਜਨੀਤੀ ਬਦਲਦੀ ਰਹੀ ਹੈ, ਧਰਮ ਦੇ ਸਾਧਨ ਬਦਲਦੇ ਰਹੇ ਨੇ, ਕਰਮ-ਕਾਂਡ ਬਦਲਦਾ ਰਿਹਾ ਹੈ, ਇਸ ਸਭ ਕੁਝ ਦੀ ਤਬਦੀਲੀ ਵਿਚਾਰ ਦੀ ਤਬਦੀਲੀ 'ਤੇ ਖੜ੍ਹੀ ਹੈ ਔਰ ਵਿਚਾਰ ਦੀ ਤਬਦੀਲੀ ਨੂੰ ਹੀ ਯੁਗ ਦੀ ਤਬਦੀਲੀ ਕਹਿੰਦੇ ਨੇ। ਬਹੁ-ਗਿਣਤੀ ਦੇ ਵਿਚ ਜਦ ਮਨੁੱਖ ਦੇ ਵਿਚਾਰ ਬਦਲ ਜਾਣ, ਰਹਿਣ-ਸਹਿਣ ਬਦਲ ਜਾਏ, ਖਾਣ-ਪੀਣ ਬਦਲ ਜਾਏ ਤੋ ਫਿਰ ਯੁਗ ਬਦਲ ਜਾਂਦਾ ਹੈ। ਧੰਨ ਗੁਰੂ ਰਾਮਦਾਸ ਜੀ ਮਹਾਰਾਜ ਯੁਗਾਂ ਨੂੰ ਆਪਣੀ ਬਾਣੀ ਦੇ ਵਿਚ ਜਿਸ ਢੰਗ ਨਾਲ ਫ਼ੁਰਮਾਨ ਕਰਦੇ ਨੇ, ਉਹ ਇਸ ਪ੍ਰਕਾਰ ਹੈ:

## 1. ਸਤਿਯੁਗ

**ਸਤਜੁਗਿ ਸਭੁ ਸੰਤੋਖ ਸਰੀਰਾ ਪਗ ਚਾਰੇ ਧਰਮੁ ਧਿਆਨੁ ਜੀਉ ॥**
**ਮਨਿ ਤਨਿ ਹਰਿ ਗਾਵਹਿ ਪਰਮ ਸੁਖੁ ਪਾਵਹਿ,**
**ਹਰਿ ਹਿਰਦੈ ਹਰਿ ਗੁਣ ਗਿਆਨੁ ਜੀਉ ॥**
**ਗੁਣ ਗਿਆਨੁ ਪਦਾਰਥੁ ਹਰਿ ਹਰਿ ਕਿਰਤਾਰਥੁ ਸੋਭਾ ਗੁਰਮੁਖਿ ਹੋਈ ॥**
**ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਦੂਜਾ ਅਵਰੁ ਨ ਕੋਈ ॥**
**ਹਰਿ ਹਰਿ ਲਿਵ ਲਾਈ ਹਰਿ ਨਾਮੁ ਸਖਾਈ ਹਰਿ ਦਰਗਹ ਪਾਵੈ ਮਾਨੁ ਜੀਉ ॥**
**ਸਤਜੁਗਿ ਸਭੁ ਸੰਤੋਖ ਸਰੀਰਾ ਪਗ ਚਾਰੇ ਧਰਮੁ ਧਿਆਨੁ ਜੀਉ ॥**

*(ਆਸਾ ਮਹਲਾ 4, ਪੰਨਾ 445)*

ਧਰਮ ਤਖ਼ਤ 'ਤੇ ਬੈਠਾ ਸੀ। ਤਖ਼ਤ ਦੇ ਚਾਰ ਪੈਰ ਹੁੰਦੇ ਨੇ। ਧਰਮ ਚੱਲ ਰਿਹਾ ਸੀ ਚਾਰ ਪੈਰਾਂ ਦੇ ਆਸਰੇ 'ਤੇ। ਧੰਨ ਗੁਰੂ ਰਾਮਦਾਸ ਜੀ ਫ਼ੁਰਮਾਉਂਦੇ ਨੇ—ਸਤਿਯੁਗ ਵਿਚ ਧਰਮ ਦੇ ਚਾਰੇ ਪੈਰ ਮੌਜੂਦ ਸਨ। "ਸਤਜੁਗਿ ਸਭੁ ਸੰਤੋਖ ਸਰੀਰਾ"—ਮਨੁੱਖ ਦੇ ਸਰੀਰ ਦੇ ਅੰਦਰ ਸੰਤੋਖ ਸੀ; ਉੱਚਾ ਆਚਰਣ ਸੀ; ਪਰਉਪਕਾਰੀ ਬਿਰਤੀਆਂ ਸਨ; ਮਨ ਦੇ ਵਿਚ, ਤਨ ਦੇ ਵਿਚ ਸੰਤੋਖੀ ਜ਼ਿੰਦਗੀ



Sri Satguru Jagjit Singh Ji eLibrary NamdhariElibrary@gmail.com

ਕਲ-ਕਲੇਸ਼ ਤੋਂ ਬਚੀ ਹੋਈ ਸੀ, ਲਿਵ ਪ੍ਰਭੂ ਨਾਲ ਜੁੜੀ ਹੋਈ ਸੀ। ਇਸ ਤਰ੍ਹਾਂ ਗੁਰੂ ਰਾਮਦਾਸ ਜੀ ਮਹਾਰਾਜ ਸਤਿਯੁਗ ਦੀ ਵਿਆਖਿਆ ਕਰਦੇ ਨੇ। ਭੌਤਿਕ ਉੱਨਤੀ ਵੀ ਇਤਨੀ ਹੋਈ ਸੀ, ਲਿਹਾਜ਼ਾ ਭੌਤਿਕ ਰੁਚੀਆਂ ਇਤਨੀਆਂ ਉਜਾਗਰ ਨਹੀਂ ਸਨ ਹੋਈਆਂ। ਮਨੁੱਖ ਅੰਤਰਮੁਖੀ ਸਨ, ਸਰੀਰ ਦੀਆਂ ਲੋੜਾਂ ਦੀ ਪੁਸ਼ਟੀ ਹੋ ਗਈ, ਉਸਦੇ ਵਿਚ ਸੰਤੁਸ਼ਟ ਰਹਿੰਦੇ ਸਨ। ਇਹ ਇਕ ਸਮੇਂ ਵਿਚ ਜੀਅ ਰਹੇ ਮਨੁੱਖ ਸਨ ਔਰ ਇਸ ਦੀ ਆਪਣੀ ਇਕ ਤਰਜ਼ੇ-ਜ਼ਿੰਦਗੀ ਸੀ, ਪ੍ਰਾਕਿਰਤਕ ਜੀਵਨ ਸੀ, ਪ੍ਰਕਿਰਤੀ ਦੇ ਮੁਤਾਬਕ ਜੀ ਰਹੇ ਸਨ।

## 2. ਤ੍ਰੇਤਾ ਯੁਗ

ਸਹਿਜੇ ਸਹਿਜੇ ਬਦਲ ਗਈ ਜੀਵਨ-ਸ਼ੈਲੀ। ਜੀਵਨ-ਸ਼ੈਲੀ ਬਦਲਦੀ ਹੈ ਵਿਚਾਰਾਂ ਦੀ ਤਬਦੀਲੀ ਨਾਲ। ਧੰਨ ਗੁਰੂ ਰਾਮਦਾਸ ਜੀ ਮਹਾਰਾਜ ਇਸ ਤਬਦੀਲੀ ਨੂੰ ਬਿਆਨ ਕਰਦੇ ਨੇ। ਯੁਗਾਂ ਦੀ ਤਬਦੀਲੀ ਦਾ ਜ਼ਿਕਰ ਗੁਰੂ ਅਰਜਨ ਦੇਵ ਜੀ ਨੇ ਵੀ ਕੀਤਾ ਹੈ। ਯੁਗਾਂ ਦੀ ਤਬਦੀਲੀ ਨੂੰ ਭਾਈ ਗੁਰਦਾਸ ਜੀ ਬੜੇ ਆਲਿਮਾਨਾ ਢੰਗ ਨਾਲ ਬਿਆਨ ਕਰਦੇ ਨੇ। ਔਰ ਯੁਗਾਂ ਦੀ ਤਬਦੀਲੀ ਨੂੰ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਵੀ ਦਰਸਾਇਆ ਹੈ। ਧੰਨ ਗੁਰੂ ਰਾਮਦਾਸ ਜੀ ਮਹਾਰਾਜ ਤ੍ਰੇਤੇ ਯੁਗ ਦਾ ਨਕਸ਼ਾ ਇਸ ਪ੍ਰਕਾਰ ਪੇਸ਼ ਕਰਦੇ ਹਨ :

**ਤੇਤਾ ਜੁਗੁ ਆਇਆ ਅੰਤਰਿ ਜੋਰੁ ਪਾਇਆ,**
**ਜਤੁ ਸੰਜਮ ਕਰਮ ਕਮਾਇ ਜੀਉ ॥** *(ਆਸਾ ਮਹਲਾ 4, ਪੰਨਾ 445)*

ਤ੍ਰੇਤੇ ਵਿਚ ਅਹੰਕਾਰ ਉਤਪੰਨ ਹੋਇਆ ਔਰ ਅਹੰਕਾਰ ਦੀ ਪੂਰਤੀ ਲਈ ਹਰ ਮਨੁੱਖ ਜ਼ੋਰ ਲਾਉਣ ਲੱਗ ਪਿਆ। ਮੈਂ ਜ਼ੋਰਾਵਰ ਹੋ ਜਾਵਾਂ, ਸ਼ਕਤੀਸ਼ਾਲੀ ਹੋ ਜਾਵਾਂ, ਤਾਕਤਵਰ ਹੋ ਜਾਵਾਂ। ਧਾਰਮਿਕ ਦੁਨੀਆ ਜਤੁ, ਸਤੁ, ਸੰਜਮ ਤੇ ਕਰਮ-ਕਾਂਡ 'ਤੇ ਵਿਅਰਥ ਹੀ ਖੜ੍ਹੀ ਹੋ ਗਈ :

**ਪਗੁ ਚਉਥਾ ਖਿਸਿਆ ਤ੍ਰੈ ਪਗ ਟਿਕਿਆ,**
**ਮਨਿ ਹਿਰਦੈ ਕ੍ਰੋਧੁ ਜਲਾਇ ਜੀਉ ॥** *(ਆਸਾ ਮਹਲਾ 4, ਪੰਨਾ 445)*

ਪ੍ਰਭੁਤਾ ਚਾਹੀਦੀ ਹੈ, ਸ਼ਕਤੀ ਚਾਹੀਦੀ ਹੈ। ਤੇ ਵਿਘਨ ਤਾਂ ਹੈਗੇ ਨੇ, ਕਿਉਂਕਿ ਬਹੁ-ਗਿਣਤੀ ਵਿਚ ਜਦ ਮਨੁੱਖ ਨੂੰ ਸ਼ਕਤੀ ਚਾਹੀਦੀ ਹੈ, ਜ਼ੋਰਾਵਰ ਹੋਣਾ ਚਾਹੁੰਦਾ ਹੈ, ਤੇ ਅੱਗੇ ਵਧਣ ਲਈ ਕਈਆਂ ਨੂੰ ਪਛਾੜਨਾ ਪਏਗਾ, ਕਈਆਂ ਨਾਲ ਹਿੰਸਾਤਮਕ ਘਟਨਾਵਾਂ ਵੀ ਘਟਣਗੀਆਂ। ਤੇ ਫਿਰ ਕ੍ਰੋਧਿਤ ਹੋਣਾ ਉਨ੍ਹਾਂ ਦਾ ਲਾਜ਼ਮੀ ਹੈ, ਜਿਨ੍ਹਾਂ ਨੂੰ ਧੱਕੇ ਮਾਰ ਕੇ ਪਿੱਛੇ ਸੁੱਟਿਆ ਹੋਵੇਗਾ।



Sri Satguru Jagjit Singh Ji eLibrary NamdhariElibrary@gmail.com

ਤੋ ਤ੍ਰੇਤੇ ਵਿਚ ਕ੍ਰੋਧ ਦੀ ਅਗਨ ਪ੍ਰਚੱਲਤ ਹੋਈ :

**ਮਨਿ ਹਿਰਦੈ ਕ੍ਰੋਧੁ ਮਹਾ ਬਿਸਲੋਧੁ ਨਿਰਪ ਧਾਵਹਿ ਲੜਿ ਦੁਖੁ ਪਾਇਆ ॥**
**ਅੰਤਰਿ ਮਮਤਾ ਰੋਗੁ ਲਗਾਨਾ ਹਉਮੈ ਅਹੰਕਾਰੁ ਵਧਾਇਆ ॥**

*(ਆਸਾ ਮਹਲਾ ੪, ਪੰਨਾ 445)*

ਰਾਜੇ, ਛੋਟੇ ਛੋਟੇ ਰਜਵਾੜੇ, ਜਾਗੀਰਦਾਰ ਆਪਸ ਵਿਚ ਲੜਨ-ਮਰਨ ਲੱਗ ਪਏ। ਮੋਹ ਮਮਤਾ ਵਧ ਗਈ, ਅਹੰਕਾਰ ਵੀ ਵਧ ਗਿਆ, ਕ੍ਰੋਧ ਵੀ ਵਧ ਗਿਆ। ਸਤਿਗੁਰ ਜੀ ਮਹਾਰਾਜ ਅਗਾਂਹ ਫ਼ੁਰਮਾਨ ਕਰਦੇ ਨੇ :

**ਹਰਿ ਹਰਿ ਕ੍ਰਿਪਾ ਧਾਰੀ ਮੇਰੈ ਠਾਕੁਰਿ,**
**ਬਿਖੁ ਗੁਰਮਤਿ ਹਰਿ ਨਾਮਿ ਲਹਿ ਜਾਇ ਜੀਉ ॥**
**ਤੇਤਾ ਜੁਗੁ ਆਇਆ ਅੰਤਰਿ ਜੋਰੁ ਪਾਇਆ,**
**ਜਤੁ ਸੰਜਮ ਕਰਮ ਕਮਾਇ ਜੀਉ ॥** *(ਆਸਾ ਮਹਲਾ ੪, ਪੰਨਾ 445)*

ਤ੍ਰੇਤੇ ਯੁਗ ਵਿਚ ਹਰ ਮਨੁੱਖ ਸ਼ਕਤੀਸ਼ਾਲੀ ਹੋਣਾ ਚਾਹੁੰਦਾ ਸੀ। ਅਹੰਕਾਰ ਦੀ ਜ਼ਹਿਰ ਵਧ ਗਈ, ਜਿਸਨੂੰ (ਇਸ ਜ਼ਹਿਰ) ਦੂਰ ਕਰਨ ਵਾਸਤੇ ਸਿਰਫ਼ ਪ੍ਰਭੂ ਦਾ ਨਾਮ ਸੀ, ਪਰ ਇਸ ਤੋਂ ਉਹਲੇ ਹੋ ਕੇ, ਲੋਕੀ ਜਤੁ ਤੇ ਸੰਜਮ ਰੱਖ ਕੇ, ਆਪਣੀ ਸ਼ਕਤੀ ਵਧਾ ਕੇ ਦੂਜਿਆਂ ਨੂੰ ਪਛਾੜਨਾ ਚਾਹੁੰਦੇ ਸਨ ਤੇ ਸਵੈਮ ਸ਼ਕਤੀਸ਼ਾਲੀ ਹੋਣਾ ਚਾਹੁੰਦੇ ਸਨ। ਇਸ ਤਰ੍ਹਾਂ ਦੀਆਂ ਮਨੋਬਿਰਤੀਆਂ ਵਿਚ ਤ੍ਰੇਤੇ ਯੁਗ ਦੇ ਜੀਵ ਜੀਅ ਰਹੇ ਸਨ।

ਅਗਰ ਹੁਣ ਜਿਸ ਯੁਗ ਵਿਚ ਅਸੀਂ ਜੀਅ ਰਹੇ ਹਾਂ, ਜਿਸ ਨੂੰ ਕਲਿਯੁਗ ਕਹਿੰਦੇ ਨੇ, ਇਥੋਂ ਗਿਣਤੀ ਕਰੀਏ ਤਾਂ ਦੁਆਪਰ, ਦੂਜਾ ਯੁਗ; ਤ੍ਰੇਤਾ ਤੀਜਾ ਯੁਗ ਔਰ ਸਤਿਯੁਗ ਚੌਥਾ ਬਣ ਜਾਂਦਾ ਹੈ। ਔਰ ਇਹ ਗਿਣਤੀ ਠੀਕ ਹੈ, ਤ੍ਰੇਤੇ ਤੋਂ ਮੁਰਾਦ ਤੀਜਾ, ਦੁਆਪਰ ਤੋਂ ਮੁਰਾਦ ਦੂਜਾ ਯੁਗ, ਕਲਿਯੁਗ ਪ੍ਰਥਮ ਮੰਨੀਏ ਤਾਂ ਸਤਿਯੁਗ ਚੌਥਾ ਬਣ ਜਾਂਦਾ ਹੈ। ਸਤਿਯੁਗ ਨੂੰ ਪ੍ਰਥਮ ਮੰਨੀਏ ਤਾਂ ਕਲਿਯੁਗ ਚੌਥਾ ਬਣ ਜਾਂਦਾ ਹੈ। ਪਰ ਜੋ ਪ੍ਰਚੱਲਤ ਗਾਥਾ ਹੈ, ਉਹ ਸਤਿਯੁਗ, ਤ੍ਰੇਤਾ, ਦੁਆਪਰ ਤੇ ਕਲਿਯੁਗ ਹੈ, ਇਸ ਤਰ੍ਹਾਂ ਦੀ ਗਿਣਤੀ ਚਲਦੀ ਹੈ। ਪਰ ਅੱਖਰੀ ਅਰਥ ਕਰਾਂਗੇ—ਤ੍ਰੇਤੇ ਤੋਂ ਤੀਸਰਾ ਯੁਗ, ਦੁਆਪਰ ਦੂਜਾ ਯੁਗ, ਕਲਿਯੁਗ ਪਹਿਲਾ ਯੁਗ, ਜਿਸ ਵਿਚ ਅਸੀਂ ਜੀਅ ਰਹੇ ਹਾਂ, ਇਹ ਪਹਿਲਾਂ ਜੋ ਲੰਘ ਗਿਐ। ਦੂਜਾ ਜੋ ਉਸ ਤੋਂ ਪਹਿਲੇ ਲੰਘ ਗਿਆ, ਔਰ ਜੋ ਉਸ ਤੋਂ ਵੀ ਪਹਿਲੇ ਸੀ, ਚੌਥਾ।



Sri Satguru Jagjit Singh Ji eLibrary NamdhariElibrary@gmail.com

ਗਿਆ। ਸੰਤੋਖ ਤੇ ਸਤੁ ਇਹ ਦੋ ਪੈਰ ਉਡ ਗਏ। ਇਸ ਤਰ੍ਹਾਂ ਧਰਮ ਦੋ ਪੈਰਾਂ 'ਤੇ ਟਿਕ ਗਿਆ। ਫਿਰ ਸਮੇਂ ਦੇ ਗੇੜ ਨਾਲ ਕਲਿਯੁਗ ਆਇਆ। ਇਹ ਯੁਗਾਂ ਦੀ ਵਿਆਖਿਆ ਪਹਿਲਾਂ ਸਮੇਂ ਦੇ ਮੁਤਾਬਕ ਕੀਤੀ ਜਾ ਰਹੀ ਹੈ, ਫਿਰ ਅਸਥਾਨ ਵਿਚ, ਫਿਰ ਮਾਨਸਿਕ ਅਵਸਥਾ ਵਿਚ। ਜਿਵੇਂ ਜਿਵੇਂ ਗੁਰਬਾਣੀ ਨੇ ਖੋਲ੍ਹਿਆ ਹੈ, ਮੈਂ ਆਪ ਜੀ ਦੇ ਸਾਹਮਣੇ ਰੱਖ ਰਿਹਾ ਹਾਂ।

## 4. ਕਲਿਯੁਗ

**ਕਲਿਜੁਗੁ ਹਰਿ ਕੀਆ ਪਗ ਤ੍ਰੈ ਖਿਸਕੀਆ,**
**ਪਗੁ ਚਉਥਾ ਟਿਕੈ ਟਿਕਾਇ ਜੀਉ ॥**
**ਗੁਰ ਸਬਦੁ ਕਮਾਇਆ ਅਉਖਧੁ ਹਰਿ ਪਾਇਆ,**
**ਹਰਿ ਕੀਰਤਿ ਹਰਿ ਸਾਂਤਿ ਪਾਇ ਜੀਉ ॥**
**ਹਰਿ ਕੀਰਤਿ ਰੁਤਿ ਆਈ ਹਰਿ ਨਾਮੁ ਵਡਾਈ**
**ਹਰਿ ਹਰਿ ਨਾਮੁ ਖੇਤੁ ਜਮਾਇਆ ॥**
**ਕਲਿਜੁਗਿ ਬੀਜੁ ਬੀਜੇ ਬਿਨੁ ਨਾਵੈ,**
**ਸਭੁ ਲਾਹਾ ਮੂਲੁ ਗਵਾਇਆ ॥**
**ਜਨ ਨਾਨਕਿ ਗੁਰੁ ਪੂਰਾ ਪਾਇਆ,**
**ਮਨਿ ਹਿਰਦੈ ਨਾਮੁ ਲਖਾਇ ਜੀਉ ॥**
**ਕਲਜੁਗੁ ਹਰਿ ਕੀਆ ਪਗ ਤ੍ਰੈ ਖਿਸਕੀਆ,**
**ਪਗੁ ਚਉਥਾ ਟਿਕੈ ਟਿਕਾਇ ਜੀਉ ॥** *(ਆਸਾ ਮਹਲਾ ੪, ਪੰਨਾ 446)*

ਹੁਣ ਇਕ ਹੀ ਪੈਰ ਰਹਿ ਗਿਆ, ਪ੍ਰਭੂ ਦੀ ਕੀਰਤੀ, ਹਰੀ ਦਾ ਜਸ ਗਾਇਨ ਕਰਨਾ। ਤੇ ਕਲਿਯੁਗ ਇਕ ਪੈਰ 'ਤੇ ਟਿਕ ਗਿਆ, ਬਾਕੀ ਤਾਂ ਸਭ ਕੁਛ ਉਡ ਪੁਡ ਗਿਆ। ਕਲਿਯੁਗ ਦੀ ਵਿਆਖਿਆ ਤੇ ਸਤਿਯੁਗ, ਤ੍ਰੇਤੇ ਤੇ ਦੁਆਪਰ ਦੀ ਵਿਆਖਿਆ ਧੰਨ ਗੁਰੂ ਰਾਮਦਾਸ ਜੀ ਮਹਾਰਾਜ, ਸਮੇਂ ਦੀ ਰੂਪ-ਰੇਖਾ ਵਿਚ, ਨਾਪ ਤੋਲ ਕੇ ਇਸ ਤਰ੍ਹਾਂ ਬਿਆਨ ਕਰਦੇ ਨੇ, ਔਰ ਆਪਣਾ ਫ਼ੈਸਲਾ ਇੰਜ ਦਿੰਦੇ ਨੇ—"ਕਲਿਜੁਗਿ ਬੀਜੁ ਬੀਜੇ ਬਿਨੁ ਨਾਵੈ, ਸਭੁ ਲਾਹਾ ਮੂਲੁ ਗਵਾਇਆ ॥" ਕਲਿਯੁਗ ਦੇ ਵਿਚ ਕੋਈ ਵੀ ਬੀਜ ਮਨੁੱਖ ਬੀਜੇ—ਜਤੁ ਦਾ, ਸਤੁ ਦਾ, ਕਰਮ ਦਾ ਔਰ ਤਰ੍ਹਾਂ ਤਰ੍ਹਾਂ ਦੀਆਂ ਸਾਧਨਾਵਾਂ ਦਾ, ਲੇਕਿਨ ਨਾਮ ਨਾ ਜਪੇ, "ਕਲਿਜੁਗ ਬੀਜੁ ਬੀਜੇ ਬਿਨੁ ਨਾਵੈ, ਸਭੁ ਲਾਹਾ ਮੂਲੁ ਗਵਾਇਆ ॥" ਐਸਾ ਮਨੁੱਖ ਸਾਰਾ ਲਾਹਾ ਤੇ ਮੂਲ ਗਵਾ ਬੈਠੇਗਾ, ਕਿਉਂਕਿ ਮੂਲ ਗੱਲ ਤਾਂ ਸੀ ਪ੍ਰਭੂ ਦਾ ਨਾਮ, ਉਹ ਤਾਂ ਜਪਣਾ ਹੀ ਨਹੀਂ ਔਰ ਇਸ ਤਰੀਕੇ ਨਾਲ ਵਿਅਰਥ ਦੇ ਕਰਮਾਂ ਵਿਚ ਫਸ ਕੇ ਰਹਿ ਗਿਆ। ਧੰਨ ਗੁਰੂ ਰਾਮਦਾਸ ਜੀ ਮਹਾਰਾਜ ਨੇ ਸਮੇਂ ਦੀ ਰੂਪ-ਰੇਖਾ ਵਿਚ ਜੋ ਯੁਗਾਂ ਦਾ ਚਿਤਰਨ ਕੀਤੈ, ਉਹ ਇਸੇ ਤਰ੍ਹਾਂ ਹੈ। ਧੰਨ ਗੁਰੂ ਨਾਨਕ



Sri Satguru Jagjit Singh Ji eLibrary NamdhariElibrary@gmail.com

ਦੇਵ ਜੀ ਮਹਾਰਾਜ ਇਸ ਨੂੰ ਆਪਣੇ ਢੰਗ ਨਾਲ ਬਿਆਨ ਕਰਦੇ ਨੇ ਔਰ ਭਗਤ ਰਵਿਦਾਸ ਜੀ ਮਹਾਰਾਜ ਤਾਂ ਇਥੋਂ ਤਕ ਕਹਿੰਦੇ ਨੇ:

**ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ ॥**
**ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ ॥**

*(ਗਉੜੀ ਬੈਰਾਗਣਿ ਰਵਿਦਾਸ ਜੀ, ਪੰਨਾ 346)*

ਠੀਕ ਤਿੰਨੇ ਯੁਗ ਆਪਣੀ ਥਾਂ 'ਤੇ ਮਹਾਨ ਹੋਵਣਗੇ, ਪਰ ਮੌਜੂਦਾ ਕਲਿਯੁਗ ਇਹ ਤਾਂ ਕੇਵਲ ਪ੍ਰਭੂ ਦੇ ਨਾਮ ਦੇ ਆਸਰੇ ਖੜ੍ਹਾ ਹੈ—"ਕਲਿ ਕੇਵਲ ਨਾਮ ਅਧਾਰ"। ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਇਸ ਤਰ੍ਹਾਂ ਫ਼ੁਰਮਾਨ ਕਰਦੇ ਨੇ:

**ਸਤਜੁਗੁ ਤ੍ਰੇਤਾ ਦੁਆਪਰੁ ਭਣੀਐ ਕਲਿਜੁਗੁ ਊਤਮੋ ਜੁਗਾ ਮਾਹਿ ॥**

*(ਰਾਗ ਆਸਾ ਮਹਲਾ ੫, ਪੰਨਾ 406)*

ਇਹ ਸਭ ਤੋਂ ਸ੍ਰੇਸ਼ਟ ਯੁਗ ਹੈ, ਉਤਮ ਯੁਗ ਹੈ, ਮਹਾਨ ਯੁਗ ਹੈ। ਕਿਸ ਪੱਖ ਤੋਂ ਮਹਾਨ ਯੁਗ ਹੈ? ਕਿਉਂਕਿ ਜਗਤ ਵਿਚ ਤਾਂ ਪ੍ਰਚੱਲਤ ਇਹੀ ਕੁਛ ਹੈ ਕਿ ਇਹ ਯੁਗ ਨਖਿਧ ਹੈ, ਇਹ ਯੁਗ ਮਾੜਾ ਯੁਗ ਹੈ, ਇਹ ਯੁਗ ਸਭ ਤੋਂ ਨਿਚਲੇ ਦਰਜੇ ਦਾ ਯੁਗ ਹੈ, ਜਦ ਕਿ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਨੇ—"ਸਤਿਜੁਗ ਤ੍ਰੇਤਾ ਦੁਆਪਰੁ ਭਣੀਐ ਕਲਿਜੁਗੁ ਊਤਮੋ ਜੁਗਾ ਮਾਹਿ ॥" ਇਹ ਤਾਂ ਉਤਮ ਯੁਗ ਹੈ, ਇਹ ਤਾਂ ਸ੍ਰੇਸ਼ਟ ਯੁਗ ਹੈ, ਇਹ ਤਾਂ ਮਹਾਨ ਯੁਗ ਹੈ। ਆਖ਼ਰ ਕਿਸ ਪੱਖ ਤੋਂ ਇਹ ਲੰਬੀ ਚੌੜੀ ਵਿਚਾਰਧਾਰਾ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਬਿਆਨ ਕਰਦੇ ਨੇ? ਸਮੇਂ, ਅਸਥਾਨ ਤੇ ਮਾਨਸਿਕ ਅਵਸਥਾ ਵਿਚ ਚਾਰ ਯੁਗਾਂ ਦੀ ਜੋ ਵਿਆਖਿਆ ਹੈ, ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਆਪਣੇ ਢੰਗ ਨਾਲ ਬਿਆਨ ਕਰਦੇ ਨੇ:

**ਸਤਜੁਗਿ ਸਤੁ ਸੰਤੋਖੁ ਸਰੀਰਾ ॥**
**ਸਤਿ ਸਤਿ ਵਰਤੈ ਗਹਰਿ ਗੰਭੀਰਾ ॥**
**ਸਚਾ ਸਾਹਿਬੁ ਸਚੁ ਪਰਖੈ ਸਾਚੈ ਹੁਕਮਿ ਚਲਾਈ ਹੇ ॥.....**
**ਸਤਜੁਗਿ ਸਾਚੁ ਕਹੈ ਸਭੁ ਕੋਈ ॥**
**ਸਚਿ ਵਰਤੈ ਸਾਚਾ ਸੋਈ ॥** *(ਮਾਰੂ ਮਹਲਾ ੧, ਪੰਨਾ 1023)*

ਝੂਠ ਬੋਲਣਾ ਮਨੁੱਖ ਨੂੰ ਸਤਿਯੁਗ ਵਿਚ ਆਉਂਦਾ ਹੀ ਨਹੀਂ ਸੀ। ਉਸਦਾ ਇਕ ਮੂਲ ਕਾਰਨ, ਮਨੁੱਖ ਸੰਤੁਸ਼ਟ ਸੀ, ਲੋੜਾਂ ਸੀਮਿਤ ਸਨ ਔਰ ਲੋੜਾਂ ਦੀ ਪੂਰਤੀ ਪ੍ਰਾਕਿਰਤਕ ਰੂਪ ਵਿਚ ਹੋ ਜਾਂਦੀ ਸੀ, ਪ੍ਰਕਿਰਤੀ ਸਭ ਦੀ ਝੋਲੀ ਵਿਚ ਲੋੜਾਂ ਦੀ ਪੂਰਤੀ ਪਾ ਦਿੰਦੀ ਸੀ, ਕਰ ਦਿੰਦੀ ਸੀ। ਜਗਤ ਦੇ ਫਲ, ਫੁੱਲ ਤੇ



Sri Satguru Jagjit Singh Ji eLibrary NamdhariElibrary@gmail.com

ਸ਼ਿਕਾਰ ਆਦਿਕ ਖੁੱਲ੍ਹੇ ਰੂਪ ਵਿਚ ਉਪਲਬਧ ਸਨ। ਆਬਾਦੀ ਥੋੜ੍ਹੀ ਸੀ, ਸੈਂਕੜੇ ਮੀਲ ਤਕ ਵੀ ਵਸੋਂ ਥੋੜ੍ਹੀ ਸੀ। ਝੂਠ ਬੋਲਣ ਲਈ ਗੁੰਜਾਇਸ਼ ਹੀ ਨਹੀਂ ਸੀ।

**ਤ੍ਰੇਤੈ ਧਰਮ ਕਲਾ ਇਕ ਚੂਕੀ॥**
**ਤੀਨਿ ਚਰਣ ਇਕ ਦੁਬਿਧਾ ਸੂਕੀ॥** *(ਮਾਰੂ ਮਹਲਾ ੧, ਪੰਨਾ 1023)*

ਤ੍ਰੇਤੇ ਵਿਚ ਵਿਸ਼ਵਾਸ ਦੀ ਥਾਂ 'ਤੇ ਦੁਬਿਧਾ ਆ ਗਈ, ਲਿਹਾਜ਼ਾ ਧਰਮ ਦੀ ਇਕ ਕਲਾ ਨਾਸ ਹੋ ਗਈ। ਵਿਸ਼ਵਾਸ, ਭਰੋਸਾ, ਸਿਦਕ, ਇਹ ਨਹੀਂ ਰਹੇ, ਮਨ ਦੇ ਵਿਚ ਦੁਬਿਧਾ ਪੈਦਾ ਹੋ ਗਈ—ਹੈ, ਕਿ ਨਹੀਂ ਹੈ। ਦਰਅਸਲ ਮਨ ਵਿਚ ਜਦ ਵਿਸ਼ਵਾਸ ਅਤੇ ਸਿਦਕ ਦਾ ਖ਼ਿਆਲ ਆਉਂਦਾ ਹੈ ਤਾਂ ਮਨੁੱਖ ਈਸ਼ਵਰ ਦੇ ਨਜ਼ਦੀਕ ਹੁੰਦਾ ਹੈ, ਉਸਦੇ ਮਨ ਦੇ ਵਿਚ ਰਸ ਹੁੰਦਾ ਹੈ, ਟਿਕਾਉ ਹੁੰਦਾ ਹੈ, ਖੇੜਾ ਹੁੰਦਾ ਹੈ, ਖ਼ੁਸ਼ੀ ਹੁੰਦੀ ਹੈ। ਔਰ ਜਦ ਦੂਸਰਾ ਭਾਉ ਦੁਬਿਧਾ, ਦੂਸਰੀ ਭਾਵਨਾ ਪੈਦਾ ਹੁੰਦੀ ਹੈ ਸ਼ੱਕ ਕਿ ਸ਼ਾਇਦ ਨਹੀਂ ਹੈ, ਉਦੋਂ ਇਹ ਈਸ਼ਵਰ ਤੋਂ ਦੂਰ ਹੋ ਜਾਂਦਾ ਹੈ ਔਰ ਦੂਰੀਆਂ ਤਾਂ ਦੁੱਖ ਨੂੰ ਜਨਮ ਦਿੰਦੀਆਂ ਹਨ, ਦੂਰੀਆਂ ਬੇ-ਰਸੀ ਨੂੰ ਜਨਮ ਦਿੰਦੀਆਂ ਨੇ, ਦੂਰੀਆਂ ਕਲ-ਕਲੇਸ਼ ਤੇ ਸੰਤਾਪ ਨੂੰ ਜਨਮ ਦਿੰਦੀਆਂ ਨੇ। ਮਹਾਰਾਜ ਕਹਿੰਦੇ ਨੇ, ਦੁਬਿਧਾ ਦਾ ਜਨਮ ਹੋ ਗਿਆ, ਵਿਸ਼ਵਾਸ ਦੀ ਲੱਤ ਟੁੱਟ ਗਈ:

**ਦਇਆ ਦੁਆਪੁਰਿ ਅਧੀ ਹੋਈ॥**
**ਗੁਰਮੁਖਿ ਵਿਰਲਾ ਚੀਨੈ ਕੋਈ॥** *(ਮਾਰੂ ਮਹਲਾ ੧, ਪੰਨਾ 1023)*

ਦੁਆਪਰ ਦੇ ਵਿਚ ਮਾਨੋ ਦਇਆ ਅੱਧੀ ਹੀ ਹੋ ਗਈ। ਕੋਈ ਵਿਰਲਾ ਹੀ ਗੁਰੂ ਦਾ ਚਿੰਤਨ ਕਰਦਾ ਸੀ। ਕਠੋਰਤਾ ਇਸ ਹੱਦ ਤਕ ਵਧ ਗਈ ਕਿ ਭਰੀ ਸਭਾ ਵਿਚ ਵੀ ਭਰਜਾਈ ਨੂੰ ਨਗਨ ਕੀਤਾ ਜਾ ਸਕਦਾ ਹੈ, ਪੰਜ ਚਚੇਰੇ ਭਰਾਵਾਂ ਨੂੰ ਜੰਗਲ ਵਿਚ ਭਜਾਇਆ ਜਾ ਸਕਦਾ ਹੈ ਔਰ ਉਨ੍ਹਾਂ ਦਾ ਸਭ ਕੁਛ ਖੋਹਿਆ ਜਾ ਸਕਦਾ ਹੈ, ਉਨ੍ਹਾਂ ਨੂੰ ਬਰਬਾਦ ਕੀਤਾ ਜਾ ਸਕਦਾ ਹੈ। ਦਇਆ, ਕਠੋਰਤਾ ਦਾ ਰੂਪ ਧਾਰਨ ਕਰ ਗਈ। ਜਦ ਭਰਾ 'ਤੇ ਦਇਆ ਨਹੀਂ ਤੇ ਫਿਰ ਗ਼ੈਰਾਂ ਨਾਲ ਵਿਵਹਾਰ ਕੀ ਹੋਵੇਗਾ ? ਇਹ ਦੁਆਪਰ ਦਾ ਨਕਸ਼ਾ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਸਮੇਂ ਦੀ ਗਤੀ ਦੇ ਮੁਤਾਬਿਕ ਸਾਡੇ ਸਾਹਮਣੇ ਰੱਖਦੇ ਨੇ:

**ਕਲੀ ਕਾਲ ਮਹਿ ਇਕ ਕਲ ਰਾਖੀ॥**
**ਬਿਨੁ ਗੁਰ ਪੂਰੇ ਕਿਨੈ ਨ ਭਾਖੀ॥** *(ਮਾਰੂ ਮਹਲਾ ੧, ਪੰਨਾ 1024)*

ਕਲਿਯੁਗ ਵਿਚ ਧਰਮ ਦੀ ਇੱਕੋ ਹੀ ਕਲਾ ਰਹਿ ਗਈ, ਪ੍ਰਭੂ ਦੀ ਕੀਰਤੀ। ਪਰ ਬਿਨਾਂ ਗੁਰੂ ਦੀ ਸਮਝ ਤੋਂ ਕਿਸੇ ਨੇ ਵੀ ਭਾਖੀ ਨਹੀਂ, ਭਾਵ,



Sri Satguru Jagjit Singh Ji eLibrary NamdhariElibrary@gmail.com

ਕੀਰਤੀ ਕਿਸੇ ਨੇ ਵੀ ਉਚਾਰਨ ਨਹੀਂ ਕੀਤੀ। ਹੁਣ ਧਰਮ ਕੇਵਲ ਇੱਕੋ ਕਲਾ 'ਤੇ ਰਹਿ ਗਿਆ। ਕੀਰਤੀ ਗਾਇਨ ਕਰਨੀ, ਨਾਮ ਜਪਣਾ, ਪ੍ਰਭੂ ਦੇ ਗੁਣ ਗਾਉਣੇ, ਬਸ ਕਲਿਯੁਗ ਵਿਚ ਇਹ ਹੀ ਇਕ ਕਲਾ ਰਹਿ ਗਈ। ਸਮੇਂ ਦੀ ਗਤੀ ਦੇ ਵਿਚ ਗੁਰੂ ਨਾਨਕ ਜੀ ਸਮੇਂ ਦੀ ਵੰਡ ਨੂੰ ਆਪਣੇ ਢੰਗ ਨਾਲ ਨਾਪਦੇ ਨੇ, ਔਰ ਬੜੀ ਵਿਗਿਆਨਕ ਸੱਚਾਈ ਨੂੰ ਸਾਡੇ ਸਾਹਮਣੇ ਰੱਖਦੇ ਨੇ—ਸਮੇਂ ਦੀ ਦੁਨੀਆ ਵਿਚ ਔਰ ਇਸ ਤੋਂ ਬਾਅਦ ਮਨ ਦੀ ਦੁਨੀਆ ਵਿਚ।

**ਨਾਨਕ ਮੇਰੁ ਸਰੀਰ ਕਾ ਇਕੁ ਰਥੁ ਇਕੁ ਰਥਵਾਹੁ ॥**

*(ਸਲੋਕ ਮਹਲਾ ੧, ਪੰਨਾ 470)*

ਮੇਰੁ, ਮੇਰੂ, ਜੈਸੇ ਇਹ ਸਰੀਰ; ਸੁਮੇਰ ਪਰਬਤ ਤੋਂ ਸ਼ਬਦ ਲਿਆ ਗਿਆ ਹੈ 'ਸੁਮੇਰੁ'; ਮਾਲਾ ਵਿਚ ਸਭ ਤੋਂ ਉੱਚਾ ਮਣਕਾ ਹੁੰਦਾ ਹੈ, ਮੇਰੂ ਮਣਕਾ। ਸਾਰੇ ਸਰੀਰਾਂ ਵਿੱਚੋਂ ਸਰੀਰ ਮਨੁੱਖ ਦਾ, ਮੇਰੂ ਸਰੀਰ ਹੈ। ਸੁਮੇਰ ਪਰਬਤ ਹੈ, ਮਾੜੀ ਮੋਟੀ ਪਹਾੜੀ ਨਹੀਂ ਹੈ; ਸੁਮੇਰ ਪਰਬਤ ਹੈ, ਤੇ ਮਹਾਨ ਸਰੀਰ ਹੈ। ਮਹਾਰਾਜ ਕਹਿੰਦੇ ਨੇ ਕਿ ਇਹ ਜੋ ਮਹਾਨ ਸਰੀਰ ਹੈ, ਇਹ ਜੋ ਮੇਰੂ ਮਣਕਾ ਹੈ, ਇਹ ਜੋ ਸੁਮੇਰ ਪਰਬਤ ਹੈ, ਇਸ ਦੇ ਜੀਵਨ ਦੇ ਸਾਧਨ ਨੇ। ਇਸਦੀ ਤਰਜ਼ੇ-ਜ਼ਿੰਦਗੀ ਸਮੇਂ ਸਮੇਂ ਬਦਲਦੀ ਰਹੀ ਹੈ। ਯੁਗਾਂ ਦੀ ਤਬਦੀਲੀ ਵਿਚਾਰਾਂ ਦੇ ਆਸਰੇ ਬਦਲਦੀ ਰਹੀ ਹੈ। ਯੁਗਾਂ ਦੀ ਤਬਦੀਲੀ ਮਨੁੱਖਤਾ 'ਤੇ ਖੜ੍ਹੀ ਹੈ, ਕਿਸੇ ਬਾਹਰੀ ਚੀਜ਼ 'ਤੇ ਨਹੀਂ। ਰਾਮਕਲੀ ਰਾਗ ਵਿਚ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਫ਼ੁਰਮਾਉਂਦੇ ਨੇ :

**ਸੋਈ ਚੰਦੁ ਚੜਹਿ ਸੇ ਤਾਰੇ ਸੋਈ ਦਿਨੀਅਰੁ ਤਪਤ ਰਹੈ ॥**
**ਸਾ ਧਰਤੀ ਸੋ ਪਉਣੁ ਝੁਲਾਰੇ ਜੁਗ ਜੀਅ ਖੇਲੇ ਥਾਵ ਕੈਸੇ ॥**

ਉਹ ਹੀ ਚੰਦ੍ਰਮਾ ਹੈ, ਉਹ ਹੀ ਤਾਰੇ ਨੇ, ਉਹ ਹੀ ਗੰਗਾ ਹੈ, ਉਹ ਹੀ ਸਾਗਰ ਹੈ, ਉਹੀ ਧਰਤੀ ਹੈ। ਹਜ਼ਾਰਾਂ ਸਾਲ ਪਹਿਲੇ ਵੀ ਉਹ ਹੀ ਪੰਜ ਤੱਤਾਂ ਦੇ ਮਨੁੱਖ ਹੁੰਦੇ ਸਨ, ਅੱਜ ਵੀ ਪੰਜ ਤੱਤਾਂ ਦੇ ਨੇ। ਬ੍ਰਹਿਮੰਡ ਵਿਚ ਪੰਜ ਤੱਤ ਹੀ ਵਿਆਪਕ ਸਨ, ਅੱਜ ਵੀ ਪੰਜ ਤੱਤ ਨੇ। ਤੇ ਧੰਨ ਗੁਰੂ ਰਾਮਦਾਸ ਜੀ ਫ਼ੁਰਮਾਨ ਕਰਦੇ ਨੇ :

**ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ,**
**ਕੋਈ ਛੇਵਾ ਕਰਿਉ ਜੇ ਕਿਛੁ ਕੀਤਾ ਹੋਵੈ ॥** *(ਸੂਹੀ ਮਹਲਾ ੪, ਪੰਨਾ 736)*

**ਸੋਈ ਚੰਦੁ ਚੜਹਿ ਸੇ ਤਾਰੇ ਸੋਈ ਦਿਨੀਅਰੁ ਤਪਤ ਰਹੈ ॥**
**ਸਾ ਧਰਤੀ ਸੋ ਪਉਣੁ ਝੁਲਾਰੇ ਜੁਗ ਜੀਅ ਖੇਲੇ ਥਾਵ ਕੈਸੇ ॥**

ਆਖ਼ਰ ਸਭ ਕੁਝ ਉਹ ਹੀ ਹੈ, ਫਿਰ ਇਸ ਨੂੰ ਕਲਿਯੁਗ ਕਿਉਂ ਕਹਿੰਦੇ



Sri Satguru Jagjit Singh Ji eLibrary NamdhariElibrary@gmail.com

ਨੇ ? ਕਿਉਂਕਿ ਵਿਚਾਰ ਬਦਲ ਗਏ, ਜੀਵਨ-ਸ਼ੈਲੀ ਬਦਲ ਗਈ। "ਆਖੁ ਗੁਣਾ ਕਲਿ ਆਈਐ॥" (ਰਾਮਕਲੀ ਮਹਲਾ ੧, ਪੰਨਾ 903)। ਮਹਾਰਾਜ ਕਹਿੰਦੇ ਨੇ ਕਿ ਮੈਂ ਕਹਿਣ ਲੱਗਾ ਹਾਂ—ਕਲਿਯੁਗ ਆਇਆ, ਕਲਿਯੁਗ ਆਇਆ, ਕਿਵੇਂ ਪਹਿਚਾਣ ਕਰੀਏ ?

**ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ॥**
**ਜੇ ਕੋ ਨਾਉ ਲਏ ਬਦਨਾਵੀ ਕਲਿ ਕੇ ਲਖਣ ਏਈ॥**

*(ਰਾਮਕਲੀ ਮ: ੧, ਪੰਨਾ 902)*

ਇਹ ਹੀ ਕਲਿਯੁਗ ਦੇ ਲੱਛਣ ਨੇ। ਕੀ ? ਕੋਈ ਉੱਚਾ ਇਖ਼ਲਾਕ ਧਾਰਨ ਕਰਨ ਦਾ ਪ੍ਰਣ ਕਰੇ ਕਿ ਮੈਂ ਸੱਚ ਬੋਲਣਾ ਹੈ, ਔਰ ਸਤਿਵਾਦੀ ਜੀਵਨ ਧਾਰਨ ਕਰਨਾ ਹੈ (ਬਤੀਤ ਕਰਨਾ ਹੈ), ਛਿੱਜ ਜਾਏਗਾ, ਸੰਸਾਰ ਵਿਚ ਬਹੁ-ਗਿਣਤੀ ਵਿਚ ਚੱਲ ਰਿਹਾ ਝੂਠ ਇਸ ਨੂੰ ਸਤਿਵਾਦੀ ਨਹੀਂ ਰਹਿਣ ਦੇਏਗਾ। "ਤਪ ਘਰਿ ਤਪੁ ਨ ਹੋਈ" ਤਪੀਸ਼ਵਰ ਦਾ ਤਪ ਨਹੀਂ ਹੋ ਸਕੇਗਾ, ਭ੍ਰਿਸ਼ਟ ਹੋ ਜਾਏਗਾ। "ਜੇ ਕੋ ਨਾਉ ਲਏ ਬਦਨਾਵੀ ਕਲਿ ਕੇ ਲਖਣ ਏਈ॥" ਜੋ ਨਾਮ ਜਪੇਗਾ, ਬੰਦਗੀ ਕਰੇਗਾ, ਉਸਨੂੰ ਮੂਰਖ ਆਖਿਆ ਜਾਏਗਾ, ਭੋਲਾ ਆਖਿਆ ਜਾਏਗਾ, ਪਛੜਿਆ ਆਖਿਆ ਜਾਏਗਾ। ਧਰਮਾਂਦ ਆਖਿਆ ਜਾਏਗਾ। ਇਹ ਕਲਿਯੁਗ ਦੇ ਲੱਛਣ ਨੇ। ਮਹਾਰਾਜ ਕਹਿੰਦੇ ਨੇ:

**ਜਿਸੁ ਸਿਕਦਾਰੀ ਤਿਸਹਿ ਖੁਆਰੀ ਚਾਕਰ ਕੇਹੇ ਡਰਣਾ॥**
**ਜਾ ਸਿਕਦਾਰੈ ਪਵੈ ਜੰਜੀਰੀ ਤਾ ਚਾਕਰ ਹਥਹੁ ਮਰਣਾ॥**

*(ਰਾਮਕਲੀ ਮਹਲਾ ੧, ਪੰਨਾ 902)*

ਕਲਿਯੁਗ ਦੀ ਹੋਰ ਰੂਪ-ਰੇਖਾ ਬਿਆਨ ਕਰਦਿਆਂ ਹੋਇਆਂ ਮਹਾਰਾਜ ਜੀ ਕਹਿੰਦੇ ਨੇ ਕਿ ਕਿਸੇ ਪੱਖ ਦਾ ਵੀ ਜੋ ਚੌਧਰੀ ਹੈ, ਖ਼ੁਆਰ ਹੋਵੇਗਾ। ਅਗਰ ਜ਼ਿੰਮੇਵਾਰੀ ਚੁੱਕੇ, ਸਮਾਜਿਕ, ਆਰਥਿਕ ਜਾਂ ਰਾਜਨੀਤਿਕ, ਜ਼ਲੀਲ ਤੇ ਖ਼ੁਆਰ ਹੋਵੇਗਾ। ਔਰ ਉਸ ਨੂੰ, ਅਕਸਰ ਸਾਰਿਆਂ ਨੂੰ, ਚਾਕਰ ਕੋਲੋਂ ਡਰ ਕੇ ਰਹਿਣਾ ਪਵੇਗਾ। ਪਰਜਾ ਤੋਂ ਡਰਦੇ ਹੋਏ ਰਾਜੇ ਜਿਊਣਗੇ। ਜੇ ਕਿਧਰੇ ਚੌਧਰੀ ਬੰਧਨਾਂ ਵਿਚ ਪੈ ਜਾਏ ਤਾਂ ਅਕਸਰ ਮੁਲਾਜ਼ਮ ਦੇ ਹੱਥੋਂ, ਨੌਕਰ ਦੇ ਹੱਥੋਂ, ਚਾਕਰ ਦੇ ਹੱਥੋਂ ਉਸਦੀ ਮੌਤ ਹੋਵੇਗੀ। ਸੇਵਕ ਦੇ ਹੱਥੋਂ ਮਾਲਕ ਦੀ ਮੌਤ ਹੋਵੇਗੀ। ਇਹ ਤਾਂ ਸਭ ਕੁਛ ਅਸੀਂ ਦੇਖਦੇ ਪਏ ਹਾਂ। ਘਰ ਦੇ ਨੌਕਰ ਹੀ ਘਰ ਨੂੰ ਲੁੱਟ ਲੈਂਦੇ ਨੇ, ਔਰ ਅਕਸਰ ਮਾਲਿਕ ਆਪਣੇ ਨੌਕਰਾਂ ਤੋਂ ਡਰ ਡਰ ਕੇ ਜੀਵਨ ਬਤੀਤ ਕਰਦੇ ਨੇ। ਪਰਜਾ ਤੋਂ ਡਰੇ ਹੋਏ ਨੇ ਹੁਕਮਰਾਨ, ਤੇ ਜੋ ਪਰਜਾ ਤੋਂ ਡਰਿਆ ਹੋਇਆ ਹੁਕਮਰਾਨ ਹੈ, ਉਹ ਤਾਂ ਫਿਰ ਪਰਜਾ ਦੇ ਮੁਤਾਬਿਕ ਹੀ ਚਲੇਗਾ। ਅਗਰ ਪਰਜਾ ਭ੍ਰਿਸ਼ਟ ਹੈ ਤੋ ਰਾਜਾ ਭ੍ਰਿਸ਼ਟ ਹੋ ਜਾਏਗਾ। ਰਾਜਾ ਭ੍ਰਿਸ਼ਟ ਹੈ ਤੋ ਪਰਜਾ ਭ੍ਰਿਸ਼ਟ



Sri Satguru Jagjit Singh Ji eLibrary NamdhariElibrary@gmail.com

ਹੋ ਜਾਏਗੀ। ਐਸੀ ਬੈਰੂਨੀ ਰੰਗਤ ਜੋ ਕਲਿਯੁਗ ਦੀ ਹੈ, ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਬਿਆਨ ਕਰਦੇ ਨੇ ਔਰ ਕਹਿੰਦੇ ਨੇ ਕਿ ਤਪੀਸ਼ਵਰ ਤਪ ਨਹੀਂ ਕਰ ਸਕੇਗਾ, ਜਪੀਸ਼ਵਰ ਜਪ ਨਹੀਂ ਕਰ ਸਕੇਗਾ। ਉੱਚਾ ਆਚਰਣ ਧਾਰਨ ਕਰਨ ਦਾ ਜਿਸਨੇ ਪ੍ਰਣ ਕੀਤਾ ਹੈ, ਆਪਣੇ ਪ੍ਰਣ ਨੂੰ ਨਿਬਾਹ ਨਹੀਂ ਸਕੇਗਾ :

**ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ॥**
**ਜੇ ਕੋ ਨਾਉ ਲਏ ਬਦਨਾਵੀ ਕਲਿ ਕੇ ਲਖਣ ਏਈ॥**

ਇਹ ਕਲਿਯੁਗ ਦੇ ਲੱਖਣ ਨੇ। ਇਹ ਤਾਂ ਹੋਈ ਬੈਰੂਨੀ ਰੂਪ ਦੇ ਵਿਚ ਕਲਿਯੁਗ, ਦੁਆਪਰ, ਤ੍ਰੇਤੇ ਤੇ ਸਤਿਯੁਗ ਦੀ ਵਿਆਖਿਆ। ਇਸਨੂੰ ਜੋ ਅਧਿਆਤਮਿਕ ਰੰਗਤ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਦਿੱਤੀ ਹੈ, ਔਰ ਉਸਦੀ ਜੋ ਵਿਆਖਿਆ ਭਾਈ ਗੁਰਦਾਸ ਜੀ ਨੇ ਕੀਤੀ ਹੈ, ਉਸ ਪਹਿਲੂ ਨੂੰ ਛੂਹੇ ਬਿਨਾਂ ਇਹ ਸਾਰੀ ਵਿਚਾਰਧਾਰਾ ਅਧੂਰੀ ਰਹਿ ਜਾਏਗੀ। ਉਂਜ ਵੀ ਇਹ ਯੁਗਾਂ ਦੀ ਵੰਡ ਭਾਰਤ ਦੇ ਰਿਸ਼ੀ-ਮੁਨੀਆਂ ਨੇ ਹੀ ਕੀਤੀ ਹੈ। ਇਹ ਇਕ ਪ੍ਰਬਲ ਸੱਚਾਈ ਹੈ ਕਿ ਧਰਮ ਦਾ ਬਹੁਤ ਗਹਿਰਾ ਬੋਧ, ਮਨੁੱਖ ਦੇ ਮਾਨਸਿਕ ਮੰਡਲ ਦਾ ਗਹਿਰਾ ਅਧਿਐਨ, ਜੋ ਇਸ ਦੇਸ਼ ਵਿਚ ਹੋਇਆ ਹੈ, ਹੋਰ ਕਿਧਰੇ ਵੀ ਨਹੀਂ ਹੋਇਆ। ਇਸ ਵਾਸਤੇ ਬੜੇ ਗਹਿਰੇ, ਬੜੇ ਮਹਾਨ ਰਿਸ਼ੀ ਇਸ ਦੇਸ਼ ਨੇ ਪੈਦਾ ਕੀਤੇ। ਧਰਮ ਦਾ ਬਹੁਤ ਵੱਡਾ ਸਾਹਿਤ ਇਸ ਦੇਸ਼ ਨੇ ਪੈਦਾ ਕੀਤਾ। ਕਿਤਨੇ ਅਵਤਾਰ, ਕਿਤਨੇ ਸੰਤ, ਕਿਤਨੇ ਮਹਾਤਮਾ, ਕਿਤਨੇ ਭਗਤ ਇਸ ਦੇਸ਼ ਨੇ ਪੈਦਾ ਕੀਤੇ! ਭਰਿਆ ਹੋਇਆ ਹੈ ਇਹ ਦੇਸ਼ ਭਗਤਾਂ ਨਾਲ, ਸੰਤਾਂ ਨਾਲ, ਅਵਤਾਰਾਂ ਨਾਲ, ਗੁਰੂਆਂ ਨਾਲ। ਇਸ ਨੂੰ ਐਸਾ ਕਹਿ ਦੇਈਏ ਕਿ ਤ੍ਰੰਗ-ਪ੍ਰਵਾਹ ਇਸ ਦੇਸ਼ ਦਾ ਐਸਾ ਸੀ, ਮਾਹੌਲ ਇਸ ਦੇਸ਼ ਦਾ ਐਸਾ ਸੀ ਕਿ ਸੰਤ ਪੈਦਾ ਹੋ ਰਹੇ ਸਨ, ਭਗਤ ਪੈਦਾ ਹੋ ਰਹੇ ਸਨ, ਅਉਤਾਰੀ ਪੁਰਸ਼ ਆ ਰਹੇ ਸਨ। ਇਸ ਦੇਸ਼ ਦੀ ਮਹਿਮਾ ਅੱਜ ਵੀ ਉਨ੍ਹਾਂ ਅਵਤਾਰਾਂ ਕਰਕੇ ਹੀ ਹੈ, ਅੱਜ ਵੀ ਉਨ੍ਹਾਂ ਭਗਤਾਂ ਕਰਕੇ ਹੀ ਹੈ। ਚਾਰ ਯੁਗਾਂ ਦੇ ਅਵਤਾਰਾਂ ਦੀ ਰੂਪ-ਰੇਖਾ ਭੱਟਾਂ ਦੀ ਬਾਣੀ ਵਿਚ ਇੰਜ ਦਰਜ ਹੈ, ਭੱਟ ਕਹਿੰਦੇ ਨੇ :

**ਸਤਿਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ॥**
**ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ॥**
**ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ॥**
**ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ॥**
**ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ॥**
**ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ॥**

*(ਸਵਯੇ ਮਹਲੇ ਪਹਿਲੇ ਕੇ, ਪੰਨਾ 1390)*



Sri Satguru Jagjit Singh Ji eLibrary NamdhariElibrary@gmail.com

ਸਤਿਯੁਗ ਵਿਚ ਬਾਵਨ (ਬਉਨੇ) ਅਵਤਾਰ, ਤ੍ਰੇਤੇ ਵਿਚ ਸ੍ਰੀ ਰਾਮ ਰਘੁਵੰਸ਼ੀ ਸਨ, ਦੁਆਪਰ ਵਿਚ ਸ੍ਰੀ ਕ੍ਰਿਸ਼ਨ ਯਾਦਵ ਵੰਸ਼ ਦੇ ਸਨ, ਔਰ ਕਲਿਯੁਗ ਵਿਚ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਬੇਦੀ ਬੰਸ ਵਿਚ ਉਜਾਗਰ ਹੋਏ। ਸਮੇਂ ਦੀ ਅਤੇ ਅਵਤਾਰਾਂ ਦੀ ਰੂਪ-ਰੇਖਾ ਨੂੰ ਭੱਟ ਇਸ ਤਰ੍ਹਾਂ ਮੰਨਦੇ ਨੇ। ਸਮੇਂ ਦਾ ਬੈਰੂਨੀ ਪ੍ਰਭਾਉ ਜਨਮਸਾਖੀ ਵਿਚ ਇੰਜ ਚਿਤਰਿਆ ਹੋਇਆ ਹੈ, ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਫ਼ੁਰਮਾਨ ਕਰਦੇ ਨੇ, ਬਾਲੇ ਨੂੰ, ਮਰਦਾਨੇ ਨੂੰ ਸਮਝਾਉਂਦੇ ਨੇ ਕਿ ਇਹ ਯੁਗ ਕੈਸਾ ਹੈ:

*ਜੇ ਬੈਠਾਂ ਤਾਂ ਆਖੀਏ ਬੈਠਾ ਸੱਥਰ ਘਤੁ।*
*ਜੇ ਚਲਾਂ ਤਾਂ ਆਖੀਏ ਛਾਰ ਗਇਆ ਸਿਰ ਘਤੁ।*

ਜੇ ਮੈਂ ਚਲਦਾ ਹਾਂ ਤਾਂ ਕਹਿੰਦੇ ਨੇ ਕਿ ਇਹ ਤਾਂ ਸਿਰ 'ਤੇ ਛਾਰ ਪਾ ਕੇ (ਮਿੱਟੀ ਪਾ ਕੇ) ਚਲਾ ਗਿਆ ਹੈ ਤੇ ਜੇ ਮੈਂ ਬੈਠਾ ਰਹਾਂ ਤਾਂ ਲੋਕੀ ਕਹਿੰਦੇ ਨੇ ਕਿ ਇਹ ਤਾਂ ਸੱਥਰ ਮੱਲ ਕੇ ਬੈਠਾ ਹੋਇਆ ਹੈ, ਇਹ ਤਾਂ ਸਿਰਫ਼ ਬੈਠਾ ਹੀ ਰਹਿੰਦਾ ਹੈ।

*ਜੇ ਬੋਲਾਂ ਤਾਂ ਆਖੀਐ, ਬੁੜ ਬੁੜ ਕਰੇ ਬਹੁਤ।*
*ਚੁਪ ਰਹਾਂ ਤਾਂ ਆਖੀਐ ਇਸ ਘਟ ਨਾਹੀ ਮਤ।*

ਜੇ ਮੈਂ ਬੋਲਦਾ ਹੀ ਨਹੀਂ, ਖ਼ਾਮੋਸ਼ੀ ਧਾਰਨ ਕਰ ਲੈਂਦਾ ਹਾਂ ਤਾਂ ਕਹਿੰਦੇ ਨੇ ਕਿ ਇਸਦੇ ਕੋਲ ਕੁੱਵਤੇ ਗੋਇਆ ਈ ਨਹੀਂ ਹੈ, ਇਹਦੇ ਕੋਲ ਬੋਲਣ ਦਾ ਢੰਗ ਹੀ ਨਹੀਂ ਹੈ। ਪਰ ਜੇ ਮੈਂ ਮੌਕਾ-ਮੇਲ ਦੀ ਗੱਲ ਕਰਾਂ, ਬਾਤ-ਚੀਤ ਕਰਾਂ ਤਾਂ ਕਹਿੰਦੇ ਨੇ ਕਿ ਇਹ ਤਾਂ ਬੁੜ ਬੁੜ ਕਰਦਾ ਹੈ, ਬਸ ਬੋਲੀ ਜਾਂਦਾ ਹੈ, ਬੋਲੀ ਜਾਂਦਾ ਹੈ। "ਜੇ ਬੋਲਾਂ ਤਾਂ ਆਖੀਐ ਬੁੜ ਬੁੜ ਕਰੇ ਬਹੁਤ। ਚੁਪ ਰਹਾਂ ਤਾਂ ਆਖੀਐ ਇਸ ਘਟ ਨਾਹੀ ਮਤ। ਕਾਈ ਗੱਲ ਨਾ ਮੇਲਨੀ ਕਰਤਾ ਰਖੇ ਪਤ।" ਬਸ ਕਈਆਂ ਦਾ ਕੰਮ ਹੀ ਹੋ ਗਿਆ ਹੈ ਨਿੰਦਾ ਕਰਨੀ, ਔਰ ਨਿੰਦਾ ਕਰਨ ਲਈ ਬਹਾਨੇ ਲੱਭਣੇ। ਚੱਲ ਰਿਹਾ ਹੈ ਮਨੁੱਖ, ਖ਼ਾਕ ਉਡਾ ਕੇ ਚੱਲ ਰਿਹਾ ਹੈ। ਬੈਠਾ ਹੈ ਮਨੁੱਖ, ਬਸ ਬੈਠਾ ਹੀ ਰਹਿੰਦਾ ਹੈ। ਬੋਲੇ ਤਾਂ ਬੁੜ ਬੁੜ ਕਰਦਾ ਹੈ, ਚੁੱਪ ਹੈ ਤਾਂ ਮੂਰਖ ਹੈ। ਗ਼ਰਜ਼ਿ ਕਿ ਨਿੰਦਾ ਕਰਨ ਦੇ ਬਹਾਨੇ। ਇਸ ਯੁਗ ਵਿਚ, ਜਨਮਸਾਖੀ ਦੇ ਕਥਨ ਅਨੁਸਾਰ ਨਿੰਦਾ ਚਰਮ ਸੀਮਾ 'ਤੇ ਹੈ ਔਰ ਮਨੁੱਖ ਕਦਮ ਕਦਮ 'ਤੇ ਨਿੰਦਾ ਕਰ ਰਿਹਾ ਹੈ ਔਰ ਨਿੰਦਾ ਕਰਨ ਦੇ ਬਹਾਨੇ ਲੱਭਦਾ ਹੈ। ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਤਾਂ ਇਥੋਂ ਤੀਕ ਕਹਿੰਦੇ ਨੇ ਕਿ ਇਸ ਯੁਗ ਵਿਚ ਐਸੀ ਨਿੰਦਾ ਕਰਨ ਦੀ ਇਕ ਐਸੀ ਆਦਤ ਬਣ ਗਈ ਹੈ ਕਿ ਹੁਣ ਇਸਦਾ ਕੋਈ ਇਲਾਜ ਵੀ ਨਹੀਂ ਹੈ:



Sri Satguru Jagjit Singh Ji eLibrary NamdhariElibrary@gmail.com

**ਅਵਖਧ ਸਭੇ ਕੀਤਿਅਨੁ ਨਿੰਦਕ ਕਾ ਦਾਰੂ ਨਾਹਿ ॥** *(ਪੰਨਾ 315)*

ਨਿੰਦਾ ਐਸੀ ਜ਼ਹਿਰ ਹੈ, ਐਸੀ ਕੁੜੱਤਨ ਹੈ ਕਿ ਇਸ ਨਾਲ ਜ਼ਬਾਨ ਬਹੁਤ ਕੌੜੀ ਹੋ ਗਈ ਹੈ। ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਨੇ:

**ਤੁਮੀ ਤੁਮਾ ਵਿਸੁ ਅਕੁ ਧਤੂਰਾ ਨਿਮੁ ਫਲੁ ॥**
**ਮਨਿ ਮੁਖਿ ਵਸਹਿ ਤਿਸੁ ਜਿਸੁ ਤੂੰ ਚਿਤਿ ਨ ਆਵਹੀ ॥**
*(ਸਲੋਕ ਮ: ੧, ਪੰਨਾ 147)*

ਹੇ ਪ੍ਰਭੂ ! ਮਨੁੱਖ ਐਸਾ ਨਿੰਦਕ ਹੋ ਗਿਐ ਔਰ ਉਸਦੀ ਰਸਨਾ ਝੂਠ ਬੋਲ ਬੋਲ ਕੇ ਇਤਨੀ ਕੌੜੀ ਹੋ ਗਈ ਹੈ ਕਿ ਕੋਈ ਤੁੰਮਾ ਵੀ ਇਤਨਾ ਕੌੜਾ ਨਹੀਂ। ਨਿੰਮ ਇਤਨੀ ਕੌੜੀ ਨਹੀਂ, ਜ਼ਹਿਰ ਇਤਨੀ ਕੌੜੀ ਨਹੀਂ, ਜਿਤਨਾ ਉਹ ਹਿਰਦਾ ਕੌੜਾ ਹੈ, ਜਿਸ ਵਿਚ ਤੂੰ ਨਹੀਂ ਹੈ ਤੇ ਸਿਰਫ਼ ਨਿੰਦਾ ਹੀ ਨਿੰਦਾ ਹੈ। ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਇੰਜ ਫ਼ੁਰਮਾਨ ਕਰਦੇ ਨੇ:

**ਢੋਲਕ ਦੁਨੀਆ ਵਾਜਹਿ ਵਾਜ ॥**
**ਨਾਰਦੁ ਨਾਚੈ ਕਲਿ ਕਾ ਭਾਉ ॥**
**ਜਤੀ ਸਤੀ ਕਹ ਰਾਖਹਿ ਪਾਉ ॥** *(ਆਸਾ ਮਹਲਾ ੧, ਪੰਨਾ 349)*

ਇਸ ਯੁਗ ਵਿਚ ਮਨ ਤਾਂ ਨਾਰਦ ਬਣ ਗਿਐ ਤੇ ਨਾਰਦ ਦਾ ਕੰਮ ਕੀ ਹੈ, ਚੁਗ਼ਲੀ, ਇਧਰ ਦੀ ਉਧਰ, ਉਧਰ ਦੀ ਇਧਰ। ਇਸ ਦੌਰ ਵਿਚ ਮਨੁੱਖ ਦੀ ਜ਼ਿੰਦਗੀ ਵੀ ਐਸੀ ਹੀ ਬਣ ਗਈ ਹੈ। ਮਹਾਰਾਜ ਕਹਿੰਦੇ ਨੇ ਕਿ ਮਨੁੱਖ ਦਾ ਮਨ ਨਾਰਦ ਹੈ। "ਨਾਰਦੁ ਨਾਚੈ ਕਲਿ ਕਾ ਭਾਉ ॥ ਜਤੀ ਸਤੀ ਕਹ ਰਾਖਹਿ ਪਾਉ ॥" ਇਹ ਜਤ ਤੇ ਸਤ ਕਿਹੜੀ ਥਾਂ 'ਤੇ ਆਪਣਾ ਪੈਰ ਟਿਕਾਣਗੇ ? ਮਨ ਤਾਂ ਨਾਰਦ ਹੀ ਹੋਇਆ ਪਿਆ ਹੈ, ਮਨ ਤਾਂ ਚੁਗ਼ਲ ਤੇ ਬਖ਼ੀਲ ਹੋਇਆ ਪਿਆ ਹੈ, ਮਨ ਤਾਂ ਬੜਾ ਪ੍ਰਬਲ ਨਿੰਦਕ ਹੋਇਆ ਪਿਆ ਹੈ। ਇਹ ਕਲਿਯੁਗ ਦਾ ਪ੍ਰਤਾਪ ਹੈ, ਸਮੇਂ ਦਾ ਪ੍ਰਤਾਪ ਹੈ। ਇਹ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਬੈਰੂਨੀ ਅਸਰ ਦਾ ਜ਼ਿਕਰ ਪਏ ਕਰਦੇ ਨੇ। ਦਰਅਸਲ ਗਲੀ ਵਿਚ ਕੋਈ ਵੱਡੀ ਭੀੜ ਹੋਵੇ ਔਰ ਉਸ ਵਿਚ ਕੋਈ ਮਨੁੱਖ ਫਸ ਜਾਏ ਤੋ ਜਿਸ ਪਾਸੇ ਭੀੜ ਜਾ ਰਹੀ ਹੈ, ਉਸ ਪਾਸੇ ਹੀ ਸਭ ਨੂੰ ਜਾਣਾ ਪੈਂਦਾ ਹੈ। ਮਨੁੱਖ ਸੁਤੰਤਰਤਾ ਨਾਲ ਆਪਣਾ ਰਸਤਾ ਨਹੀਂ ਚੁਣ ਸਕਦਾ। ਇਤਨੀ ਨਿੰਦਾ, ਇਤਨੀ ਨਿੰਦਾ! ਤੋ ਉਸਦੇ ਵਿਚ ਜਿਊਂਦਿਆਂ ਮਨੁੱਖ ਨਿੰਦਕ ਹੋ ਜਾਂਦਾ ਹੈ। ਇਤਨਾ ਝੂਠ ਤੇ ਇਤਨੇ ਝੂਠਿਆਂ ਦੀ ਭੀੜ, ਇਸ ਦੇ ਵਿਚ ਚੱਲ ਕੇ ਮਨੁੱਖ ਨਿੰਦਕ ਹੋ ਜਾਂਦਾ ਹੈ। ਇਤਨੇ ਫੋਕੇ ਕਰਮ-ਕਾਂਡੀ ਔਰ ਕਰਮ-ਕਾਂਡੀਆਂ ਦੀ ਭੀੜ ਕਿ ਇਸ ਭੀੜ ਵਿਚ ਚੱਲ ਕੇ ਮਨੁੱਖ ਵਿਅਰਥ ਦਾ ਕਰਮ-ਕਾਂਡੀ ਹੋ ਜਾਂਦਾ ਹੈ। ਔਰ ਇਹ ਤਾਂ ਮਨ ਦਾ



Sri Satguru Jagjit Singh Ji eLibrary NamdhariElibrary@gmail.com

ਇਕ ਸੁਭਾਉ ਹੈ ਕਿ ਇਸਦੇ ਉੱਤੇ ਭੀੜ ਦਾ ਪ੍ਰਭਾਉ ਪੈਂਦਾ ਹੈ। ਮਨੁੱਖ ਕਹਿੰਦਾ ਹੈ ਕਿ ਇਤਨੇ ਸਾਰੇ ਮਨੁੱਖ ਜੋ ਚੱਲ ਰਹੇ ਨੇ, ਇਹ ਗ਼ਲਤ ਕਿਸ ਤਰ੍ਹਾਂ ਹੋ ਸਕਦੇ ਨੇ। ਪਰ ਅਸਲ ਵਿਚ ਬਹੁ-ਗਿਣਤੀ ਗ਼ਲਤ ਹੀ ਹੁੰਦੀ ਹੈ।

ਕਿਸੇ ਸਮੇਂ ਮਹਾਤਮਾ ਬੁੱਧ ਨੇ ਬੜਾ ਕੀਮਤੀ ਬੋਲ (ਕੌਲ) ਆਪਣੇ ਚਚੇਰੇ ਭਾਈ ਕੋਲ ਰੱਖਿਆ ਸੀ ਕਿ ਐ ਆਨੰਦ! ਬਹੁਤ ਵੱਡੀ ਭੀੜ ਦੇ ਵਿਚ ਕੋਈ ਚੰਗੇ ਮਨੁੱਖ ਨਹੀਂ ਹੁੰਦੇ ਔਰ ਚੰਗੇ ਮਨੁੱਖਾਂ ਦੀ ਕਦੇ ਭੀੜ ਨਹੀਂ ਹੁੰਦੀ। ਬਹੁ-ਗਿਣਤੀ ਹਮੇਸ਼ਾ ਹੀ ਗ਼ਲਤ ਹੁੰਦੀ ਹੈ, ਭੀੜ ਹਮੇਸ਼ਾ ਬੁਰਿਆਂ ਦੀ ਹੁੰਦੀ ਹੈ, ਨੇਕ ਤਾਂ ਬਹੁਤ ਥੋੜ੍ਹੇ ਹੁੰਦੇ ਨੇ। ਗੀਟੀਆਂ ਤੇ ਪੱਥਰ ਆਮ ਮਿਲ ਸਕਦੇ ਨੇ ਪਹਾੜਾਂ 'ਤੇ, ਹੀਰੇ ਤਾਂ ਕਿਧਰੇ ਕਿਧਰੇ। ਸੰਖ ਤੇ ਸਿੱਪੀਆਂ ਸਾਗਰ ਦੇ ਤੱਟ 'ਤੇ ਆਮ ਮਿਲ ਸਕਦੀਆਂ ਨੇ, ਪਰ ਮੋਤੀ ਤਾਂ ਕਿਧਰੇ ਕਿਧਰੇ ਉਪਲਬਧ ਹੁੰਦੇ ਨੇ। ਕਿੱਕਰ ਤਾਂ ਸਾਰੀ ਧਰਤੀ 'ਤੇ ਮਿਲਦਾ ਹੈ, ਪਰ ਚੰਦਨ ਦਾ ਬਿਰਖ ਕਿਧਰੇ ਕਿਧਰੇ। ਜਿਤਨੀ ਮਿਕਦਾਰ ਵਿਚ ਕੋਇਲਾ ਨਿਕਲਦਾ ਹੈ ਪਹਾੜਾਂ ਦੀ ਕੁੱਖ ਵਿੱਚੋਂ, ਉਤਨਾ ਸੋਨਾ ਨਹੀਂ। ਤੇ ਕਲਿਯੁਗ, ਕਲੇਸ਼ ਭਰਿਆ ਯੁਗ ਔਰ ਕਲੇਸ਼ ਵਿਆਪਕ ਹੈ ਇਸ ਦੁਨੀਆ ਦੀ ਭਰੀ ਭੀੜ ਵਿਚ, ਤੇ ਮਨੁੱਖ ਦਾ ਮਨ ਕਲੇਸ਼ਮਈ ਹੋ ਗਿਐ। ਝੂਠਿਆਂ ਦੀ ਭੀੜ ਵਿਚ ਝੂਠਾ ਹੋ ਗਿਐ, ਨਿੰਦਕਾਂ ਦੀ ਭੀੜ ਵਿਚ ਨਿੰਦਕ ਹੋ ਗਿਐ, ਲੋਭੀਆਂ ਦੀ ਭੀੜ ਵਿਚ ਲੋਭੀ ਹੋ ਗਿਐ। ਇਸ ਤਰ੍ਹਾਂ ਦੀ ਭੀੜ ਵਿਚ ਮਨੁੱਖ ਜੀਅ ਰਿਹਾ ਹੈ।

**ਨਾਰਦੁ ਨਾਚੈ ਕਲਿ ਕਾ ਭਾਉ ॥**
**ਜਤੀ ਸਤੀ ਕਹ ਰਾਖਹਿ ਪਾਉ ॥**

ਮਨ, ਨਾਰਦ ਦੀ ਤਰ੍ਹਾਂ ਨੱਚ ਰਿਹਾ ਹੈ, ਚੁਗ਼ਲਖ਼ੋਰ ਹੋ ਗਿਆ ਹੈ। ਇਥੇ ਜਤੀ ਆਪਣਾ ਪੈਰ ਕਿਥੇ ਟਿਕਾਏਗਾ? ਸਾਰੀ ਧਰਤੀ ਜਲ ਰਹੀ ਹੈ, ਇਥੇ ਸਤੀ ਕਿਹੜੀ ਧਰਤੀ 'ਤੇ ਪੈਰ ਰੱਖੇਗਾ? ਸਾਰੇ ਅਸਥਾਨ ਗੰਦੇ ਹੋ ਚੁੱਕੇ ਨੇ। ਤੇ ਇਹ ਸਮੇਂ ਦੀ ਰੂਪ-ਰੇਖਾ ਜੋ ਪ੍ਰਭਾਵਿਤ ਕਰ ਰਹੀ ਹੈ ਮਨੁੱਖ ਦੀ ਤਰਜ਼ੇ-ਜ਼ਿੰਦਗੀ ਨੂੰ, ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ, ਧੰਨ ਗੁਰੂ ਰਾਮਦਾਸ ਜੀ ਮਹਾਰਾਜ, ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਔਰ ਭਗਤ ਰਵਿਦਾਸ ਤੇ ਕਬੀਰ ਆਪਣੇ ਆਲਿਮਾਨਾ ਢੰਗ ਨਾਲ ਬਿਆਨ ਕਰਦੇ ਨੇ। ਪਰ ਹੁਣ ਮਾਨਸਿਕ ਤਲ 'ਤੇ ਸਤਿਯੁਗ, ਤ੍ਰੇਤਾ, ਦੁਆਪਰ ਤੇ ਕਲਿਯੁਗ ਦੀ ਜੋ ਵਿਆਖਿਆ ਗੁਰੂ ਨਾਨਕ ਸਾਹਿਬ ਤੇ ਭਾਈ ਗੁਰਦਾਸ ਜੀ ਨੇ ਬਿਆਨ ਕੀਤੀ ਹੈ, ਉਨ੍ਹਾਂ ਸ਼ਬਦਾਂ ਦੀ ਹੀ ਵਿਆਖਿਆ ਮੈਂ ਬਿਆਨ ਕਰਨ ਲੱਗਾ ਹਾਂ। ਭਾਈ ਗੁਰਦਾਸ ਜੀ ਦੀ ਇਕ ਪਉੜੀ, ਜਿਸ ਵਿਚ ਭਾਈ ਗੁਰਦਾਸ ਜੀ ਕਹਿੰਦੇ ਨੇ:



Sri Satguru Jagjit Singh Ji eLibrary NamdhariElibrary@gmail.com

**ਜੁਗਿ ਜੁਗਿ ਮੇਰੁ ਸਰੀਰ ਕਾ ਬਾਸਨਾ ਬਧਾ ਆਵੈ ਜਾਵੈ ॥**
**ਫਿਰਿ ਫਿਰਿ ਫੇਰਿ ਵਟਾਈਐ ਗਿਆਨੀ ਹੋਇ ਮਰਮੁ ਕਉ ਪਾਵੈ ॥**

*(ਵਾਰ ਪਹਿਲੀ, ਪਉੜੀ 15)*

ਇਹ ਕੋਈ ਆਤਮ ਗਿਆਨੀ ਹੋਵੇਗਾ ਜੋ ਇਸ ਨੂੰ ਸਮਝੇਗਾ ਤੇ ਫਿਰ ਸਮੇਂ ਸਮੇਂ ਸਿਰ ਇਹ ਸਰੀਰ ਬਦਲਦਾ ਰਹੇਗਾ। ਤੋ ਬਾਰ ਬਾਰ ਜਨਮ ਹੁੰਦਾ ਰਿਹਾ, ਔਰ ਜਨਮ ਹੁੰਦਾ ਰਿਹਾ ਵਾਸ਼ਨਾ ਕਰਕੇ। ਜਿਤਨੇ ਚਿਰ ਤਕ ਵਾਸ਼ਨਾ ਹੈ, ਜਨਮ ਚਲਦਾ ਹੀ ਰਹੇਗਾ। ਔਰ ਜਨਮ-ਮਰਨ ਮਿਟ ਜਾਂਦਾ ਹੈ, ਜਿਸ ਦਿਨ ਵਾਸ਼ਨਾ, ਪ੍ਰਾਰਥਨਾ ਦਾ ਰੂਪ ਧਾਰਨ ਕਰ ਲਵੇ। ਕਹਿੰਦੇ ਨੇ, ਮਨ ਐਸਾ ਹੈ ਕਿ ਜਾਂ ਤਾਂ ਵਾਸ਼ਨਾ ਚਲੇਗੀ ਜਾਂ ਪ੍ਰਾਰਥਨਾ ਚਲੇਗੀ ਔਰ ਜਿਸ ਦਿਨ ਪ੍ਰਾਰਥੀ ਹੋ ਗਿਆ, ਇਸਦੇ ਅੰਦਰ ਹਰ ਵਕਤ ਪ੍ਰਾਰਥਨਾ ਚੱਲ ਪਈ ਔਰ ਪ੍ਰਾਰਥਨਾ ਵਿਚ ਸ਼ੁਕਰਾਨਾ, ਧੰਨਵਾਦ ਕਿ ਹੇ ਪ੍ਰਭੂ! ਤੇਰਾ ਧੰਨਵਾਦ ਹੈ। ਉਸ ਦਿਨ ਜਨਮ-ਮਰਨ ਦੇ ਗੇੜ ਮਿਟ ਜਾਂਦੇ ਨੇ। ਪਰ ਵਾਸ਼ਨਾ ਤਾਂ ਚਲਦੀ ਰਹਿੰਦੀ ਹੈ, ਜੇ ਵਾਸ਼ਨਾ ਪਿਛਲੇ ਜਨਮ ਵਿਚ ਨਾ ਹੁੰਦੀ ਤਾਂ ਹੁਣ ਦਾ ਇਹ ਜਨਮ ਵੀ ਨਹੀਂ ਸੀ ਹੋ ਸਕਦਾ:

**.....ਬਾਸਨਾ ਬਧਾ ਆਵੈ ਜਾਵੈ ॥**

ਭਾਈ ਸਾਹਿਬ ਭਾਈ ਗੁਰਦਾਸ ਜੀ ਕਹਿੰਦੇ ਨੇ:

**ਜੁਗਿ ਜੁਗਿ ਮੇਰੁ ਸਰੀਰ ਕਾ..... ॥**

ਹਰਿ ਯੁਗ ਵਿਚ ਇਹ ਮੇਰਾ 'ਮੇਰੂ' ਸਰੀਰ, ਇਹ ਮਹਾਨ ਮਨੁੱਖਾ ਸਰੀਰ, ਮਨੁੱਖੀ ਤਨ ਬਾਰ ਬਾਰ ਆਉਂਦਾ ਰਿਹਾ। ਅਕਸਰ ਪੁੰਨ ਤੇ ਪਾਪ ਦੋਵੇਂ ਬਰਾਬਰ ਹੋਵਣ ਤਾਂ ਮਨੁੱਖ ਦਾ ਅਗਲਾ ਜਨਮ ਵੀ ਮਨੁੱਖ ਦਾ ਹੀ ਹੁੰਦਾ ਹੈ। ਪਾਪ ਹੀ ਪਾਪ ਹੋਵਣ, ਪੁੰਨ ਨਾ ਹੋਵਣ ਤੋ ਮਨੁੱਖ ਪੱਛੜ ਜਾਂਦਾ ਹੈ, ਪਿੱਛੇ ਮੁੜ ਜਾਂਦਾ ਹੈ। ਪਰ ਐਸਾ ਕੋਈ ਪਾਪੀ ਨਹੀਂ ਜੋ ਥੋੜ੍ਹੇ ਬਹੁਤੇ ਪੁੰਨ ਨਾ ਕਰਦਾ ਹੋਵੇ। ਕਬੀਰ ਜੀ ਸੱਚ ਕਹਿ ਰਹੇ ਨੇ:

**ਪਾਪੁ ਪੁੰਨੁ ਦੁਇ ਬੈਲ ਬਿਸਾਹੇ ਪਵਨੁ ਪੂਜੀ ਪਰਗਾਸਿਓ ॥**

*(ਗਉੜੀ ਕਬੀਰ ਜੀ, ਪੰਨਾ 333)*

ਮਨੁੱਖ ਸਵਾਸਾਂ ਦੀ ਪੂੰਜੀ ਨਾਲ ਕੁਛ ਪਾਪ ਖ਼ਰੀਦਦਾ ਹੈ, ਕੁਛ ਪੁੰਨ ਖ਼ਰੀਦਦਾ ਹੈ। ਤੋ ਪਾਪ ਪੁੰਨ ਬਰਾਬਰ ਦੇ ਹੋਵਣ ਤਾਂ ਹੀ ਮਨੁੱਖ ਦਾ ਜਨਮ ਬਾਰ ਬਾਰ ਹੁੰਦਾ ਹੈ। ਤਕਰੀਬਨ ਤਕਰੀਬਨ ਇਹ ਹੀ ਚਾਂਨਸ ਹੈ ਕਿ ਮਨੁੱਖ ਮਰ ਕੇ ਮਨੁੱਖ ਹੋਵੇਗਾ, ਕਿਉਂਕਿ ਪਾਪ ਕਰਦਾ ਹੈ ਜੀਵਨ ਦੀ ਲਾਲਸਾ ਕਰਕੇ ਤੇ ਪੁੰਨ ਕਰਦਾ ਹੈ ਇਸ ਜੀਵਨ ਤੋਂ ਮੁਕਤ ਹੋਵਣ ਲਈ। ਔਰ ਚੂੰਕਿ ਦੋਵੇਂ



Sri Satguru Jagjit Singh Ji eLibrary NamdhariElibrary@gmail.com

ਕਰਮ ਬਰਾਬਰ ਰਹਿ ਜਾਂਦੇ ਨੇ, ਤੋ ਬਾਰ ਬਾਰ ਮਨੁੱਖੀ ਜਨਮ ਉਪਲਬਧ ਹੁੰਦਾ ਹੈ।

ਤਰਜ਼ੇ-ਜ਼ਿੰਦਗੀ ਦੇ ਜੋ ਤੌਰ ਤਰੀਕੇ ਬਦਲਦੇ ਨੇ, ਇਸ ਤਬਦੀਲੀ ਨੂੰ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਜਿਸ ਢੰਗ ਨਾਲ ਬਿਆਨ ਕਰਦੇ ਨੇ, ਮੈਂ ਅਰਜ਼ ਕਰ ਰਿਹਾ ਹਾਂ। ਧੰਨ ਗੁਰੂ ਗ੍ਰੰਥ ਸਾਹਿਬ ਜੀ ਵਿਚ ਚਾਰ ਯੁਗਾਂ ਦਾ ਜ਼ਿਕਰ ਬਾਰ ਬਾਰ ਆਇਆ ਹੈ :

**ਚਹੁ ਜੁਗਾ ਕਾ ਹੁਣਿ ਨਿਬੇੜਾ ਨਰ ਮਨੁਖਾ ਨੋ ਏਕੁ ਨਿਧਾਨਾ॥**

*(ਬਿਲਾਵਲ ਮਹਲਾ ੩, ਪੰਨਾ 797)*

ਗ਼ਰਜ਼ਿ ਕਿ ਚਾਰੇ ਯੁਗ, ਇਹ ਇਕ ਐਸੀ ਸ਼੍ਰਿੰਖਲਾ ਹੈ, ਐਸੀ ਕੜੀ ਜੋ ਸਮੇਂ 'ਤੇ ਖੜ੍ਹੀ ਹੈ, ਮਨੁੱਖ ਦੇ ਮਾਨਸਿਕ ਮੰਡਲ ਤੇ ਵਿਚਾਰਾਂ 'ਤੇ ਖੜ੍ਹੀ ਹੈ। ਸਮੇਂ ਵਿਚ ਯੁਗਾਂ ਦੀ ਤਬਦੀਲੀ, ਇਹ ਇਕ ਪੁਰਾਣੀ ਮਨੌਤ ਹੈ, ਇਸ ਨੂੰ ਮਿਥ ਵੀ ਕਹਿ ਸਕਦੇ ਹਾਂ, ਅਸਥਾਨ ਵਿਚ ਯੁਗਾਂ ਦੀ ਮਨੌਤ। ਜੈਸੇ ਕਿਸੇ ਅਸਥਾਨ 'ਤੇ ਕਥਾ ਕੀਰਤਨ ਹੋ ਰਿਹਾ ਹੈ, ਉਹ ਜਗ੍ਹਾ ਸਤਿਯੁਗ ਹੈ, ਉਹ ਜਗ੍ਹਾ ਬੈਕੁੰਠ ਹੈ :

**ਕਹੁ ਕਬੀਰ ਇਹ ਕਹੀਐ ਕਾਹਿ॥**
**ਸਾਧਸੰਗਤਿ ਬੈਕੁੰਠੈ ਆਹਿ॥** *(ਗਉੜੀ ਕਬੀਰ ਜੀ, ਪੰਨਾ 325)*

ਜਿਥੇ ਸਤਿਸੰਗ ਹੋ ਰਿਹਾ ਹੈ, ਬੈਕੁੰਠ ਹੈ; ਜਿਥੇ ਸਤਿਸੰਗ ਹੋ ਰਿਹਾ ਹੈ, ਸੱਚਖੰਡ ਹੈ; ਜਿਥੇ ਸਤਿਸੰਗ ਹੋ ਰਿਹਾ ਹੈ, ਸਤਿਯੁਗ ਹੈ। ਇਹ ਤਾਂ ਹੋਈ ਅਸਥਾਨ ਦੇ ਵਿਚ। ਪਰ ਤੀਸਰੀ ਘਟਨਾ ਹੈ ਮਾਨਸਿਕ ਮੰਡਲ ਦੇ ਵਿਚ, ਇਹ ਵਿਗਿਆਨਕ (ਸਾਇੰਟੇਫ਼ਿਕ) ਹੈ, ਸੱਚਾਈ ਹੈ, ਇਹ ਤੱਤ ਹੈ। ਸਤਿਯੁਗ, ਤ੍ਰੇਤਾ, ਦੁਆਪਰ, ਕਲਿਯੁਗ, ਮਨੁੱਖ ਦੀਆਂ ਮਾਨਸਿਕ ਅਵਸਥਾਵਾਂ ਨੇ। ਇੱਕੋ ਹੀ ਸਮੇਂ ਵਿਚ, ਘਰ ਦੇ ਦਸ ਜੀਆਂ ਵਿੱਚੋਂ ਕੋਈ ਸਤਿਯੁਗ ਦੇ ਵਿਚ ਜੀਅ ਰਿਹਾ ਹੋਵੇਗਾ, ਕੋਈ ਤ੍ਰੇਤੇ ਵਿਚ ਜੀਅ ਰਿਹਾ ਹੋਵੇਗਾ, ਕੋਈ ਦੁਆਪਰ ਵਿਚ ਜੀਅ ਰਿਹਾ ਹੋਵੇਗਾ ਔਰ ਕੋਈ ਕਲਿਯੁਗ ਵਿਚ ਜੀਅ ਰਿਹਾ ਹੋਵੇਗਾ। ਮਨੁੱਖ ਨੂੰ ਵੇਖ ਕੇ ਅਸੀਂ ਕਹਿ ਸਕਦੇ ਹਾਂ ਕਿ ਇਹ ਤਾਂ ਸਤਿਯੁਗੀ ਜੀਅ ਹੈ। ਔਰ ਮਨੁੱਖ ਦੀ ਤਰਜ਼ੇ-ਜ਼ਿੰਦਗੀ, ਆਚਾਰ ਵਿਵਹਾਰ ਨੂੰ ਦੇਖ ਕੇ ਅਸੀਂ ਕਹਿ ਸਕਦੇ ਹਾਂ ਕਿ ਇਹ ਤਾਂ ਨਿਰਾ ਹੀ ਕਲਿਯੁਗੀ ਜੀਅ ਹੈ। ਇਹ ਠੀਕ ਹੈ ਕਿ ਸਨਾਤਨ ਮਤ ਵਿਚ ਔਰ ਗੁਰਮਤਿ ਵਿਚ ਵੀ ਯੁਗਾਂ ਨੂੰ ਸਰੀਰ-ਰੂਪੀ ਮੰਨ ਲਿਆ ਗਿਆ ਹੈ। ਜੈਸੇ ਕਹਾਣੀਆਂ ਆਉਂਦੀਆਂ ਨੇ ਕਿ ਕਬੀਰ ਜੀ ਨੂੰ ਕਲਿਯੁਗ ਮਿਲਿਆ, ਗੁਰੂ ਨਾਨਕ ਜੀ ਨੂੰ ਕਲਿਯੁਗ ਮਿਲਿਆ, ਮਰਦਾਨੇ ਨੂੰ ਕਲਿਯੁਗ ਮਿਲਿਆ, ਫਲਾਣੀ ਥਾਂ 'ਤੇ ਕਲਿਯੁਗ ਪ੍ਰਗਟ ਹੋ ਗਿਆ। ਤੋ ਕਲਿਯੁਗ ਨੂੰ ਇਕ



Sri Satguru Jagjit Singh Ji eLibrary NamdhariElibrary@gmail.com

ਵਿਅਕਤੀ ਮੰਨ ਲੈਣਾ, ਇਹ ਮਿਥ ਹੈ, ਬੱਸ ਪੁਰਾਣਾ ਇਕ ਢੰਗ ਸੀ ਬਿਆਨ ਕਰਨ ਦਾ, ਜੈਸੇ ਬੁਰਾਈਆਂ ਨੂੰ ਹੀ ਸ਼ੈਤਾਨ ਆਖਿਆ ਜਾਂਦਾ ਹੈ। ਪਰ ਇਸਲਾਮ ਵਿਚ ਸ਼ੈਤਾਨ ਦਾ ਇਕ ਵਜੂਦ ਮੰਨ ਲਿਆ ਗਿਆ ਹੈ, ਉਸਦਾ ਇਕ ਆਕਾਰ ਮੰਨ ਲਿਆ ਗਿਆ ਹੈ, ਸ਼ੈਤਾਨ ਨੂੰ ਇਕ ਵਿਅਕਤੀ ਮੰਨ ਲਿਆ ਗਿਆ ਹੈ। ਦਰਅਸਲ ਸ਼ੈਤਾਨ ਤਾਂ ਇਹ ਬੁਰਾਈਆਂ ਨੇ, ਅਉਗੁਣ ਨੇ। ਇਸੇ ਤਰੀਕੇ ਦੇ ਨਾਲ ਦੇਵ ਬਿਰਤੀਆਂ, ਪਵਿੱਤਰ ਬਿਰਤੀਆਂ ਨੇ। ਪ੍ਰਕਾਸ਼ਮਈ ਬਿਰਤੀਆਂ ਜਿਸ ਦੇ ਅੰਦਰ ਚਲਦੀਆਂ ਨੇ, ਉਹ ਹੀ ਦੇਵਤਾ ਹੈ ਔਰ ਜੋ ਅਉਗੁਣਹਾਰਾ ਹੈ, ਅਚੇਤ ਤੇ ਅੰਧਕਾਰ ਵਿਚ ਜੀਅ ਰਿਹਾ ਹੈ, ਉਹ ਹੀ ਰਾਕਸ਼ਸ਼ ਹੈ ਔਰ ਵਾਸਤਵ ਵਿਚ ਇਹੀ ਇਕ ਸੱਚਾਈ ਹੈ। ਦੇਵਤਾ ਹੋਣਾ, ਰਾਕਸ਼ਸ਼ ਹੋਣਾ, ਸ਼ੈਤਾਨ ਹੋਣਾ, ਭਗਵਾਨ ਹੋਣਾ, ਇਹ ਮਨੁੱਖ ਦੇ ਮਨ 'ਤੇ ਆਧਾਰਿਤ ਹੈ। ਇੱਕੋ ਹੀ ਸਮੇਂ ਕੋਈ ਸ਼ੈਤਾਨ ਹੋ ਸਕਦਾ ਹੈ, ਕੋਈ ਭਗਵਾਨ ਦਾ ਰੂਪ ਹੋ ਸਕਦਾ ਹੈ। ਔਰ ਦੂਸਰਾ ਐਸਾ ਵੀ ਹੋ ਸਕਦਾ ਹੈ ਕਿ ਇੱਕੋ ਹੀ ਵਿਅਕਤੀ ਸਵੇਰੇ ਤਾਂ ਸਤਿਯੁਗ ਵਿਚ ਜੀਅ ਰਿਹਾ ਸੀ, ਸ਼ਾਮ ਨੂੰ ਕਲਿਯੁਗ ਵਿਚ ਜੀਅ ਰਿਹਾ ਹੈ। ਦੁਪਹਿਰ ਨੂੰ ਦੁਆਪਰ ਵਿਚ ਜੀਅ ਰਿਹਾ ਸੀ, ਰਾਤ ਨੂੰ ਤ੍ਰੇਤੇ ਵਿਚ ਜੀਅ ਰਿਹਾ ਹੈ। ਇਹ ਮਾਨਸਿਕ ਅਵਸਥਾਵਾਂ ਨੇ, ਕਿਸ ਤਰ੍ਹਾਂ ਦੀਆਂ ਨੇ, ਧੰਨ ਗੁਰੂ ਨਾਨਕ ਦੇਵ ਜੀ ਦੀ ਬਾਣੀ 'ਤੇ ਆਧਾਰਿਤ, ਇਸ ਨੂੰ ਮੈਂ ਬਿਆਨ ਕਰਨ ਲੱਗਾ ਹਾਂ :

**ਨਾਨਕ ਮੇਰੁ ਸਰੀਰ ਕਾ ਇਕੁ ਰਥੁ ਇਕੁ ਰਥਵਾਹੁ ॥**
**ਜੁਗੁ ਜੁਗੁ ਫੇਰਿ ਵਟਾਈਅਹਿ ਗਿਆਨੀ ਬੁਝਹਿ ਤਾਹਿ ॥**

*(ਸਲੋਕ ਮ: ੧, ਪੰਨਾ 470)*

ਯੁਗ ਯੁਗ ਵਿਚ, ਸਮੇਂ ਸਮੇਂ ਵਿਚ, ਇਹ ਜੀਵਨ-ਚੇਤਨਾ ਵੱਖ ਵੱਖ ਸਰੀਰ ਧਾਰਨ ਕਰਦੀ ਰਹੀ ਹੈ। ਜੀਵਨ ਦੇ ਲਕਸ਼ ਬਦਲਦੇ ਰਹੇ ਨੇ, ਜੀਵਨ ਦੇ ਸਾਧਨ ਬਦਲਦੇ ਰਹੇ ਨੇ। ਲਕਸ਼ ਬਦਲ ਜਾਏ, ਸਾਧਨ ਬਦਲ ਜਾਵਣ ਤਾਂ ਯੁਗ ਬਦਲ ਜਾਂਦਾ ਹੈ। ਔਰ ਯੁਗ ਦੀ ਤਬਦੀਲੀ ਇਸੇ 'ਤੇ ਖੜ੍ਹੀ ਹੈ। ਮਨੁੱਖ ਦਾ ਲਕਸ਼ ਬਦਲ ਗਿਆ, ਯੁਗ ਬਦਲ ਗਿਆ। ਲਕਸ਼ ਦੀ ਪ੍ਰਾਪਤੀ ਦੇ ਸਾਧਨ ਬਦਲ ਗਏ, ਯੁਗ ਬਦਲ ਗਿਆ। ਪਰ ਸਮਾਂ ਤਾਂ ਲਾਜ਼ਮੀ ਲੱਗੇਗਾ। ਇਸ ਵਾਸਤੇ ਜਿਨ੍ਹਾਂ ਜਿਨ੍ਹਾਂ ਨੇ ਸਮੇਂ ਦੇ ਵਿਚ ਵੀ ਯੁਗਾਂ ਦੀ ਗਿਣਤੀ ਕੀਤੀ, ਆਧਾਰ ਤਾਂ ਮਨੁੱਖ ਦਾ ਮਨ ਹੀ ਬਣਾਉਣਾ ਪਿਆ। ਇਹ ਠੀਕ ਹੈ ਕਿ ਮਨੁੱਖ ਦੇ ਮਨ ਨੂੰ ਬਦਲਦਿਆਂ, ਲਕਸ਼ ਦੇ ਬਦਲਦਿਆਂ, ਸਾਧਨ ਦੇ ਬਦਲਦਿਆਂ ਸਮਾਂ ਤਾਂ ਲਗਦੈ, ਤੋ ਜਿਨ੍ਹਾਂ ਜਿਨ੍ਹਾਂ ਨੇ ਸਮੇਂ ਦੇ ਆਧਾਰ 'ਤੇ ਯੁਗਾਂ ਦੀ ਵੰਡ ਕੀਤੀ ਹੈ, ਉਨ੍ਹਾਂ ਦਾ ਦ੍ਰਿਸ਼ਟੀਕੋਣ ਬੈਰੂਨੀ ਹੈ, ਪਰ ਵਾਸਤਵਿਕਤਾ ਇਹ ਹੈ ਕਿ ਬਹੁ-ਗਿਣਤੀ ਵਿਚ ਮਨੁੱਖ ਦਾ ਜੀਵਨ ਜਦੋਂ ਬਦਲ ਜਾਂਦਾ ਹੈ, ਲਕਸ਼ ਦੀ



Sri Satguru Jagjit Singh Ji eLibrary NamdhariElibrary@gmail.com

ਪ੍ਰਾਪਤੀ ਦੇ ਜਦ ਸਾਧਨ ਬਦਲ ਜਾਂਦੇ ਨੇ ਤਾਂ ਯੁਗ ਬਦਲ ਜਾਂਦਾ ਹੈ। ਯੁਗਾਂ ਦੇ ਵਿਚ ਜੇ ਗਿਣਤੀ ਕਰੀਏ, ਤੋ ਚਲੋ, ਉਪਰ ਤੋਂ ਲਈਏ, ਤਾਂ ਪ੍ਰਥਮ ਸਤਿਯੁਗ ਹੈ। ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਨੇ :

**ਜੁਗੁ ਜੁਗੁ ਫੇਰਿ ਵਟਾਈਅਹਿ ਗਿਆਨੀ ਬੁਝਹਿ ਤਾਹਿ ॥**

ਕੋਈ ਗਿਆਨਵਾਨ ਪੁਰਸ਼ ਹੀ ਇਸਨੂੰ ਜਾਣਦਾ ਹੈ ਕਿ ਹਰ ਸਮੇਂ ਜੀਵਨ ਦੇ ਲਕਸ਼ ਤੇ ਸਾਧਨ ਬਦਲਦੇ ਰਹੇ ਨੇ।

**ਸਤਜੁਗਿ ਰਥੁ ਸੰਤੋਖ ਕਾ ਧਰਮੁ ਅਗੈ ਰਥਵਾਹੁ ॥**

*(ਸਲੋਕ ਮਹਲਾ ੧, ਪੰਨਾ 470)*

ਸਤਿਯੁਗ ਵਿਚ ਜੀਵਨ ਦਾ ਲਕਸ਼ ਵਾਸਤਵ ਵਿਚ ਕੀ ਸੀ ? "ਸਤਜੁਗਿ ਰਥੁ ਸੰਤੋਖ ਕਾ ਧਰਮੁ ਅਗੈ ਰਥਵਾਹੁ ॥" ਅੱਗੇ ਧਰਮ ਸੀ। ਧਰਮ ਤੋਂ ਮੁਰਾਦ ਸੱਚਾਈ, ਧਰਮ ਤੋਂ ਮੁਰਾਦ ਪਰਮਾਤਮਾ, ਧਰਮ ਤੋਂ ਮੁਰਾਦ ਈਸ਼ਵਰ। ਜੀਵਨ ਦਾ ਲਕਸ਼ ਸੱਚ ਸੀ, ਪ੍ਰਾਪਤੀ ਦਾ ਸਾਧਨ ਸੰਤੋਖ ਸੀ ਔਰ ਮਨੁੱਖ ਸੰਤੁਸ਼ਟ ਸੀ। ਸੰਤੁਸ਼ਟੀ ਐਸਾ ਰਥ ਹੈ, ਇਸ ਦੇ ਉੱਤੇ ਬੈਠ ਕੇ ਮਨੁੱਖ ਸੱਚ ਦੀ ਪ੍ਰਾਪਤੀ ਕਰਦਾ ਰਿਹਾ, ਧਰਮ ਦੀ ਪ੍ਰਾਪਤੀ ਕਰਦਾ ਰਿਹਾ। ਇਸ ਨੂੰ ਪ੍ਰਿਥਮ ਸਮੇਂ ਵਿਚ ਨਾਪਦੇ ਹਾਂ। ਫਿਰ ਸਮੇਂ ਦਾ ਗੇੜ ਚਲਦਾ ਰਿਹਾ, ਆਖ਼ਰ ਬਹੁ-ਗਿਣਤੀ ਵਿਚ ਜੀਵਨ ਦਾ ਲਕਸ਼ ਬਦਲ ਗਿਆ, ਸਾਧਨ ਵੀ ਬਦਲ ਗਏ।

**ਤ੍ਰੇਤੈ ਰਥੁ ਜਤੈ ਕਾ ਜੋਰੁ ਅਗੈ ਰਥਵਾਹੁ ॥**

*(ਸਲੋਕ ਮਹਲਾ ੧, ਪੰਨਾ 470)*

ਜ਼ਿੰਦਗੀ ਦਾ ਲਕਸ਼ ਹੈ ਜ਼ੋਰਾਵਰ ਹੋਣਾ, ਤਾਕਤਵਰ ਹੋਣਾ। ਸ਼ਕਤੀ ਹੋਣੀ ਚਾਹੀਦੀ ਹੈ ਬਾਹਾਂ ਦੇ ਵਿਚ, ਬਾਹੂਬਲ ਇਤਨਾ ਹੋਵੇ, ਜੈਸੇ ਹਜ਼ਾਰ ਬਾਹਾਂ ਦੇ ਵਿਚ ਬਲ ਹੁੰਦਾ ਹੈ। ਪ੍ਰਾਚੀਨ ਮਹਾਂਪੁਰਸ਼ਾਂ ਦੇ ਐਸੇ ਨਾਮ ਵੀ ਹਨ—ਸਹੰਸਰਬਾਹੂ, ਹਜ਼ਾਰਾਂ ਬਾਹਾਂ ਵਾਲਾ। ਅਸੀਂ ਕਿਧਰੇ ਕਿਧਰੇ ਦੇਵੀ-ਦੇਵਤਿਆਂ ਦੇ ਚਾਰ ਚਾਰ ਹੱਥ ਬਣਾਏ ਨੇ, ਅੱਠ ਅੱਠ ਹੱਥ ਬਣਾਏ ਨੇ, ਦਸ ਦਸ ਹੱਥ ਬਣਾਏ ਨੇ ਔਰ ਕਿਸੇ ਦੇ ਦਸ ਦਸ ਸਿਰ ਵੀ ਬਣਾਏ ਨੇ—ਦਹਿਸਿਰ ਰਾਵਣ। ਪਰ ਵਾਸਤਵ ਵਿਚ ਨਾ ਹੀ ਕਿਸੇ ਦੇ ਦਸ ਸਿਰ ਹੁੰਦੇ ਨੇ ਤੇ ਨਾ ਹੀ ਦਸ ਹੱਥ ਹੁੰਦੇ ਨੇ। ਇਕ ਤਾਂ ਸਿਰ ਵਿਚ ਸੋਚ ਸ਼ਕਤੀ ਆਮ ਮਨੁੱਖਾਂ ਨਾਲੋਂ ਜ਼ਿਆਦਾ ਹੋਵੇ, ਚੇਤੇ ਸ਼ਕਤੀ ਆਮ ਮਨੁੱਖਾਂ ਨਾਲੋਂ ਜ਼ਿਆਦਾ ਹੋਵੇ ਔਰ ਕਈ ਗੁਣਾਂ ਜ਼ਿਆਦਾ ਹੋਵੇ, ਵਿਚਾਰ ਸ਼ਕਤੀ ਆਮ ਮਨੁੱਖਾਂ ਨਾਲੋਂ ਦਸ ਗੁਣਾਂ ਜ਼ਿਆਦਾ ਹੋਵੇ ਤੋ ਆਪੇ ਦਹਿਸਿਰ ਹੋ ਗਿਆ। ਦੋ ਬਾਹਵਾਂ ਦੇ ਵਿਚ ਤਾਕਤ ਇਤਨੀ ਹੋਵੇ, ਜੈਸੇ ਹਜ਼ਾਰਾਂ ਬਾਹਵਾਂ ਦੇ ਵਿਚ ਤੇ ਹਜ਼ਾਰਾਂ ਬਾਹਵਾਂ ਉਸਦੇ ਅਧੀਨ ਹੋਵਣ



Sri Satguru Jagjit Singh Ji eLibrary NamdhariElibrary@gmail.com

ਤੋ ਫਿਰ ਸਹੰਸਰਬਾਹੂ। ਇਹ ਬਿਆਨ ਕਰਨ ਦੇ ਆਪਣੇ ਢੰਗ ਨੇ, ਵਰਨਾ ਇਕ ਸਰੀਰ ਦੇ ਹਜ਼ਾਰ ਹੱਥ ਨਹੀਂ ਹੋ ਸਕਦੇ। ਅਗਰ ਹਜ਼ਾਰ ਹੱਥ ਨੇ ਤੋ ਸਰੀਰ ਵੀ ਪਹਾੜ ਜੈਸਾ ਹੋਵੇਗਾ। ਅਗਰ ਦਸ ਸਿਰ ਨੇ ਤਾਂ ਸਰੀਰ ਵੀ ਹਾਥੀ ਨਾਲੋਂ ਕਈ ਗੁਣਾ ਵੱਡਾ ਹੋਣਾ ਚਾਹੀਦਾ ਹੈ। ਪਰ ਨਹੀਂ, ਦਸ ਸਿਰਾਂ ਜੈਸੀ ਚੇਤਾ ਸ਼ਕਤੀ, ਦਸ ਸਿਰਾਂ ਜੈਸੀ ਸੋਚ ਸ਼ਕਤੀ, ਦਸ ਸਿਰਾਂ ਜੈਸੀ ਵਿਚਾਰ ਸ਼ਕਤੀ ਜਿਸਦੇ ਅੰਦਰ ਸੀ, ਅਸੀਂ ਉਸਨੂੰ ਦਹਿਸਿਰ ਆਖਿਆ, ਦਸਾਂ ਸਿਰਾਂ ਵਾਲਾ। ਔਰ ਜਿਸਦੇ ਦੋ ਹੱਥ, ਹਜ਼ਾਰਾਂ ਹੱਥਾਂ ਨੂੰ ਕਾਬੂ ਕਰ ਸਕਣ, ਆਪਣੇ ਅਧੀਨ ਕਰ ਸਕਣ, ਉਸਨੂੰ ਅਸੀਂ ਸਹੰਸਰਬਾਹੂ ਕਰਕੇ ਆਖਿਆ। ਬਿਆਨ ਕਰਨ ਦੇ ਢੰਗ ਨੇ ਬੱਸ।

ਜੀਵਨ ਦਾ ਜਦ ਲਕਸ਼ ਬਣ ਗਿਆ ਕਿ ਜ਼ੋਰਾਵਰ ਹੋਣੈ, ਮੇਰੇ ਦੋ ਹੱਥਾਂ ਦੇ ਵਿਚ ਬਲ ਹਜ਼ਾਰਾਂ ਹੱਥਾਂ ਜੈਸਾ ਹੋਵੇ, ਤਾਕਤ, ਸ਼ਕਤੀ ਜਦ ਜੀਵਨ ਦਾ ਲਕਸ਼ ਬਣ ਜਾਏ ਤਾਂ ਮਨੁੱਖ ਅਸ਼ਾਂਤ ਹੋ ਜਾਂਦਾ ਹੈ। ਜੀਵਨ ਦੇ ਦੋ ਹੀ ਲਕਸ਼ ਹੋ ਸਕਦੇ ਨੇ—ਸ਼ਾਂਤੀ ਯਾ ਸ਼ਕਤੀ। ਸ਼ਾਂਤੀ ਪ੍ਰਾਪਤ ਕਰਨ ਦੇ ਸਾਧਨ ਹੋਰ ਨੇ, ਸ਼ਕਤੀ ਪ੍ਰਾਪਤ ਕਰਨ ਦੇ ਸਾਧਨ ਹੋਰ ਨੇ, ਔਰ ਬਿਲਕੁਲ ਬਿਪਰੀਤ ਨੇ:

**ਤ੍ਰੇਤੈ ਰਥੁ ਜਤੈ ਕਾ ਜੋਰੁ ਅਗੈ ਰਥਵਾਹੁ ॥**

ਤੋ ਫਿਰ ਤਾਕਤ ਸਰੀਰ ਵਿਚ ਤਾਂ ਹੀ ਹੋ ਸਕਦੀ ਹੈ, ਅਗਰ ਜਤੀ ਬਣ ਜਾਏ। ਬਾਹਰ ਵੀ ਮਨੁੱਖ ਤਾਕਤ ਤਾਂ ਹੀ ਵਧਾ ਸਕਦਾ ਹੈ, ਅਗਰ ਸੰਜਮ ਨਾਲ ਚੱਲਣ ਵਾਲਾ ਹੋਵੇ, ਸੋਚ ਕੇ ਚੱਲਣ ਵਾਲਾ ਹੋਵੇ। ਤੋ ਜੀਵਨ ਦਾ ਲਕਸ਼ ਜਦ ਇਹ ਹੀ ਬਣ ਜਾਏ ਕਿ ਪਹਿਲਵਾਨ ਹੀ ਹੋਣਾ ਹੈ, ਤੋ ਫਿਰ ਜਤੁ ਹੀ ਉਸਦਾ ਸਾਧਨ ਬਣੇਗਾ। ਬਹੁ-ਗਿਣਤੀ ਵਿਚ ਜਦ ਜੀਵਨ ਦਾ ਲਕਸ਼ ਇਹੀ ਬਣ ਜਾਏ, ਤੋ ਫਿਰ ਉਹ ਤ੍ਰੇਤਾ ਯੁਗ ਹੈ।

**ਦੁਆਪੁਰਿ ਰਥੁ ਤਪੈ ਕਾ ਸਤੁ ਅਗੈ ਰਥਵਾਹੁ ॥**

*(ਸਲੋਕ ਮਹਲਾ ੧, ਪੰਨਾ 470)*

ਇਥੇ ਸਤੁ ਤੋਂ ਮੁਰਾਦ ਉੱਚਾ ਆਚਰਣ (ਇਖ਼ਲਾਕ) ਹੈ, ਸਤੁ ਤੋਂ ਮੁਰਾਦ ਸੱਚ ਨਹੀਂ ਹੈ। ਵਾਸਤਵ ਵਿਚ ਇਥੇ ਸਤੁ ਦੇ ਅਰਥ ਆਚਰਣਸ਼ੀਲ ਹੋਣਾ, ਆਚਾਰਸ਼ੀਲ ਹੋਣਾ ਹੈ, ਸੁੰਦਰ ਆਚਰਣ ਵਾਲਾ। ਪਰ ਬਿਨਾਂ ਤਪ ਤੋ ਤਾਂ ਨਹੀਂ ਹੋ ਸਕਦਾ। ਤੋ ਤਪੁ ਕੀ ਹੈ? ਇੰਦ੍ਰਿਆਂ ਦਾ ਦਮਨ; ਅੱਖਾਂ ਨੂੰ ਕਾਬੂ ਵਿਚ ਰੱਖਣਾ, ਕੰਨਾਂ ਨੂੰ ਕਾਬੂ ਵਿਚ ਰੱਖਣਾ, ਜ਼ਬਾਨ ਨੂੰ ਕਾਬੂ ਵਿਚ ਰੱਖਣਾ, ਹੱਥਾਂ ਪੈਰਾਂ ਨੂੰ ਕਾਬੂ ਵਿਚ ਰੱਖਣਾ। ਮਨ ਨੂੰ ਕਾਬੂ ਵਿਚ ਕਰਨ ਦੀ ਕੋਸ਼ਿਸ਼ ਕਰਨੀ ਹੈ ਤਾਂ ਕਿ ਜੀਵਨ ਦੇ ਵਿਚ ਸਤੁ ਪ੍ਰਗਟ ਹੋ ਸਕੇ। ਜੇ ਕਲਿਯੁਗ ਤੋਂ ਸ਼ੁਰੂ ਕਰੀਏ ਤਾਂ ਦੁਆਪਰ ਦੂਜਾ ਪੁਰ ਔਰ ਜਿਸ ਯੁਗ ਵਿਚ ਅਸੀਂ ਜੀਅ ਰਹੇ ਹਾਂ, ਧੰਨ



Sri Satguru Jagjit Singh Ji eLibrary NamdhariElibrary@gmail.com

ਗੁਰੂ ਨਾਨਕ ਦੇਵ ਜੀ ਮਹਾਰਾਜ ਇਸ ਬਾਰੇ ਇੰਜ ਫ਼ੁਰਮਾਨ ਕਰਦੇ ਨੇ :

**ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ ॥**

*(ਸਲੋਕ ਮਹਲਾ ੧, ਪੰਨਾ 470)*

ਜਦ ਕੂੜ (ਮਾਇਆ) ਜੀਵਨ ਦਾ ਲਕਸ਼ ਬਣ ਜਾਏ ਤਾਂ ਤ੍ਰਿਸ਼ਨਾ ਉਸ ਦੀ ਪ੍ਰਾਪਤੀ ਦਾ ਸਾਧਨ ਬਣਦੀ ਹੈ। ਅਗਰ ਤ੍ਰਿਸ਼ਨਾਲੂ ਹੀ ਨਹੀਂ ਤਾਂ ਉਹ ਫਿਰ ਤਰ੍ਹਾਂ ਤਰ੍ਹਾਂ ਦੇ ਪਦਾਰਥਾਂ ਦੀ ਪ੍ਰਾਪਤੀ ਕਿਵੇਂ ਕਰੇਗਾ। ਸੰਤੁਸ਼ਟ ਹੈ ਤੇ ਪ੍ਰਾਪਤੀ ਕਰ ਵੀ ਨਹੀਂ ਸਕਦਾ। ਤ੍ਰਿਸ਼ਨਾ ਝੂਠ ਨੂੰ ਪ੍ਰਾਪਤ ਕਰਨ ਦਾ ਸਾਧਨ ਬਣਦੀ ਹੈ, ਉਪਰਾਲਾ ਬਣਦੀ ਹੈ। ਕੂੜ ਕਿਸ ਨੂੰ ਕਹਿੰਦੇ ਨੇ ? ਜੋ ਦਿਖਾਈ ਵੀ ਦੇਵੇ, ਪ੍ਰਭਾਵਿਤ ਵੀ ਕਰੇ ਤੇ ਪਕੜੀਏ ਤਾਂ ਹੱਥੋਂ ਨਿਕਲ ਜਾਏ। ਜਗਤ ਸਥਿਰ ਨਹੀਂ ਹੈ, ਅਸਥਿਰ ਹੈ, ਸਭ ਕੁਛ ਚਲਾਇਮਾਨ ਹੈ, ਬਸ ਇਸ ਨੂੰ ਕਹਿ ਦਿੱਤਾ ਹੈ—ਕੂੜ, ਝੂਠ।

**ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ ॥**

*(ਸਲੋਕ ਮਹਲਾ ੧, ਪੰਨਾ 468)*

ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਨੇ ਕਿ ਸਭ ਕੁਛ ਕੂੜ ਹੀ ਕੂੜ ਹੈ। ਕਿਉਂਕਿ :

**ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ ॥**

*(ਸਲੋਕ ਮਹਲਾ ੧, ਪੰਨਾ 468)*

ਕਿਸ ਨੂੰ ਪਕੜੀਏ, ਸਭ ਕੁਛ ਚਲਾਇਮਾਨ ਹੈ। ਨਾ ਇਥੇ ਦਿਨ ਟਿਕਿਆ ਹੋਇਆ ਹੈ ਨਾ ਇਥੇ ਰਾਤ ਹੀ ਟਿਕੀ ਹੋਈ ਹੈ। ਨਾ ਇਥੇ ਬਚਪਨ ਟਿਕਿਆ ਹੋਇਆ ਹੈ, ਨਾ ਇਥੇ ਜਵਾਨੀ ਟਿਕੀ ਹੋਈ ਹੈ, ਨਾ ਇਥੇ ਬੁਢੇਪਾ ਟਿਕਿਆ ਹੋਇਆ ਹੈ। ਦਿਨ ਨਹੀਂ ਟਿਕਿਆ, ਰਾਤ ਨਹੀਂ ਟਿਕੀ, ਜੀਵਨ ਨਹੀਂ ਟਿਕਿਆ, ਤੇ ਫਿਰ ਕੁਛ ਵੀ ਟਿਕਿਆ ਹੋਇਆ ਨਹੀਂ ਹੈ, ਸਭ ਕੁਛ ਚਲਾਇਮਾਨ ਹੈ। ਜੋ ਚੱਲ ਰਿਹਾ ਹੋਵੇ ਔਰ ਚਲਾਇਮਾਨ ਹੋਵੇ, ਉਸੇ ਨੂੰ ਕਹਿ ਦਿੰਦੇ ਨੇ ਚੰਚਲ। ਸਮੱਸਤ ਸੰਸਾਰ ਚੰਚਲ ਹੈ; ਪਕੜਨ ਦੀ ਕੋਸ਼ਿਸ਼ ਕਰਾਂਗੇ, ਹੱਥੋਂ ਨਿਕਲ ਜਾਏਗਾ। ਦਿਨ ਨੂੰ ਪਕੜਨ ਦੀ ਕੋਸ਼ਿਸ਼ ਕਰੀਏ, ਗਿਆ; ਰਾਤ ਨੂੰ ਪਕੜਨ ਦੀ ਕੋਸ਼ਿਸ਼ ਕਰੀਏ; ਗਈ। ਇਸੇ ਤਰ੍ਹਾਂ ਜਵਾਨੀ ਨੂੰ ਪਕੜਨ ਦੀ ਕੋਸ਼ਿਸ਼ ਕਰੀਏ, ਹੱਥੋਂ ਨਿਕਲ ਜਾਏਗੀ। ਜੀਵਨ ਨੂੰ ਪਕੜਨ ਦੀ ਕੋਸ਼ਿਸ਼ ਕਰੀਏ, ਜੀਵਨ ਹੱਥੋਂ ਨਿਕਲ ਜਾਂਦਾ ਹੈ। ਤੇ ਜੋ ਹੱਥ ਦੀ ਪਕੜ ਵਿਚ ਨਾ ਆਵੇ, ਜੈਸੇ ਪਵਨ ਨੂੰ ਪਕੜਨ ਦੀ ਕੋਸ਼ਿਸ਼ ਕਰੀਏ, ਹੱਥਾਂ ਵਿਚ ਬੰਦ ਕਰੀਏ, ਮੁੱਠੀ ਬੰਦ ਕਰੀਏ, ਹਵਾ ਬਾਹਰ ਨਿਕਲ ਜਾਏਗੀ, ਪਵਨ ਗਈ। ਜੋ ਪਕੜ ਵਿਚ ਨਾ ਆਵੇ, ਜੋ



Sri Satguru Jagjit Singh Ji eLibrary NamdhariElibrary@gmail.com

ਚਲਾਇਮਾਨ ਹੈ, ਉਸ ਨੂੰ ਚੰਚਲ ਆਖਿਆ ਹੈ, ਉਹਨੂੰ ਕੂੜ ਆਖਿਆ ਹੈ। ਪਰ ਜੀਵਨ ਦਾ ਲਕਸ਼ ਅਗਰ ਕੂੜ ਹੋਵੇ, ਜੀਵਨ ਦੀ ਪ੍ਰਾਪਤੀ ਦਾ ਲਕਸ਼ ਕੂੜ ਹੋਵੇ, ਕਿ ਬਸ ਕੂੜ ਚਾਹੀਦਾ ਹੈ, ਇਹ ਸੰਸਾਰ ਚਾਹੀਦਾ ਹੈ, ਤੋ ਸੰਸਾਰ ਅਗਰ ਲਕਸ਼ ਹੈ ਤੋ ਤ੍ਰਿਸ਼ਨਾ ਹੀ ਸਾਧਨ ਬਣੇਗੀ, ਲੋਭ ਹੀ ਸਾਧਨ ਬਣੇਗਾ। ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਤਾਂ ਫ਼ੁਰਮਾਨ ਪਏ ਕਰਦੇ ਨੇ ਕਿ ਵਾਕਈ ਇਹ ਯੁਗ ਲੋਭੀ ਯੁਗ ਹੈ, ਬੜਾ ਪ੍ਰਬਲ ਲੋਭੀ ਯੁਗ ਹੈ। ਹਰ ਸਮੇਂ ਜਿਸ ਦੇ ਅੰਦਰ ਦੇਣ ਦੀ ਭਾਵਨਾ ਹੋਵੇ ਤੇ ਦੇ ਕੇ ਖ਼ੁਸ਼ ਹੁੰਦਾ ਹੋਵੇ, ਗੁਰਬਾਣੀ ਕਹਿੰਦੀ ਹੈ ਕਿ ਉਹ ਗੁਰਮੁਖ ਹੈ, ਪਰ ਹਰ ਵਕਤ ਲੈਣ ਦੀ ਭਾਵਨਾ ਹੋਵੇ, ਤੇ ਲੈ ਕੇ ਹੀ ਖ਼ੁਸ਼ੀ ਮਿਲਦੀ ਹੋਵੇ, ਬਸ ਉਸੇ ਨੂੰ ਆਖਿਆ ਗਿਆ ਹੈ ਲੋਭੀ। ਬੜੀ ਕੀਮਤੀ ਪੰਗਤੀ ਹੈ :

**ਦੇਂਦੇ ਥਾਵਹੁ ਦਿਤਾ ਚੰਗਾ ਮਨਮੁਖਿ ਐਸਾ ਜਾਣੀਐ ॥**

*(ਮਾਝ ਕੀ ਵਾਰ ਮਹਲਾ ੨, ਪੰਨਾ 138)*

ਕਿਸ ਤਰ੍ਹਾਂ ਜਾਣੋਗੇ ਕਿ ਇਹ ਮਨਮੁਖ ਹੈ ? ਜਿਸਦੀ ਸਾਰੀ ਖ਼ੁਸ਼ੀ ਲੈਣ ਵਿਚ ਖੜ੍ਹੀ ਹੈ। ਜਦ ਕਿਧਰੇ ਦੇਣਾ ਪੈ ਜਾਏ, ਔਖਾ ਹੁੰਦਾ ਹੈ, ਦੁਖੀ ਹੁੰਦਾ ਹੈ, ਪਰੇਸ਼ਾਨ ਹੋ ਜਾਂਦਾ ਹੈ। ਪਰ ਜਿਥੋਂ ਕਿਧਰੇ ਲੈਣਾ ਪੈ ਜਾਏ ਔਰ ਮਿਲ ਜਾਏ ਤਾਂ ਖ਼ੁਸ਼ ਹੁੰਦਾ ਹੈ, ਪ੍ਰਸੰਨ ਹੁੰਦਾ ਹੈ। ਲੈਣਾ ਖ਼ੁਸ਼ੀ ਹੈ, ਦੇਣਾ ਦੁੱਖ ਹੈ, ਇਹ ਲੋਭੀ ਦੇ ਲੱਛਣ ਨੇ। "ਹਥਹੁ ਦੇ ਕੈ ਭਲਾ ਮਨਾਵੈ" ਦੇ ਕੇ ਖ਼ੁਸ਼ੀ ਹੁੰਦੀ ਹੈ, ਦੇ ਕੇ ਪ੍ਰਸੰਨਤਾ ਹੁੰਦੀ ਹੈ, ਔਰ ਜਿਸ ਨੂੰ ਦਿੰਦਾ ਹੈ, ਉਸਦਾ ਭਲਾ ਵੀ ਮੰਗਦਾ ਹੈ। ਐਸੀਆਂ ਮਨੋਬਿਰਤੀਆਂ ਨੇ, ਐਸਾ ਹੈ ਤਾਂ ਮਹਾਨ ਹੈ, ਉਸਦੀ ਜ਼ਿੰਦਗੀ ਦਾ ਲਕਸ਼ ਦੇਣ ਦੇ ਵਿਚ ਹੈ। ਪਰ ਜੇ ਲੈਣ ਵਿਚ ਹੈ ਤੋ ਲੋਭੀ। ਅਗਰ ਕੂੜ, ਝੂਠ, ਪਦਾਰਥ, ਸੰਸਾਰ ਹੀ ਜੀਵਨ ਦਾ ਲਕਸ਼ ਹੈ ਤਾਂ ਪ੍ਰਾਪਤੀ ਦਾ ਸਾਧਨ ਤ੍ਰਿਸ਼ਨਾ ਹੋਵੇਗੀ ਔਰ ਤ੍ਰਿਸ਼ਨਾਲੂ ਦਾ ਲਕਸ਼ ਕੂੜ ਹੁੰਦਾ ਹੈ, ਮਾਇਆ ਹੁੰਦੀ ਹੈ, ਸੰਸਾਰ ਹੁੰਦਾ ਹੈ, ਪਦਾਰਥ ਹੁੰਦੇ ਨੇ। ਔਰ ਮਹਾਰਾਜ ਕਹਿੰਦੇ ਨੇ, ਆਓ ਮਨੁੱਖੀ ਦੁਨੀਆ 'ਤੇ ਝਾਤ ਮਾਰ ਕੇ ਦੇਖੀਏ :

**ਨਾਨਕ ਕੂੜੁ ਰਹਿਆ ਭਰਪੂਰਿ ॥** *(ਸਲੋਕ ਮਹਲਾ ੧, ਪੰਨਾ 471)*

ਕੂੜ ਤਾਂ ਵਿਆਪਕ ਹੈ ਔਰ ਬੜੇ ਵਿਆਪਕ ਪੱਧਰ 'ਤੇ ਚੱਲ ਰਿਹਾ ਹੈ। ਇਥੇ ਤਾਂ ਕਿਧਰੇ ਕੋਈ ਸੱਚ ਬੋਲ ਦੇਵੇ ਤਾਂ ਹੁਣ ਝੂਠ ਸਮਝਿਆ ਜਾਂਦਾ ਹੈ ਤੇ ਜੇਕਰ ਝੂਠ ਬੋਲੇ ਤਾਂ ਸੱਚ ਸਮਝਿਆ ਜਾਂਦਾ ਹੈ, ਕਿਉਂਕਿ ਵਿਆਪਕ ਉਹ ਹੀ ਹੈ। ਹਜ਼ਾਰਾਂ ਪਾਗਲਾਂ ਦੇ ਇਕੱਠ ਵਿਚ ਕਿਧਰੇ ਕੋਈ ਇਕ ਅੱਧ ਸਿਆਣਾ ਆ ਜਾਏ ਤਾਂ ਹਜ਼ਾਰਾਂ ਪਾਗਲਾਂ ਦੀ ਦ੍ਰਿਸ਼ਟੀ ਵਿਚ ਉਹ ਸਿਆਣਾ ਪਾਗਲ



Sri Satguru Jagjit Singh Ji eLibrary NamdhariElibrary@gmail.com

ਹੈ ਯਾ ਉਸਨੂੰ ਪਾਗਲ ਕਰ ਦੇਣਗੇ। ਜੈਸੇ ਇਹ ਅਨੁਭਵ ਹੈ ਕਿ ਭੀੜ ਜਿਸ ਪਾਸੇ ਚੱਲ ਰਹੀ ਹੋਵੇ ਇਕੱਲੇ ਨੂੰ ਵੀ ਉਸੇ ਪਾਸੇ ਚੱਲਣਾ ਪੈਂਦਾ ਹੈ। ਯਾ ਫਿਰ ਪੂਰਾ ਸੰਘਰਸ਼ ਕਰੇ। ਦੇਖਣ ਵਿਚ ਆਇਆ ਹੈ ਕਿ ਭਗਤ ਤੇ ਅਵਤਾਰਾਂ ਦੀ ਜ਼ਿੰਦਗੀ ਬੜੀ ਸੰਘਰਸ਼ ਵਿਚ ਲੰਘੀ, ਕਿਉਂਕਿ ਜਿਸ ਪਾਸੇ ਭੀੜ ਸੀ, ਅਵਤਾਰ ਉਸ ਪਾਸੇ ਚੱਲਣ ਨੂੰ ਰਾਜ਼ੀ ਨਾ ਹੋਏ ਔਰ ਅਵਤਾਰ ਦਾ ਮਤਲਬ ਸੀ ਕਿ ਭੀੜ ਦਾ ਰੁਖ਼ ਮੋੜੀਏ ਔਰ ਰੁਖ਼ ਦੇ ਮੁੜਦਿਆਂ ਹੀ ਲਕਸ਼ ਬਦਲ ਜਾਂਦਾ ਹੈ। ਭੀੜ ਅਗਰ ਸੰਘਰਸ਼ 'ਤੇ ਉਤਾਰੂ ਹੋਵੇ ਤਾਂ ਅਵਤਾਰਾਂ ਨੂੰ ਸੂਲੀ 'ਤੇ ਚੜ੍ਹਨਾ ਪੈਂਦਾ ਹੈ, ਅਵਤਾਰਾਂ ਨੂੰ ਤੱਤੀ ਤਵੀ 'ਤੇ ਬੈਠਣਾ ਪੈਂਦਾ ਹੈ, ਅਵਤਾਰਾਂ ਨੂੰ ਪਿੰਜਰਿਆਂ ਵਿਚ ਕੈਦ ਹੋਣਾ ਪੈਂਦਾ ਹੈ। ਹੈਰਾਨਗੀ ਹੈ ਕਿ ਜਗਤ ਦੇ ਚੋਟੀ ਦੇ ਸਤਿਵਾਦੀ ਨੇ, ਉਨ੍ਹਾਂ ਨਾਲ ਸੰਸਾਰ ਨੇ ਬੜਾ ਹੀ ਅਨਿਆਇ ਕੀਤਾ, ਸੰਸਾਰ ਨੇ ਬੜੀ ਹੀ ਬੇਇਨਸਾਫ਼ੀ ਕੀਤੀ। ਵਾਸਤਵ ਵਿਚ ਪਾਗਲਾਂ ਦੀ ਭੀੜ ਵਿਚ, ਜੋ ਜਿਤਨਾ ਸਿਆਣਾ ਹੋਵੇਗਾ, ਉਤਨਾ ਹੀ ਪਾਗਲ ਕਹਿਲਾਏਗਾ, ਦੂਰ ਕਿਉਂ ਜਾਉ, ਇਸ ਭੀੜ ਨੇ ਕਹਿ ਦਿੱਤਾ ਸੀ ਗੁਰੂ ਨਾਨਕ ਨੂੰ, ਸਤਿਗੁਰ ਆਪ ਕਹਿੰਦੇ ਨੇ :

**ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ॥**
**ਕੋਈ ਆਖੈ ਆਦਮੀ ਨਾਨਕੁ ਵੇਚਾਰਾ॥** *(ਮਾਰੂ ਮਹਲਾ ੧, ਪੰਨਾ 991)*

ਵਿਚਾਰਾ ਨਾਨਕ ਭੂਤਨਾ ਹੋ ਗਿਐ, ਦੀਵਾਨਾ ਹੋ ਗਿਐ, ਪਾਗਲ ਹੋ ਗਿਐ। ਭੀੜ ਨੇ ਗੁਰੂ ਨਾਨਕ ਜੈਸੀ ਸ਼ਕਤੀ ਨੂੰ, ਅਜ਼ੀਮ ਆਲਮ ਨੂੰ, ਚੋਟੀ ਦੇ ਦਾਰਸ਼ਨਿਕ ਫ਼ਿਲਾਸਫ਼ਰ ਨੂੰ, ਰੱਬੀ ਚਿੰਤਕ ਨੂੰ, ਪ੍ਰਭੂ ਦੀ ਮੂਰਤੀ ਨੂੰ ਭੂਤਨਾ ਕਹਿ ਦਿੱਤਾ। ਹੈਰਾਨਗੀ ਹੈ ਕਿ ਜੋ ਸਾਰਿਆਂ ਦੇ ਭੂਤਨੇ ਉਤਾਰਨ ਆਇਐ, ਜਗਤ ਉਸ ਨੂੰ ਭੂਤਨਾ ਕਹਿੰਦਾ ਹੈ। ਜੋ ਹਰ ਇਕ ਦੀ ਜ਼ਿੰਦਗੀ ਨੂੰ ਤਾਲ ਦੇਣ ਲਈ ਆਇਐ, ਜਗਤ ਉਸੇ ਨੂੰ ਬੇਤਾਲਾ ਕਹਿੰਦਾ ਹੈ। ਐਸਾ ਕਿਉਂ ? ਕਿਉਂਕਿ ਭੀੜ ਤ੍ਰਿਸ਼ਨਾਲੂਆਂ ਦੀ ਹੈ, ਭੀੜ ਮਾਇਆਧਾਰੀਆਂ ਦੀ ਹੈ। ਤੇ ਮਾਇਆਧਾਰੀ ਕਿਸ ਨੂੰ ਕਹੋਗੇ ? ਜਿਸ ਦੇ ਜੀਵਨ ਦਾ ਲਕਸ਼ ਸੰਸਾਰ ਪਦਾਰਥ ਹੈ, ਜੀਅ ਰਿਹਾ ਹੈ ਪਦਾਰਥਾਂ ਦੀ ਖ਼ਾਤਰ, ਜੀਅ ਰਿਹਾ ਹੈ ਸੰਸਾਰ ਦੀ ਖ਼ਾਤਰ। ਤੇ ਸੰਸਾਰ ਵੱਡਾ ਹੋ ਗਿਆ, ਪਦਾਰਥ ਵੱਡੇ ਹੋ ਗਏ, ਧਨ ਹੀ ਮਹਾਨ ਹੋ ਗਿਆ, ਇਹ ਜੀਵਨ ਤਾਂ ਕੁਛ ਵੀ ਨਹੀਂ ਹੈ। ਜੀਵਨ ਉਸ ਦਿਨ ਮਹਾਨ ਬਣਦਾ ਹੈ, ਜਦ ਲਕਸ਼ ਇਸ ਜੀਵਨ ਤੋਂ ਉੱਚਾ ਹੋ ਜਾਵੇ, ਤੇ ਉਹ ਪਰਮ ਜੀਵਨ ਹੀ ਹੋ ਸਕਦਾ ਹੈ ਔਰ ਪਰਮ ਜੀਵਨ ਹੀ ਪਰਮਾਤਮਾ ਹੈ। ਜਿਤਨੇ ਚਿਰ ਤਕ ਜੀਵਨ ਦਾ ਲਕਸ਼ ਪਰਮਾਤਮਾ ਨਾ ਹੋਵੇ, ਉਤਨਾ ਚਿਰ ਮਨੁੱਖ ਉੱਚਾ ਨਹੀਂ ਉਠ ਸਕਦਾ, ਮਹਾਨ ਨਹੀਂ ਹੋ ਸਕਦਾ। ਤੇ ਇਹ ਵਿਚਾਰਧਾਰਾ 'ਤੇ ਖੜ੍ਹੇ ਸਤਿਯੁਗ, ਤ੍ਰੇਤਾ,



Sri Satguru Jagjit Singh Ji eLibrary NamdhariElibrary@gmail.com

ਦੁਆਪਰ ਤੇ ਕਲਿਯੁਗ, ਹੁਣ ਇਨ੍ਹਾਂ ਨੂੰ ਵਾਸਤਵਿਕ ਸੱਚਾਈ ਦੇ ਆਈਨੇ ਵਿਚ ਦੇਖਣ ਦੀ ਕੋਸ਼ਿਸ਼ ਕਰੀਏ। ਮਨੁੱਖ ਚਾਰ ਤਰ੍ਹਾਂ ਦੀਆਂ ਅਵਸਥਾਵਾਂ ਵਿੱਚੋਂ ਲੰਘਦਾ ਹੈ:

(1) ਪ੍ਰਥਮ, ਗਰਭ-ਕਾਲ ਦੀ ਅਵਸਥਾ;
(2) ਦੂਜਾ, ਹੁਣ ਧਰਤੀ ਦੀ ਗੋਦ ਵਿਚ ਆ ਗਿਐ। ਪਹਿਲੇ ਮਾਂ ਦੀ ਕੁੱਖ ਦੇ ਵਿਚ ਸੀ, ਹੁਣ ਧਰਤੀ ਦੀ ਕੁੱਖ ਦੇ ਵਿਚ ਹੈ, ਬੱਚਾ ਹੈ;
(3) ਤੀਸਰੀ ਅਵਸਥਾ ਹੈ, ਜਵਾਨ ਹੋ ਗਿਐ;
(4) ਚੌਥੀ ਅਵਸਥਾ, ਬੁੱਢਾ ਹੋ ਗਿਆ ਹੈ।

ਇਨ੍ਹਾਂ ਚਾਰ ਪੜਾਵਾਂ ਤੋਂ ਇਸ ਮਨੁੱਖ ਨੂੰ ਲੰਘਣਾ ਪੈਂਦਾ ਹੈ। ਗਰਭ-ਕਾਲ ਦੀ ਅਵਸਥਾ, ਬਚਪਨਾ, ਜਵਾਨੀ, ਬੁਢੇਪਾ। ਬਿਰਧ ਇਨਸਾਨ ਦੀ ਆਪਣੀ ਤਰਜ਼ੇ-ਜ਼ਿੰਦਗੀ ਹੈ, ਜੁਆਨੀ ਦਾ ਆਪਣਾ ਢੰਗ ਹੈ, ਬੱਚੇ ਦੀ ਆਪਣੀ ਦੁਨੀਆ ਹੈ ਔਰ ਗਰਭ-ਕਾਲ ਦੇ ਬੱਚੇ ਦੀ ਆਪਣੀ ਅਵਸਥਾ ਹੈ। ਇਸੇ ਹਿਸਾਬ ਨਾਲ ਯੁਗਾਂ ਨੂੰ ਦੇਖੀਏ—ਸਤਿਯੁਗ, ਗਰਭ ਕਾਲ ਦੀ ਅਵਸਥਾ ਹੈ; ਤ੍ਰੇਤਾ, ਬਚਪਨਾ ਹੈ; ਦੁਆਪਰ, ਜੁਆਨੀ ਹੈ; ਕਲਿਯੁਗ, ਬੁਢਾਪਾ ਹੈ। ਅਗਰ ਸੱਚਾਈ ਨੂੰ ਦੇਖਣਾ ਹੋਵੇ ਤਾਂ ਬੱਚੇ ਨਾਲੋਂ, ਗਰਭ-ਕਾਲ ਦੇ ਬੱਚੇ ਨਾਲੋਂ, ਖਿਲੌਣਿਆਂ ਨਾਲ ਖੇਡਦੇ ਹੋਏ ਬੱਚੇ ਨਾਲੋਂ ਔਰ ਜਵਾਨ ਨਾਲੋਂ, ਬੁਢਾਪਾ ਇਸ ਕਰਕੇ ਮਹਾਨ ਹੈ ਕਿ ਉਸਦੇ ਕੋਲ ਜ਼ਿੰਦਗੀ ਦੇ ਤਜਰਬੇ ਹੁੰਦੇ ਨੇ। ਉਤਾਰ ਚੜ੍ਹਾਉ ਦਾ ਸਾਰਾ ਬੋਧ ਹੁੰਦਾ ਹੈ। ਸ਼ਾਇਦ ਇਸ ਵਾਸਤੇ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਕਲਿਯੁਗ ਨੂੰ ਮਹਾਨ ਆਖ ਦਿੱਤਾ ਹੈ:

**ਸਤਜੁਗੁ ਤ੍ਰੇਤਾ ਦੁਆਪਰੁ ਭਣੀਐ ਕਲਿਜੁਗੁ ਊਤਮੋ ਜੁਗਾ ਮਾਹਿ ॥**

*(ਆਸਾ ਮਹਲਾ ੧, ਪੰਨਾ 406)*

ਕਲਿਯੁਗ ਉੱਤਮ ਯੁਗ ਹੈ, ਕਿਉਂਕਿ ਸਿਆਣਾ ਯੁਗ ਹੈ। ਔਰ ਇਹ ਗੱਲ ਤਾਂ ਮੰਨੀ ਪ੍ਰਮੰਨੀ ਹੈ ਕਿ ਇਸ ਯੁਗ ਵਿਚ ਜਿਤਨੀ ਸਿਆਣਪ ਉਜਾਗਰ ਹੋਈ ਹੈ, ਜੈਸੇ ਜੈਸੇ ਪਿੱਛੇ ਜਾਓਗੇ, ਉਤਨੀ ਨਹੀਂ ਸੀ। ਇਹ ਜੋ ਚਾਰ ਯੁਗ ਨੇ—ਗਰਭ-ਕਾਲ ਦੀ ਅਵਸਥਾ, ਬਚਪਨਾ, ਜਵਾਨੀ ਤੇ ਬੁਢਾਪਾ, ਇਨ੍ਹਾਂ ਦੇ ਆਪਣੇ ਆਪਣੇ ਵਿਚਾਰ ਨੇ, ਉਸਨੂੰ ਗੁਰਬਾਣੀ ਆਪਣੇ ਢੰਗ ਨਾਲ ਬਿਆਨ ਕਰਦੀ ਹੈ। ਔਰ ਇਸ ਨੂੰ ਵਾਕਈ ਸੱਚਾਈ ਦੇ ਰੂਪ ਵਿਚ, ਹਕੀਕਤ ਦੇ ਰੂਪ ਵਿਚ ਅਗਰ ਅਸੀਂ ਦੇਖੀਏ ਤੇ ਸਮਝਣ ਦੀ ਕੋਸ਼ਿਸ਼ ਕਰੀਏ ਤਾਂ ਚਾਰ ਯੁਗ ਮਨੁੱਖ ਦੇ ਜੀਵਨ ਦੀਆਂ ਚਾਰ ਅਵਸਥਾਵਾਂ ਨੇ—ਗਰਭ-ਕਾਲ ਦੀ ਅਵਸਥਾ, ਬਚਪਨਾ, ਜਵਾਨੀ ਔਰ ਬੁਢੇਪਾ। ਸਤਿਯੁਗ ਗਰਭ-ਕਾਲ ਦੀ ਅਵਸਥਾ ਸੀ।



Sri Satguru Jagjit Singh Ji eLibrary NamdhariElibrary@gmail.com

ਗਰਭ-ਕਾਲ ਦਾ ਬੱਚਾ ਮਾਂ ਦੇ ਸਵਾਸਾਂ ਨਾਲ ਸਵਾਸ ਲੈਂਦਾ ਹੈ। ਮਾਂ ਜੋ ਖਾਂਦੀ ਹੈ, ਉਸ ਦੀ ਉਹ ਹੀ ਖ਼ੁਰਾਕ ਹੈ, ਮਾਂ ਜੋ ਪੀਂਦੀ ਹੈ ਬਸ ਉਸਦਾ ਉਹ ਹੀ ਪਾਨ ਹੈ, ਸੁਤੰਤਰ ਰੂਪ ਵਿਚ ਉਸ ਦਾ ਆਪਣਾ ਕੋਈ ਖਾਣ ਪਾਨ ਨਹੀਂ ਹੈ। ਸਤਿਯੁਗ ਵਿਚ ਮਨੁੱਖ ਪਹਾੜਾਂ ਦੀਆਂ ਕੰਦਰਾਂ ਯਾ ਰੁੱਖਾਂ ਥੱਲੇ ਰਹਿੰਦਾ ਸੀ। ਪ੍ਰਕਿਰਤੀ ਜੋ ਫੁੱਲ ਫਲ ਦੇ ਰਹੀ ਸੀ, ਉਹ ਹੀ ਖਾ ਲੈਂਦਾ ਸੀ। ਆਪਣੀ ਤਰਫ਼ੋਂ ਕੋਈ ਭੋਜਨ ਬਣਾਉਣਾ ਔਰ ਉਸ ਨੂੰ ਸੰਵਾਰਨਾ, ਇਹ ਅਜੇ ਮਨੁੱਖ ਨੇ ਨਹੀਂ ਸੀ ਸਿਖਿਆ ਔਰ ਲੋੜ ਵੀ ਨਹੀਂ ਸੀ, ਅਬੋਧ ਸੀ। ਲੇਕਿਨ ਇਕ ਵਿਚਾਰਧਾਰਾ ਭਾਰਤ ਦੇ ਮੁਨੀਸ਼ ਨੇ ਮੰਨੀ ਹੈ ਕਿ ਗਰਭ-ਕਾਲ ਦਾ ਜੋ ਬੱਚਾ ਹੈ, ਵਾਸਤਵ ਵਿਚ ਉਸ ਹਾਲਤ ਵਿਚ ਹੈ, ਜਿਸ ਹਾਲਤ ਵਿਚ ਇਕ ਯੋਗੀ ਸਮਾਧੀ ਵਿਚ ਹੁੰਦਾ ਹੈ, ਇਕ ਬ੍ਰਹਮ ਗਿਆਨੀ ਸਮਾਧੀ ਵਿਚ ਹੁੰਦਾ ਹੈ ਔਰ ਸਮਾਧੀ ਦੇ ਵਿਚ ਜੋ ਆਨੰਦ ਹੁੰਦਾ ਹੈ, ਉਹ ਹੀ ਆਨੰਦ ਉਸਦੇ ਕੋਲ ਹੁੰਦਾ ਹੈ, ਉਹ ਹੀ ਰਸ ਉਸਦੇ ਕੋਲ ਹੁੰਦਾ ਹੈ, ਫਿਰ ਜੀਵਨ ਭਰ ਉਸੇ ਹੀ ਆਨੰਦ ਨੂੰ ਉਹ ਲੱਭਦਾ ਹੈ। ਇਹ ਆਨੰਦ, ਪ੍ਰਕਿਰਤੀ ਨੇ ਸੁਭਾਵਿਕ ਹੀ ਇਸ ਨੂੰ ਪ੍ਰਦਾਨ ਕੀਤਾ ਹੈ। ਨਿਸਚਿੰਤ ਹੈ। ਚਿੰਤਾ ਤਾਂ ਰਿਜ਼ਕ ਦੀ ਹੁੰਦੀ ਹੈ, ਤੋ ਮਾਂ ਦੀ ਖ਼ੁਰਾਕ ਉਸਦੀ ਖ਼ੁਰਾਕ ਹੈ, ਮਾਂ ਦਾ ਪੀਤਾ ਹੋਇਆ ਪਾਣੀ ਹੀ ਉਸਦੀ ਪਿਆਸ ਬੁਝਾਉਂਦਾ ਹੈ, ਮਾਂ ਦੇ ਸਵਾਸਾਂ ਨਾਲ ਸਵਾਸ ਲੈ ਰਿਹਾ ਹੈ। ਇਸ ਬੱਚੇ 'ਤੇ ਕੋਈ ਸਮਾਜਿਕ, ਕੋਈ ਰਾਜਨੀਤਿਕ ਜਾਂ ਆਰਥਿਕ ਜ਼ਿੰਮੇਵਾਰੀ ਨਹੀਂ। ਸਤਿਯੁਗੀ ਜੀਵ ਇਕੱਲਾ, ਤਨਹਾ ਜੀਊਣ ਵਾਲਾ, ਪਹਾੜਾਂ ਦੀਆਂ ਕੰਦਰਾਂ ਵਿਚ ਰੈਣ-ਬਸੇਰਾ ਕਰਨ ਵਾਲਾ, ਰੁੱਖਾਂ ਥੱਲੇ ਰਾਤ ਕੱਟਣ ਵਾਲਾ, ਪ੍ਰਾਕਿਰਤਕ ਰੂਪ ਵਿਚ ਜਿਊਣ ਵਾਲਾ। ਕੋਈ ਰਿਜ਼ਕ ਦੀ ਚਿੰਤਾ ਨਹੀਂ ਸੀ। ਇਤਨੀ ਬਨਸਪਤੀ, ਇਤਨੇ ਫਲ ਫੁੱਲ, ਇਤਨੇ ਕੰਦਮੂਲ ਸੁਭਾਵਿਕ ਉਪਲਬਧ ਸਨ। ਇਹ ਜੀਅ ਰਿਹਾ ਸੀ ਇਸ ਤਰ੍ਹਾਂ ਜੈਸੇ ਗਰਭ-ਕਾਲ ਦਾ ਬੱਚਾ, ਨਿਸਚਿੰਤ ਸੀ, ਬੇ-ਫ਼ਿਕਰ ਸੀ ਔਰ ਮਨ ਵਿਚ ਸੰਤੋਖ ਸੀ, ਸੰਤੁਸ਼ਟੀ ਸੀ। ਇਹ ਹੀ ਕਾਰਨ ਹੈ ਕਿ ਸਤਿਯੁਗ ਵਿਚ ਕੋਈ ਪ੍ਰਬਲ ਅਵਤਾਰੀ ਪੁਰਸ਼ ਨਹੀਂ ਆਇਆ। ਗਰਭ-ਕਾਲ ਦੇ ਬੱਚੇ ਨੂੰ ਆਖ਼ਰ ਸਮਝਾਣ ਵਾਸਤੇ, ਸਿਖਾਣ ਵਾਸਤੇ ਕਿਸ ਦੀ ਲੋੜ ਹੈ? ਭਾਵ, ਕਿਸੇ ਦੀ ਵੀ ਲੋੜ ਨਹੀਂ। ਉਹ ਤਾਂ ਸੁਭਾਵਿਕ ਹੈ, ਮਨ ਉਸਦਾ ਟਿਕਿਆ ਹੋਇਆ ਹੈ, ਆਨੰਦਮਈ ਹੈ। ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਵਾਕ ਹੈ:

**ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ ॥**
**ਉਰਧ ਤਪੁ ਅੰਤਰਿ ਕਰੇ ਵਣਜਾਰਿਆ ਮਿਤ੍ਰਾ ਖਸਮ ਸੇਤੀ ਅਰਦਾਸਿ ॥**

*(ਸਿਰੀਰਾਗ ਮਹਲਾ ੧ ਪਹਰੇ, ਪੰਨਾ 74)*



Sri Satguru Jagjit Singh Ji eLibrary NamdhariElibrary@gmail.com

ਭਾਵੇਂ ਗਰਭ ਵਿਚ ਉਲਟਾ ਹੈ, ਪਰ ਅਰਦਾਸ ਵਿਚ ਹੈ, ਪ੍ਰਾਰਥਨਾ ਵਿਚ ਹੈ, ਨਾਮ-ਅਭਿਆਸ ਵਿਚ ਹੈ। ਔਰ ਨਾਮ-ਅਭਿਆਸ ਨਾਲ ਜੋ ਅਵਸਥਾ ਬਣਦੀ ਹੈ, ਪ੍ਰਾਰਥਨਾ ਵਿਚ ਜੋ ਆਨੰਦ ਬਣਦਾ ਹੈ, ਉਹ ਉਸਦੇ ਕੋਲ ਹੈ। ਬੱਚਾ ਉਸੇ ਆਨੰਦ ਵਿਚ ਜੀਅ ਰਿਹਾ ਹੈ, ਇਹ ਰਸ ਵਿਚ ਜੀਅ ਰਿਹਾ ਹੈ। ਇਸ ਵਾਸਤੇ ਕਹਿੰਦੇ ਨੇ ਕਿ ਸਤਿਯੁਗ ਵਿਚ ਅਵਤਾਰ ਆਇਆ, ਪਰ ਬਉਣਾ :

**ਸਤਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ ॥**

ਬਾਵਨ ਅਵਤਾਰ, ਬਉਣਾ ਅਵਤਾਰ। ਹਾਂ, ਕੋਈ ਦਾਈ, ਕੋਈ ਡਾਕਟਰ ਮਾੜਾ ਮੋਟਾ ਦੇਖ ਕੇ ਕੁਛ ਔਸ਼ਧੀ, ਕੋਈ ਦਵਾਈ ਦੇ ਸਕਦਾ ਹੈ, ਲੇਕਿਨ ਵਾਸਤਵ ਵਿਚ ਇਸ ਬੱਚੇ ਨੂੰ ਕਿਸੇ ਚੀਜ਼ ਦੀ ਵੀ ਲੋੜ ਨਹੀਂ ਹੈ, ਕਿਸੇ ਵੀ ਚੀਜ਼ ਦੀ। ਮਨੁੱਖ ਜੀਅ ਰਿਹਾ ਸੀ ਪ੍ਰਕਿਰਤੀ ਵਿਚ, ਪ੍ਰਾਕਿਰਤਕ ਢੰਗ ਨਾਲ। ਖੁੱਲ੍ਹਾ ਘੁੰਮ ਰਿਹਾ ਸੀ। ਕੋਈ ਦੇਸ਼ ਨਹੀਂ ਸੀ, ਕੋਈ ਜ਼ਾਤ ਪਾਤ ਨਹੀਂ ਸੀ, ਕੋਈ ਕਬੀਲਾ ਨਹੀਂ ਸੀ, ਕੋਈ ਪਰਿਵਾਰ ਨਹੀਂ ਸੀ। ਆਖ਼ਰ ਬ੍ਰਹਮ ਗਿਆਨ ਦੀ ਅਵਸਥਾ ਵਿਚ ਕੋਈ ਦੇਸ਼ ਨਹੀਂ ਰਹਿ ਜਾਂਦਾ, ਕੋਈ ਪਰਿਵਾਰ ਨਹੀਂ ਰਹਿ ਜਾਂਦਾ, ਕੋਈ ਜ਼ਾਤ-ਪਾਤ ਨਹੀਂ ਰਹਿ ਜਾਂਦੀ। ਆਖ਼ਰ ਬ੍ਰਹਮ ਗਿਆਨੀ ਦੀ ਤਰ੍ਹਾਂ ਉਸ ਵਿਸ਼ਾਲਤਾ ਵਿਚ ਸੁਤੰਤਰ ਹੋ ਕੇ ਜੀਵਣਾ ਔਰ ਇਹ ਸੁਭਾਵਿਕ ਜੀਵਣਾ ਜਿਸ ਮਨੁੱਖ ਕੋਲ ਸੀ, ਉਸ ਨੂੰ ਅਸੀਂ ਸਤਿਯੁਗ ਕਹਿੰਦੇ ਹਾਂ, ਸਤਿਯੁਗੀ ਜੀਵ ਕਹਿੰਦੇ ਹਾਂ। ਜੈਸੇ ਬੁੱਢਾ ਵੀ ਬਚਪਨ ਨੂੰ ਯਾਦ ਕਰਦੈ ਤਾਂ ਕਿਸੇ ਹੱਦ ਤਕ ਗਰਭ-ਕਾਲ ਦੀ ਅਵਸਥਾ ਨੂੰ ਯਾਦ ਕਰਦਾ ਹੈ। ਹੂ-ਬ-ਹੂ ਸਤਿਯੁਗ ਮਨੁੱਖ ਨੂੰ ਬਾਰ ਬਾਰ ਯਾਦ ਆਉਂਦਾ ਹੈ, ਚਾਹੇ ਬਾਜ਼ਾਰ ਵਿਚ ਬੈਠਾ ਹੈ, ਚਾਹੇ ਪਰਿਵਾਰ ਵਿਚ ਬੈਠਾ ਹੈ, ਚਾਹੇ ਸਤਿਸੰਗ ਵਿਚ ਬੈਠਾ ਹੈ, ਮਹਿਮਾ ਸਤਿਯੁਗ ਦੀ ਹੀ ਹੈ, ਕਿਉਂਕਿ ਸਤਿਯੁਗ ਵਿਚ ਸੁਭਾਵਿਕ ਅਵਸਥਾ ਸੀ ਬ੍ਰਹਮ ਗਿਆਨੀ ਦੀ। ਸੁਭਾਵਿਕ ਪ੍ਰਾਕਿਰਤਕ ਰੂਪ ਵਿਚ ਉਸਨੂੰ ਇਹ ਪ੍ਰਾਪਤ ਕਰਨਾ ਚਾਹੁੰਦਾ ਹੈ। ਇਸ ਵਾਸਤੇ ਸਤਿਯੁਗ ਦੀ ਯਾਦ ਹੈ। ਦਰਅਸਲ ਸਤਿਯੁਗ ਵਿਚ ਸਤਿਵਾਦੀ ਸੀ, ਸੰਤੁਸ਼ਟ ਸੀ। ਇਹ ਕੋਈ ਉਸਦੀ ਆਪਣੀ ਉਪਲਬਧੀ ਨਹੀਂ ਸੀ, ਆਪਣੀ ਮਿਹਨਤ ਨਹੀਂ ਸੀ, ਪ੍ਰਾਕਿਰਤਕ ਸੀ। ਅਗਰ ਬੱਚੇ ਨੂੰ ਖ਼ੁਰਾਕ ਮਿਲ ਰਹੀ ਹੈ, ਪਾਣੀ ਮਿਲ ਰਿਹਾ ਹੈ, ਸੁਆਸ ਮਿਲ ਰਹੇ ਨੇ; ਗਰਭ-ਕਾਲ ਦੇ ਬੱਚੇ ਦੀ ਕੋਈ ਆਪਣੀ ਉਪਲਬਧੀ ਨਹੀਂ, ਕੋਈ ਆਪਣੀ ਮਿਹਨਤ ਨਹੀਂ, ਇਹ ਤਾਂ ਸੁਭਾਵਿਕ ਹੋ ਰਿਹਾ ਹੈ। ਇਵੇਂ ਹੀ ਅਗਰ ਉਸ ਵਕਤ ਦਾ ਮਨੁੱਖ ਧਾਰਮਿਕ ਸੀ ਤਾਂ ਪ੍ਰਾਕਿਰਤਕ ਸੀ। ਪ੍ਰਕਿਰਤੀ ਨੇ ਹੀ ਉਸਨੂੰ ਜੋ ਜੀਵਨ ਦਿੱਤਾ, ਵਾਸਤਵ ਵਿਚ ਉਹ ਧਾਰਮਿਕ



Sri Satguru Jagjit Singh Ji eLibrary NamdhariElibrary@gmail.com

ਸੀ ਔਰ ਉਸਦੇ ਵਿਚ ਹੀ ਮਨੁੱਖ ਜੀਅ ਰਿਹਾ ਸੀ, ਸਤਿ ਦੇ ਵਿਚ, ਸੰਤੋਖ ਦੇ ਵਿਚ:

**ਸਤਜੁਗਿ ਰਥੁ ਸੰਤੋਖ ਕਾ ਧਰਮੁ ਅਗੈ ਰਥਵਾਹੁ॥**

ਮਰਯਾਦਾ ਵਿਚ ਜੀਅ ਰਿਹਾ ਸੀ। ਇਸ ਨੂੰ ਭੁੱਖ ਲੱਗੇ, ਤਾਂ ਹੀ ਖਾਂਦਾ ਸੀ, ਉਂਜ ਨਹੀਂ। ਪਿਆਸ ਲੱਗੀ ਹੈ, ਤਾਂ ਹੀ ਪੀਂਦਾ ਸੀ, ਉਂਜ ਨਹੀਂ। ਨੀਂਦ ਆਈ ਹੈ ਤਾਂ ਸੌਂਦਾ ਸੀ, ਉਂਜ ਨਹੀਂ। ਬਿਲਕੁਲ ਧਾਰਮਿਕ ਢੰਗ ਨਾਲ ਜੀਅ ਰਿਹਾ ਸੀ। ਭੁੱਖ ਨਹੀਂ ਤਾਂ ਨਹੀਂ ਸੀ ਖਾਂਦਾ। ਔਰ ਜਦ ਖਾਂਦਾ ਸੀ ਤਾਂ ਘੱਟ ਖਾਂਦਾ ਸੀ। ਫਲ ਤੋੜਨ ਵਾਸਤੇ ਜਗ੍ਹਾ ਜਗ੍ਹਾ, ਫਲ ਲੱਭਣ ਵਾਸਤੇ ਇਸ ਨੂੰ ਜੋ ਪਰਿਸ਼੍ਰਮ ਥੋੜ੍ਹਾ ਬਹੁਤਾ ਕਰਨਾ ਪੈਂਦਾ ਸੀ, ਉਸਦੇ ਨਾਲ ਇਸਦੀ ਵਰਜ਼ਿਸ਼ ਹੋ ਜਾਂਦੀ ਸੀ ਔਰ ਇਤਨੀ ਇਸ ਨੂੰ ਜ਼ਰੂਰਤ ਵੀ ਸੀ ਤੇ ਸਵਸਥ ਸੀ। ਮਨ ਕਰਕੇ, ਤਨ ਕਰਕੇ ਸੁਖੀ ਸੀ। ਸਤਿਯੁਗ ਦੀ ਬਸ ਇਹੀ ਰੂਪ-ਰੇਖਾ ਹੈ। ਪਰ ਇਸ ਅਵਸਥਾ 'ਤੇ ਕੋਈ ਮਾਣ ਨਹੀਂ ਕੀਤਾ ਜਾ ਸਕਦਾ। ਗਰਭ-ਕਾਲ ਦਾ ਬੱਚਾ ਹੈ, ਕੀ ਮਾਣ ਕਰੇਗਾ। ਹਾਂ, ਉਸ ਜ਼ਿੰਦਗੀ 'ਤੇ ਕੁਛ ਮਾਣ ਕੀਤਾ ਜਾ ਸਕਦਾ ਹੈ, ਮਾਨਸਿਕ ਅਵਸਥਾ 'ਤੇ ਵੀ ਕੋਈ ਮਾਣ ਕੀਤਾ ਜਾ ਸਕਦੈ। ਆਨੰਦ ਕੋਲ ਹੈ, ਰਸ ਕੋਲ ਹੈ, ਪਰ ਅਚੇਤ ਹੈ, ਬਿਲਕੁਲ ਅਚੇਤ ਹੈ। ਆਨੰਦ ਦੀ ਕੋਈ ਸਮਝ ਨਹੀਂ ਹੈ, ਉਸ ਰਸ ਦੀ ਵੀ ਕੋਈ ਸਮਝ ਨਹੀਂ ਹੈ। ਔਰ ਜਿਸ ਦਿਨ ਸਮਝ ਆਏਗੀ, ਬੋਧ ਹੋਏਗਾ, ਉਸ ਦਿਨ ਆਨੰਦ ਨਹੀਂ ਹੋਏਗਾ।

ਫਿਰ ਗਰਭ-ਕਾਲ 'ਵੱਚੋਂ ਮਨੁੱਖ ਬਾਹਰ ਆਇਆ, ਕਬੀਲੇ ਬਣੇ, ਕੁਟੰਬ ਬਣੇ, ਜ਼ਾਤ-ਪਾਤ ਬਣੀ, ਇਲਾਕਿਆਂ ਦੀਆਂ ਵੰਡੀਆਂ ਬਣੀਆਂ, ਛੋਟੇ ਛੋਟੇ ਰਜਵਾੜੇ ਬਣੇ, ਇਹ ਤ੍ਰੇਤਾ ਯੁਗ ਸੀ। ਔਰ ਜਦ ਛੋਟੇ ਛੋਟੇ ਰਜਵਾੜੇ ਬਣੇ, ਕਬੀਲੇ ਬਣੇ, ਪਰਿਵਾਰ ਬਣੇ, ਜ਼ਾਤ-ਪਾਤ ਬਣੀ, ਜ਼ਿੰਮੇਵਾਰੀਆਂ ਵਧੀਆਂ, ਉਨ੍ਹਾਂ ਦੀ ਪੂਰਤੀ ਲਈ ਸ਼ਕਤੀ ਚਾਹੀਦੀ ਸੀ, ਤਾਕਤ ਚਾਹੀਦੀ ਸੀ. ਤੋ

**ਤ੍ਰੇਤੈ ਰਥੁ ਜਤੈ ਕਾ ਜੋਰੁ ਅਗੈ ਰਥਵਾਹੁ॥**

ਹਰ ਪਰਿਵਾਰ ਜ਼ੋਰਾਵਰ ਹੋਣਾ ਚਾਹੁੰਦਾ ਸੀ। ਹਰ ਕਬੀਲਾ ਸ਼ਕਤੀਸ਼ਾਲੀ ਹੋਣਾ ਚਾਹੁੰਦਾ ਸੀ। ਹਰ ਰਾਜਾ, ਮਹਾਰਾਜਾ ਆਪਣੇ ਰਾਜ ਦਾ ਵਿਸਥਾਰ ਚਾਹੁੰਦਾ ਸੀ। ਇਹ ਮਨੁੱਖੀ ਦੌਰ ਦਾ ਉਹ ਬਚਪਨਾ ਸੀ, ਜਦੋਂ ਮਾਂ ਦੀ ਕੁੱਖ ਤੋਂ ਬਾਹਰ ਆ ਕੇ ਬੱਚਾ ਧਰਤੀ ਦੀ ਗੋਦ ਵਿਚ ਆਉਂਦੈ। ਘੁਟਨਿਆਂ ਦੇ ਭਾਰ ਚਲਦੈ, ਖਿਡਾਉਣਿਆਂ ਦੇ ਨਾਲ ਖੇਡਦੈ ਔਰ ਉਸਨੂੰ ਤਾਕਤ ਚਾਹੀਦੀ ਹੈ, ਉਸਨੂੰ ਸ਼ਕਤੀ ਚਾਹੀਦੀ ਹੈ। ਇਕ ਬੱਚਾ ਜ਼ੋਰਾਵਰ ਹੋਣਾ ਚਾਹੁੰਦਾ ਹੈ। ਤੋ ਇਹ ਬਚਪਨ ਦਾ ਦੌਰ ਸੀ।



Sri Satguru Jagjit Singh Ji eLibrary NamdhariElibrary@gmail.com

ਇਹ ਬੱਚਾ ਮਰਯਾਦਾ ਵਿਚ ਰਹੇ, ਮਰਯਾਦਾ ਵਿਚ ਬੋਲੇ, ਮਰਯਾਦਾ ਵਿਚ ਉਠੇ, ਮਰਯਾਦਾ ਵਿਚ ਖਾਵੇ ਤੋ ਤ੍ਰੇਤੇ ਯੁਗ ਵਿਚ ਅਵਤਾਰੀ ਪੁਰਖ ਆਏ— ਮਰਯਾਦਾ ਪੁਰਸ਼ੋਤਮ ਸ੍ਰੀ ਰਾਮ। ਉਸ ਅਵਤਾਰ ਨੂੰ ਅਗਰ ਮਰਯਾਦਾ ਪੁਰਸ਼ੋਤਮ ਆਖਿਆ ਹੈ ਤਾਂ ਬਿਲਕੁਲ ਠੀਕ ਹੈ। ਉਸ ਵਕਤ ਜੀਵਨ ਮਰਯਾਦਾ ਵਿਚ ਨਹੀਂ ਸੀ। ਰਾਜੇ ਦੀ ਕੀ ਮਰਯਾਦਾ ਹੈ, ਪਰਜਾ ਦੀ ਕੀ ਮਰਯਾਦਾ ਹੈ, ਗੁਰੂ ਦੀ ਕੀ ਮਰਯਾਦਾ ਹੈ, ਸ਼ਿਸ਼ ਦੀ ਕੀ ਮਰਯਾਦਾ ਹੈ, ਮਾਂ-ਬਾਪ ਦੀ ਕੀ ਮਰਯਾਦਾ ਹੈ ਔਰ ਔਲਾਦ ਦੀ ਕੀ ਮਰਯਾਦਾ ਹੈ, ਇਹ ਸਾਰੀ ਤਰਤੀਬ ਜਿਸ ਨੇ ਦਿੱਤੀ, ਇਹ ਦੇਸ਼ ਉਸ ਨੂੰ ਜਾਣਦਾ ਹੈ ਮਰਯਾਦਾ ਪੁਰਸ਼ੋਤਮ ਸ੍ਰੀ ਰਾਮ ਕਰਕੇ। ਤ੍ਰੇਤੇ ਯੁਗ ਦਾ ਅਵਤਾਰੀ ਪੁਰਸ਼, ਮਰਯਾਦਾ ਦੀ ਖ਼ਾਤਰ ਮਰ ਮਿਟਦਾ ਹੈ। ਜੀਵਨ ਭਾਵੇਂ ਚਲਾ ਜਾਏ, ਲੇਕਿਨ ਮਰਯਾਦਾ ਨਹੀਂ ਜਾਣੀ ਚਾਹੀਦੀ, ਮਰਯਾਦਾ ਕਾਇਮ ਰਹਿਣੀ ਚਾਹੀਦੀ ਹੈ। ਆਪਣੇ ਪ੍ਰਾਣਾਂ ਨੂੰ ਦੇ ਕੇ ਵੀ ਮਰਯਾਦਾ ਨੂੰ ਬਚਾਇਆ ਜਾਏ। ਤੋ ਇਹ ਇਕ ਯੁਗ ਸੀ, ਜਿਸ ਵਿਚ ਮਰਯਾਦਾ ਦੀ ਪਰੰਪਰਾ ਚਾਰੋਂ ਪਾਸੇ ਚਾਹੀਦੀ ਸੀ, ਔਰ ਇਹ ਬਚਪਨਾ ਸੀ, ਬਚਪਨ ਦਾ ਦੌਰ ਸੀ। ਮਨੁੱਖਤਾ ਦਾ ਬਚਪਨਾ ਸੀ। ਤੋ ਤਾਕਤ ਚਾਹੀਦੀ ਸੀ, ਜ਼ੋਰ ਚਾਹੀਦਾ ਸੀ, ਇਸ ਵਾਸਤੇ ਸੀਨਾ-ਜ਼ੋਰੀ, ਛੀਨਾ ਛਪਟੀ ਆਮ ਸੀ। ਤੋ ਮਰਯਾਦਾ ਦੇਣੀ ਪਈ। ਜੈਸੇ ਅਕਸਰ ਬੱਚੇ ਖੋਹਾ ਖਾਹੀ ਵਿਚ ਰਹਿੰਦੇ ਨੇ ਔਰ ਬੱਚਾ ਦੇਣਾ ਨਹੀਂ ਜਾਣਦਾ, ਬੱਸ ਲੈਣਾ ਜਾਣਦਾ ਹੈ। ਇਕ ਬੱਚੇ ਕੋਲ ਪੰਜ ਖਿਡਾਉਣੇ ਹੋਵਣ, ਦੂਸਰੇ ਕੋਲ ਇਕ ਹੋਵੇ, ਅਗਰ ਉਸ ਨੂੰ ਇਤਨਾ ਕਹਿ ਦੇਈਏ ਕਿ ਤੂੰ ਇਨ੍ਹਾਂ ਪੰਜਾਂ ਵਿੱਚੋਂ ਇਕ ਦੇ ਦੇਹ ਤਾਂ ਕਿ ਉਸ ਕੋਲ ਦੋ ਹੋ ਜਾਣ ਤੇ ਤੇਰੇ ਕੋਲ ਚਾਰ ਹੋ ਜਾਣਗੇ, ਉਹ ਪੰਜਾਂ ਵਿੱਚੋਂ ਆਪਣਾ ਇਕ ਨਹੀਂ ਦੇਵੇਗਾ, ਬਲਕਿ ਦੂਸਰੇ ਦਾ ਇਕ ਵੀ ਖੋਹਣ ਦੀ ਕੋਸ਼ਿਸ਼ ਕਰੇਗਾ। ਇਹ ਬੱਚੇ ਦਾ ਸੁਭਾਉ ਹੈ, ਇਹ ਤ੍ਰੇਤੇ ਜੁਗ ਦਾ ਸੁਭਾਉ ਸੀ, ਖੋਹਾ ਖਾਹੀ। ਤੇ ਖੋਹਾ ਖਾਹੀ ਵਿਚ ਸਫਲਤਾ ਮਿਲ ਸਕੇ, ਜ਼ੋਰ ਤਾਂ ਚਾਹੀਦਾ ਸੀ। ਜ਼ਿੰਦਗੀ ਦਾ ਲਕਸ਼ ਜਦ ਜ਼ੋਰ ਹੋ ਜਾਏ, ਤਾਕਤ ਹੋ ਜਾਏ ਤੇ ਪ੍ਰਾਪਤੀ ਦਾ ਸਾਧਨ ਜਦ ਜਤੁ ਹੋ ਜਾਏ ਤਾਂ ਉਹ ਤ੍ਰੇਤਾ ਯੁਗ, ਬਚਪਨ ਦਾ ਦੌਰ। ਆਏ ਉਸ ਵਿਚ ਸ੍ਰੀ ਰਾਮ। ਪ੍ਰਾਇਮਰੀ ਸਕੂਲ ਦੇ ਉਸਤਾਦ ਕਹੇ ਜਾ ਸਕਦੇ ਨੇ। ਔਰ ਪ੍ਰਾਇਮਰੀ ਸਕੂਲ ਦੇ ਬੱਚਿਆਂ ਨੂੰ ਪੜ੍ਹਾਉਣ ਦਾ ਢੰਗ, ਖ਼ਾਸ ਕਰਕੇ ਨਰਸਰੀ ਦੇ ਬੱਚਿਆਂ ਨੂੰ ਪੜ੍ਹਾਉਣ ਦਾ ਇਕ ਢੰਗ, ਸਮਝਾਉਣ ਦਾ ਇਕ ਢੰਗ ਸ੍ਰੀ ਰਾਮ ਨੇ ਆਰੰਭ ਕੀਤਾ।

ਦੁਆਪਰ—ਜਵਾਨ ਹੋ ਗਿਆ ਮਨੁੱਖ, ਹੁਣ ਇਸ ਨੂੰ ਬੈਠਣ ਸੁਣਨ ਦੀ, ਬੋਲਣ ਸਿਖਾਉਣ ਦੀ ਲੋੜ ਨਹੀਂ, ਹੁਣ ਇਹ ਜੁਆਨ ਹੋ ਗਿਐ। ਅਗਰ ਜੁਆਨ ਬੱਚੇ ਨੂੰ ਕਹਿਣਾ ਪਏ ਕਿ ਤੂੰ ਇੰਝ ਚੱਲ, ਇੰਝ ਕਰ, ਇੰਝ ਬੋਲ ਤਾਂ ਸ਼ਾਇਦ



Sri Satguru Jagjit Singh Ji eLibrary NamdhariElibrary@gmail.com

ਉਹ ਅਜੇ ਜੁਆਨ ਨਹੀਂ ਹੋਇਆ, ਕਿਉਂਕਿ ਜੁਆਨ ਇਨ੍ਹਾਂ ਜ਼ਿੰਮੇਵਾਰੀਆਂ ਨੂੰ ਸਮਝਦਾ ਏ, ਬਾਲਗ਼ ਹੋ ਗਿਐ। ਤੋ ਉਸ ਜ਼ਮਾਨੇ ਵਿਚ ਆਏ ਸ੍ਰੀ ਕ੍ਰਿਸ਼ਨ ਔਰ ਕ੍ਰਿਸ਼ਨ ਜੀ ਨੂੰ ਕਹਿੰਦੇ ਨੇ ਲੀਲ੍ਹਾ ਪੁਰਸ਼ੋਤਮ ਸ੍ਰੀ ਕ੍ਰਿਸ਼ਨ। ਜਵਾਨੀ ਵਾਕਈ ਇਕ ਲੀਲ੍ਹਾ ਹੈ, ਇਕ ਰਾਸ ਲੀਲ੍ਹਾ ਹੈ। ਜੀਵਨ ਦੇ ਵਿਚ ਸ਼ਕਤੀ ਬੜੀ ਹੈ, ਤਾਕਤ ਬੜੀ ਹੈ, ਉਛਾਲ ਬੜਾ ਹੈ, ਖ਼ੂਨ ਦੇ ਵਿਚ ਉਛਾਲ ਬੜਾ ਹੈ।

**ਦੁਆਪੁਰਿ ਰਥੁ ਤਪੈ ਕਾ ਸਤੁ ਅਗੈ ਰਥਵਾਹੁ ॥**

ਇਹ ਉਛਲਿਆ ਹੋਇਆ ਖ਼ੂਨ, ਇਹ ਉਛਲੀ ਹੋਈ ਸ਼ਕਤੀ ਅਨਰਥ ਨੂੰ ਜਨਮ ਨਾ ਦੇਵੇ, ਤੋ ਹੁਣ ਕੁਦਰਤੀ ਗੱਲ ਹੈ ਕਿ ਉੱਚਾ ਆਚਰਣ ਸਿਖਾਣਾ ਸੀ। ਜਦ ਜੀਵਨ ਦਾ ਲਕਸ਼ ਹੋਵੇ ਉੱਚਾ ਇਖ਼ਲਾਕ ਤੇ ਪ੍ਰਾਪਤੀ ਦਾ ਸਾਧਨ ਬਣ ਜਾਏ ਤਪ, ਤੋ ਦੁਆਪਰ—ਇਹ ਵਿਚਾਰਧਾਰਾ ਦੇਣ ਆਏ ਸ੍ਰੀ ਕ੍ਰਿਸ਼ਨ। ਮਰਯਾਦਾ ਜਬਰਨ ਠੋਸੀ ਨਹੀਂ ਜਾ ਸਕਦੀ, ਕ੍ਰਿਸ਼ਨ ਦਾ ਸੰਦੇਸ਼ ਹੈ। ਮਨੁੱਖ ਢੰਗ ਨਾਲ ਜੀਅ ਸਕੇ, ਮਰਯਾਦਾ ਸਹਾਇਕ ਹੋਵੇ, ਮਰਯਾਦਾ ਮਾਰੂ ਨਾ ਹੋਵੇ। ਔਰ ਜਿਥੇ ਜਿਥੇ ਮਰਯਾਦਾ ਮਾਰੂ ਹੋਣ ਲੱਗੇ, ਉਥੇ ਉਥੇ ਮਰਯਾਦਾ ਨੂੰ ਇਕ ਪਾਸੇ ਕਰ ਦਿੱਤਾ ਜਾਏ। ਮਨੁੱਖ ਨੂੰ ਮਾਰਨ ਦੀ ਲੋੜ ਨਹੀਂ। ਜੈਸੇ ਦੇਖਦੇ ਹਾਂ ਕਿ ਮਰਯਾਦਾ ਦੀ ਪਾਲਨਾ ਕਰਦਿਆਂ ਹੋਇਆਂ ਸ੍ਰੀ ਰਾਮ ਨੇ ਗਰਭਵਤੀ ਸੀਤਾ ਨੂੰ ਆਪਣੇ ਘਰੋਂ ਕੱਢ ਦਿੱਤਾ ਸੀ। ਮਰਯਾਦਾ ਦੀ ਪਾਲਣਾ ਕਰਦਿਆਂ ਹੋਇਆਂ ਸੰਭੂਕ ਨਾਮ ਦੇ ਝੀਊਰ ਦੇ ਕੰਨਾਂ ਵਿਚ ਸੀਸ਼ਾ ਪਿਘਲਾ ਕੇ ਪਾ ਦਿੱਤਾ, ਕਿਉਂਕਿ ਵੇਦ ਮੰਤ੍ਰ ਸੁਣਨਾ ਸ਼ੂਦਰ ਲਈ ਗੁਨਾਹ ਸੀ। ਮਰਯਾਦਾ ਬਣ ਚੁੱਕੀ ਸੀ ਬਹੁ-ਗਿਣਤੀ ਦੇ ਵਿਚ ਕਿ ਅਗਰ ਪਰਜਾ ਕੁਛ ਕਹੇਗੀ ਤੋ ਰਾਜੇ ਨੂੰ ਮੰਨਣਾ ਹੀ ਪਏਗਾ। ਤੋ ਸੀਤਾ ਨੂੰ ਘਰੋਂ ਕੱਢਣਾ ਪਿਆ, ਜਦ ਕਿ ਨਿਰਦੋਸ਼ ਹੈ, ਪਵਿੱਤਰ ਹੈ, ਸਤਿਵਾਦੀ ਹੈ। ਨਿਰਦੋਸ਼ ਨੂੰ ਵੀ ਮਰਯਾਦਾ ਸਜ਼ਾ ਦੇ ਦੇਵੇ, ਇਹ ਸ੍ਰੀ ਕ੍ਰਿਸ਼ਨ ਲਈ ਕਾਬਲੇ ਕਬੂਲ ਨਹੀਂ ਸੀ। ਜੀਵਨ ਨੂੰ ਲੀਲ੍ਹਾ ਦੀ ਤਰ੍ਹਾਂ ਬਣਾਉ, ਮਰਯਾਦਾ ਬੋਝ ਨਾ ਬਣੇ, ਸਿਰ ਦਾ ਭਾਰ ਨਾ ਬਣੇ ਕਿ ਇਹ ਸਿਰ ਨੂੰ ਹੀ ਦਬਾ ਕੇ ਰੱਖ ਦੇਵੇ। ਤੋ ਇਸ ਤਰ੍ਹਾਂ ਇਹ ਦੁਆਪਰ ਯੁਗ, ਇਕ ਜਵਾਨ ਯੁਗ, ਕਾਲਜ ਦੇ ਪ੍ਰੋਫ਼ੈਸਰ ਆਏ ਸ੍ਰੀ ਕ੍ਰਿਸ਼ਨ। ਕਿਸੇ ਵਿਸ਼ੇਸ਼ ਯੂਨੀਫ਼ਾਰਮ ਦੀ ਲੋੜ ਨਹੀਂ, ਔਰ ਵਰਦੀ ਦੀ ਲੋੜ ਨਹੀਂ, ਕਿਸੇ ਖ਼ਾਸ ਮਰਯਾਦਾ ਦੀ ਲੋੜ ਨਹੀਂ। ਜੀਵਨ ਇਕ ਲੀਲ੍ਹਾ ਹੈ, ਜੀਵਨ ਇਕ ਤਮਾਸ਼ਾ ਹੈ ਔਰ ਲੀਲ੍ਹਾ ਦੀ ਤਰ੍ਹਾਂ ਜੀਵੋ। ਪਰ ਲੀਲ੍ਹਾ ਭ੍ਰਿਸ਼ਟ ਨਾ ਕਰ ਦੇਵੇ, ਤੋ ਜੀਵਨ ਦਾ ਲਕਸ਼—ਉੱਚਾ ਇਖ਼ਲਾਕ ਬਣਾਉ, ਉੱਚਾ ਆਚਰਣ ਬਣਾਉ, ਪਰ ਜੀਵਨ ਨੂੰ ਲੈਣਾ ਫਿਰ ਵੀ ਰਾਸ ਲੀਲ੍ਹਾ ਦੀ ਤਰ੍ਹਾਂ ਹੈ।



Sri Satguru Jagjit Singh Ji eLibrary NamdhariElibrary@gmail.com

ਹਾਂ, ਜਵਾਨ ਦੇ ਅੰਦਰ ਹੋ ਸਕਦੀ ਹੈ, ਬੁੱਢੇ ਦੇ ਅੰਦਰ ਕਈ ਗੁਣਾ ਜ਼ਿਆਦਾ ਹੋ ਸਕਦੀ ਹੈ। ਇਹ ਤ੍ਰਿਸ਼ਨਾਲੂ ਯੁਗ, ਇਹ ਝੂਠਾ ਯੁਗ ਔਰ ਇਹ ਬਹੁਤ ਸਿਆਣਾ ਯੁਗ ਇਸ ਨੂੰ ਗੁਰੂ ਨੇ ਆਖਿਆ—ਤੂੰ ਸਿੱਖ ਹੈਂ, ਤੂੰ ਅਜੇ ਸਿੱਖਣਾ ਹੈ, ਤੂੰ ਸਿੱਖ ਹੈਂ। ਤੂੰ ਕੁਛ ਵੀ ਨਹੀਂ ਜਾਣਦਾ। ਕਿਉਂਕਿ ਬੁੱਢੇ ਨੂੰ ਸਭ ਤੋਂ ਵੱਡਾ ਮਾਣ ਇਹ ਹੁੰਦਾ ਹੈ ਕਿ ਮੈਂ ਸਭ ਕੁਛ ਜਾਣਦਾ ਹਾਂ, ਜਵਾਨ ਨੂੰ ਕੀ ਪਤਾ ਹੈ, ਇਸ ਬੱਚੇ ਨੂੰ ਕੀ ਪਤਾ ਹੈ। ਵਾਕਈ ਇਕ ਬਿਰਧ ਦੇ ਸਾਹਮਣੇ ਇਕ ਜਵਾਨ ਤੇ ਬੱਚਾ ਅਨਜਾਣ ਨੇ। ਪਰ ਭਗਵਾਨ ਦੇ ਸਾਹਮਣੇ ਇਕ ਬੁੱਢਾ ਵੀ ਅਨਜਾਣ ਹੈ। ਸੱਚ ਦੇ ਸਾਹਮਣੇ ਇਕ ਬੁੱਢਾ ਅਨਜਾਣ ਹੈ। ਲਿਹਾਜ਼ਾ ਅਹਿਸਾਸ ਕਰਾਇਆ ਕਿ ਤੂੰ ਸਿੱਖ ਹੈਂ, ਤੇਰੇ ਅੰਦਰ ਭਾਉ ਪੈਦਾ ਹੋਵੇ ਕਿ ਮੈਂ ਕੁਛ ਵੀ ਨਹੀਂ ਜਾਣਦਾ, ਮੈਨੂੰ ਕੁਛ ਵੀ ਨਹੀਂ ਪਤਾ। ਇਸ ਭਾਉ ਤੋਂ ਸ਼ਿਕਸ਼ਾ ਦਿਕਸ਼ਾ ਆਰੰਭ ਕੀਤੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ। ਪਰ ਇਹ ਸ਼ਿਕਸ਼ਾ ਦਿਖਸ਼ਾ ਬੋਝ ਨਾ ਬਣੇ, ਤੋ ਗਾ ਕੇ ਸ਼ਿਕਸ਼ਾ ਦਿੱਤੀ। ਰਬਾਬ ਦੀ ਧੁਨ ਨਾਲ ਆਪਣੇ ਦਿਲ ਦੀਆਂ ਤਰਬਾਂ ਮਿਲਾਈਆਂ। ਰੱਬੀ ਸੰਗੀਤ ਨੂੰ ਜਨਮ ਦਿੱਤਾ। ਔਰ ਆਪ ਨੇ ਇਸ ਢੰਗ ਨਾਲ ਸਮਝਾਇਆ, ਆਲਮ ਕਹਿੰਦੇ ਨੇ ਕਿ ਗੁਰੂ ਨਾਨਕ ਨੇ ਕੋਈ ਜੋਗ ਸਾਧਨਾ ਨਹੀਂ ਕੀਤੀ, ਗੁਰੂ ਨਾਨਕ ਨੇ ਜਲਧਾਰਾ ਨਹੀਂ ਕੀਤੀ, ਗੁਰੂ ਨਾਨਕ ਨੇ ਪ੍ਰਾਣਾਯਾਮ ਨਹੀਂ ਕੀਤਾ, ਗੁਰੂ ਨਾਨਕ ਨੇ ਧੂਣੇ ਨਹੀਂ ਤਪਾਏ, ਗੁਰੂ ਨਾਨਕ ਨੇ ਵਰਤ ਨਹੀਂ ਰੱਖੇ। ਗੁਰੂ ਨਾਨਕ ਦਾ ਤੀਰਥਾਂ 'ਤੇ ਰਟਨ ਵਿਚ ਵਿਸ਼ਵਾਸ ਨਹੀਂ। ਗੁਰੂ ਨਾਨਕ ਨੇ ਕੇਵਲ ਪ੍ਰਭੂ ਦੇ ਗੀਤ ਗਾਏ। ਗਾਉਣ ਦੇ ਵਿਚ ਵਿਸ਼ਵਾਸ ਹੈ ਔਰ ਇਤਨੀ ਇਕਾਗਰਤਾ ਨਾਲ ਗਾਇਆ, ਇਤਨੇ ਰਸ ਵਿਭੋਰ ਹੋ ਕੇ ਗਾਇਆ, ਇਤਨੇ ਪ੍ਰਾਣਾਂ ਨਾਲ ਗਾਇਆ ਕਿ ਗਾਉਣਾ ਹੀ ਜਪੁ ਬਣ ਗਿਆ, ਗਾਉਣਾ ਹੀ ਤਪੁ ਬਣ ਗਿਆ, ਗਾਉਣਾ ਹੀ ਯੋਗ ਬਣ ਗਿਆ, ਗਾਉਣਾ ਹੀ ਪ੍ਰਭੂ ਦਾ ਰੂਪ ਬਣ ਗਿਆ :

**ਜੋਗੁ ਬਨਿਆ ਤੇਰਾ ਕੀਰਤਨੁ ਗਾਈ॥** *(ਪੰਨਾ 385)*

ਕੀਰਤਨ ਗੁਰੂ ਘਰ ਵਿਚ ਪ੍ਰਭੂ-ਪ੍ਰਾਪਤੀ ਦਾ ਵਸੀਲਾ ਬਣ ਗਿਆ। ਕਿਧਰੇ ਬੋਝ ਨਾ ਬਣੇ ਪ੍ਰਭੂ ਦਾ ਦਰ, ਗਾਉਂਦਿਆਂ ਹੋਇਆਂ ਪ੍ਰਾਪਤ ਕਰੀਏ। ਅਗਰ ਪਰਮਾਤਮਾ ਆਨੰਦ ਹੈ ਤੋ ਉਸ ਦੇ ਦਰ ਤਕ ਪਹੁੰਚਣ ਦਾ ਵਸੀਲਾ ਵੀ ਰਸ ਹੋਵੇ, ਆਨੰਦ ਹੋਵੇ, ਖੇੜਾ ਹੋਵੇ, ਖ਼ੁਸ਼ੀ ਹੋਵੇ। ਤੋ ਇਸ ਤਰ੍ਹਾਂ ਰਬਾਬ ਦੀ ਧੁਨ 'ਤੇ ਵਕਤ ਦਾ ਰਾਗ, ਵਕਤ ਦੀ ਰਾਗਿਨੀ ਗਾ ਗਾ ਕੇ ਆਪ ਜਗਤ ਦੇ ਜੀਵਾਂ ਨੂੰ ਸ਼ਿਕਸ਼ਾ ਦਿੰਦੇ ਰਹੇ, ਦਿਕਸ਼ਾ ਦਿੰਦੇ ਰਹੇ ਔਰ ਆਪ ਨੇ ਮਨੁੱਖੀ ਦੁਨੀਆ ਵਿੱਚੋਂ ਜ਼ਾਤ-ਪਾਤ ਨੂੰ ਇਕ ਪਾਸੇ ਕਰ ਦਿੱਤਾ, ਵਰਣ ਵੰਡ ਨੂੰ ਵੀ



Sri Satguru Jagjit Singh Ji eLibrary NamdhariElibrary@gmail.com

ਇਕ ਪਾਸੇ ਕਰ ਦਿੱਤਾ। ਮਨੁੱਖ ਕੇਵਲ ਮਨੁੱਖ ਹੈ। ਜਨਮ ਤੋਂ ਕੋਈ ਧਾਰਮਿਕ ਨਹੀਂ, ਕੇਵਲ ਜੀਵਨ (ਕਰਮ) ਤੋਂ ਧਾਰਮਿਕ ਹੋਵੇਗਾ। ਜਨਮ ਤੋਂ ਕੋਈ ਬ੍ਰਾਹਮਣ ਨਹੀਂ, ਹਾਂ, ਜੀਵਨ (ਕਰਮ) ਤੋਂ ਬ੍ਰਾਹਮਣ ਹੋ ਸਕਦਾ ਹੈ। ਜਨਮ ਤੋਂ ਕਿਸੇ ਨੂੰ ਸ਼ੂਦਰ ਨਾ ਆਖੋ, ਕੋਈ ਸ਼ੂਦਰ ਨਹੀਂ, ਪਰ ਜੀਵਨ (ਕਰਮ) ਤੋਂ ਸ਼ੂਦਰ ਹੋ ਸਕਦਾ ਹੈ ਔਰ ਇਸ ਤਰੀਕੇ ਦੀ ਸ਼ਿਕਸ਼ਾ ਦਿਕਸ਼ਾ ਮਨੁੱਖ ਦੀ ਝੋਲੀ ਵਿਚ ਪਾਈ। ਜ਼ਾਤ-ਪਾਤ ਦੇ ਸਾਰੇ ਵਿਤਕਰੇ ਹਟਾ ਦਿੱਤੇ ਔਰ ਆਖਿਆ ਕਿ ਜੋਤਿ ਨਾਲ ਜੁੜੋ, ਜਾਤ ਨਾਲ ਨਹੀਂ। ਇਕ ਪਾਸੇ ਰੱਖੋ ਜਾਤ ਨੂੰ, ਜੋਤਿ ਨਾਲ ਜੁੜੋ। ਸਰੀਰ ਸਾਰਿਆਂ ਦੇ ਅਲੱਗ ਅਲੱਗ ਨੇ। ਅਸੀਂ ਦੇਖਦੇ ਹਾਂ ਕਿ ਇਕ ਸਰੀਰ ਦਾ ਮਾਸ ਦੂਜੇ ਸਰੀਰ ਵਿਚ ਫਿਟ ਕਰਨਾ ਬੜਾ ਔਖਾ ਹੈ, ਕਿਉਂਕਿ ਹਰ ਸਰੀਰ ਅਲੱਗ ਅਲੱਗ ਹੈ, ਮਨ ਵੀ ਅਲੱਗ ਅਲੱਗ ਨੇ। ਕਿਧਰੇ ਕਦੇ ਕੋਈ ਦੋ ਮਨ ਇਕ ਹੋ ਜਾਂਦੇ ਨੇ, ਦੋ ਮਨੁੱਖਾਂ ਦੀ ਵਿਚਾਰਧਾਰਾ ਕਿਧਰੇ ਇਕ ਹੋ ਜਾਂਦੀ ਹੈ, ਪਰ ਸਾਰੇ ਸੰਸਾਰ ਦੀ ਵਿਚਾਰਧਾਰਾ ਇਕ ਨਹੀਂ ਹੋ ਸਕਦੀ। ਹਰ ਇਕ ਦਾ ਤਨ ਅਲੱਗ ਅਲੱਗ ਹੈ, ਹਰ ਇਕ ਦਾ ਮਨ ਅਲੱਗ ਅਲੱਗ ਹੈ। ਪਰ ਆਤਮਾ ਤਾਂ ਇੱਕੋ ਹੀ ਹੈ। ਧੰਨ ਗੁਰੂ ਨਾਨਕ ਦੇਵ ਜੀ ਕਹਿੰਦੇ ਨੇ ਕਿ ਹਰ ਇਕ ਦੇ ਅੰਦਰ ਆਤਮਾ ਦੇਖੋ, ਉਹ ਇਕ ਹੈ। ਆਪ ਜੀ ਦਾ ਸੰਦੇਸ਼ ਤੇ ਉਪਦੇਸ਼ ਇਕ ਹੈ। ਸਾਰੇ ਹੀ ਇਕ ਹੈ, ਸਾਰੇ ਹੀ ਇਕ ਨੇ, ਸਾਰਿਆਂ ਦਾ ਮਾਲਕ ਇਕ ਹੈ। ਤੋ ਜਾਤ ਅਲੱਗ ਅਲੱਗ ਨਹੀਂ ਹੋ ਸਕਦੀ, ਮਜ਼ਹਬ ਅਲੱਗ ਅਲੱਗ ਨਹੀਂ ਹੋ ਸਕਦੇ। ਸਾਰਿਆਂ ਦਾ ਵਰਣ ਧਰਮ ਭੇਖ ਇੱਕੋ ਹੈ ਔਰ ਉਹ ਪਰਮਾਤਮਾ ਦਾ ਸਰੂਪ ਹੈ। ਪਰਮਾਤਮਾ ਦਾ ਸਰੂਪ ਜੈਸਾ ਸਾਨੂੰ ਮਿਲਿਆ ਹੈ, ਉਸੇ ਰੂਪ ਵਿਚ ਆਪਣੇ ਆਪ ਨੂੰ ਰੱਖੋ ਔਰ ਆਪਣੇ ਅੰਦਰ ਭਾਵ ਰੱਖੋ ਕਿ ਸਿੱਖਣਾ ਹੈ, ਮੈਂ ਅਜੇ ਵੀ ਸਿੱਖਣਾ ਹੈ, ਮਰਦੇ ਦਮ ਤਕ ਸਿੱਖਣਾ ਹੈ। ਅਗਰ ਐਸਾ ਭਾਉ ਅੰਦਰ ਬਣਿਆ ਰਹੇ ਤੋ ਮਰਦੇ ਦਮ ਤਕ ਉਸਦੀ ਪਾਤਰਤਾ ਬਣੀ ਰਹਿੰਦੀ ਹੈ ਔਰ ਪਰਮਾਤਮਾ ਦੀਆਂ ਬਖ਼ਸ਼ਿਸ਼ਾਂ ਉਸ ਨੂੰ ਮਰਦੇ ਦਮ ਤਕ ਪ੍ਰਾਪਤ ਹੁੰਦੀਆਂ ਰਹਿੰਦੀਆਂ ਨੇ।

•



Sri Satguru Jagjit Singh Ji eLibrary NamdhariElibrary@gmail.com